
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 15
July 21, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਸਿੱਖ ਰਾਜ ਲਈ ਸੰਘਰਸ਼ ਨੂੰ ਦਰਸਾਉਂਦਾ ਸ. ਪ੍ਰਵਾਨਾ ਦਾ ਸਬੰਧਤ ਲੇਖ ਦੇਖੋ ਸਫਾ 23 'ਤੇ।



ਸਾਬਕਾ ਸਰਪੰਚ ਅਤੇ ਲੇਖਕ ਸ੍ਰੀ ਸੰਤੋਖ ਸਿੰਘ ਜੱਸੀ ਦਾ ਪਿੰਡ ਭਰੋ ਮਜਾਰਾ ਦੇ 37 ਡਾਕਟਰਾਂ ਸਬੰਧੀ ਵਿਸ਼ੇਸ ਲੇਖ ਅਤੇ ਤਸਵੀਰਾਂ ਦੇਖੋ ਸਫਾ 29 ਤੋਂ 32 'ਤੇ

# ਸਿੱਧੂ ਦੇ ਪ੍ਰਧਾਨ ਬਣਨ ਨਾਲ ਪੰਜਾਬ ਕਾਂਗਰਸ ਵਿਚ ਹਲਚਲ

## ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਾਲ 62 ਵਿਧਾਇਕ, 23 ਜੁਲਾਈ ਨੂੰ ਸੰਭਾਲਣਗੇ ਅਹੁਦਾ

**ਅੰਮ੍ਰਿਤਸਰ (ਬਿਊਰੋ)–** ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਤੋਂ ਬਾਅਦ ਹੁਣ ਨਵਜੋਤ ਸਿੰਘ ਸਿੱਧੂ ਸ਼ਕਤੀ ਪ੍ਰਦਰਬਨ ਕਰਨਾ ਆਰੰਭ ਕਰ ਚੁੱਕੇ ਹਨ। ਉਹ ਹਰੇਕ ਸ਼ਹਿਰ ਵਿਚ ਪਹੁੰਚ ਕੇ ਕਾਂਗਰਸ ਵਰਕਰਾਂ, ਵਿਧਾਇਕਾਂ ਨਾਲ ਮੁਲਾਕਾਤਾਂ ਕਰ ਰਹੇ ਹਨ। ਇੱਥੋਂ ਤੱਕ ਕਿ ਕੈਪਟਨ ਮੰਤਰੀ ਮੰਡਲ ਦੇ 5 ਮੰਤਰੀਆਂ ਨੇ ਜਦੋਂ ਨਵਜੋਤ ਸਿੰਘ ਸਿੱਧੂ ਨਾਲ ਮੁਲਾਕਾਤ ਕੀਤੀ ਤਾਂ ਕੈਪਟਨ ਖੇਮੇ ਵਿਚ ਹਲਚਲ ਆਰੰਭ ਹੋ ਗਈ ਹੈ। ਪੰਜਾਬ ਕਾਂਗਰਸ ਵਿਚ ਇਹ ਚਰਚਾ ਸਿਖਰ ਤੇ ਹੈ ਕਿ ਕੀ ਕੈਪਟਨ ਅਤੇ ਸਿੱਧੂ ਦਾ ਟਕਰਾਅ ਇਸੇ ਤਰ੍ਹਾਂ ਜਾਰੀ ਰਹੇਗਾ?

ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਮਗਰੋਂ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਣ ਸਮੇਂ ਕਾਂਗਰਸ 62 ਵਿਧਾਇਕ ਉਹਨਾਂ ਦੇ ਘਰ ਪੁੱਜੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੇ ਇਸ ਵਿਵਾਦ ਦੌਰਾਨ ਲਗਪਗ 62 ਕਾਂਗਰਸੀ ਵਿਧਾਇਕਾਂ ਦਾ ਸ੍ਰੀ ਸਿੱਧੂ ਦੇ ਨਾਲ ਖੜੇ ਹੋਣਾ ਉਹਨਾਂ ਲਈ ਵੱਡੀ ਤਾਕਤ ਅਤੇ ਸਮਰਥਨ ਦਾ ਪ੍ਰਗਟਾਵਾ ਹੈ। ਉਹਨਾਂ ਦੇ ਘਰ ਪੁੱਜੇ ਵਿਧਾਇਕਾਂ ਨੇ ਆਖਿਆ ਕਿ ਉਹ ਸਿੱਧੂ ਦੇ ਨਾਲ ਹਨ।

ਪੰਜਾਬ ਕਾਂਗਰਸ ਦਾ ਪੈਰਧਾਨ ਬਣਨ



ਮਗਰੋਂ ਅੰਮ੍ਰਿਤਸਰ ਪੁੱਜੇ ਨਵਜੋਤ ਸਿੱਧੂ ਦਾ ਕਾਂਗਰਸੀ ਸਮਰਥਕਾਂ ਨੇ ਪਟਾਕੇ ਚਲਾ ਕੇ, ਢੋਲ ਵਜਾ ਕੇ, ਫੁੱਲਾਂ ਦੇ ਹਾਰ ਪਾ ਕੇ ਅਤੇ ਸਿਰੋਪੇ ਪਾ ਕੇ ਨਿੱਘਾ ਸਵਾਗਤ ਕੀਤਾ। ਇਸ ਦੌਰਾਨ ਕੈਪਟਨ ਧੜੇ ਨਾਲ ਸਬੰਧਤ ਕਈ ਆਗੂਆਂ ਨੇ ਸਿੱਧੂ ਤੋਂ ਦੂਰੀ ਬਣਾ ਕੇ ਰੱਖੀ। ਬੁੱਧਵਾਰ ਬਾਅਦ ਦੁਪਹਿਰ ਜਦੋਂ ਸਿੱਧੂ ਦਾ ਕਾਫ਼ਲਾ ਅੰਮ੍ਰਿਤਸਰ ਪੁੱਜਾ ਤਾਂ ਮੀਂਹ ਦੇ ਬਾਵਜੂਦ ਉਹਨਾਂ ਦੇ ਸਮਰਥਕ ਵੱਡੀ ਗਿਣਤੀ ਵਿੱਚ ਬਾਈਪਾਸ ਨੇੜੇ ਗੋਲਡਨ ਗੇਟ ਕੋਲ ਪੁੱਜੇ ਹੋਏ ਸਨ। ਇਹ ਸਮਰਥਕ ਦੂਰ ਤੱਕ ਸੜਕ 'ਤੇ ਖੜੇ ਸਨ, ਜਿਸ ਕਾਰਨ ਇਲਾਕੇ ਵਿੱਚ ਆਵਾਜਾਈ ਜਾਮ ਹੋ ਗਈ। ਵੱਡੀ ਗਿਣਤੀ ਸਮਰਥਕਾਂ ਨੇ ਉਨੈਹਾਂ ਨੂੰ ਫੁੱਲਾਂ ਦੇ ਹਾਰ ਅਤੇ ਗੁਲਦਸਤੇ ਭੇਟ ਕੀਤੇ, ਕੁਝ ਨੇ ਫੁੱਲ ਪੱਤੀਆਂ ਦੀ ਵਰਖਾ ਕੀਤੀ ਅਤੇ ਕਈਆਂ ਨੇ ਨੋਟ ਵੀ ਸੁੱਟੇ। ਇਸ ਦੌਰਾਨ ਜ਼ੈਲੈਹਾ ਕਾਂਗਰਸ ਕਮੇਟੀ ਸ਼ਹਿਰੀ ਦੀ ਪੈਰਧਾਨ ਜਤਿੰਦਰ ਸੋਨੀਆ ਉਨੈਹਾਂ ਦੇ ਵਾਹਨ ਦੇ ਬੋਨਟ 'ਤੇ ਚੜ ਗਈ, ਜਿਸ ਨੇ ਫੁੱਲਾਂ ਦਾ ਹਾਰ ਤੇ ਸਿਰੋਪਾ ਭੇਟ ਕੀਤਾ। ਇੱਕ ਵਿਅਕਤੀ ਨੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਅਤੇ ਇੱਕ ਔਰਤ ਨੇ ਆਰਤੀ ਵਾਲੀ ਥਾਲੀ ਭੇਟ ਕਰਦਿਆਂ ਸ੍ਰੀ ਸਿੱਧੂ ਨੂੰ 'ਜੀ ਆਇਆਂ' ਆਖਿਆ। ਇਸ ਭਰਵੇਂ ਸਵਾਗਤ ਤੋਂ ਸਿੱਧੂ ਖੁਸ਼ ਨਜ਼ਰ ਆਏ। ਸ੍ਰੀ ਸਿੱਧੂ ਦੇ ਸਵਾਗਤ ਲਈ ਵੱਡੀ ਗਿਣਤੀ ਵਿੱਚ ਸਵਾਗਤੀ ਬੋਰਡ ਵੀ ਲਾਏ ਗਏ ਸਨ।



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional

CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

**Super Eyebrow Threading Now Open**

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।


EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਭਾਰਤ ਇਕ ਅਰਬ ਕੋਰੋਨਾ ਟੀਕੇ ਤਿਆਰ ਕਰੇਗਾ-ਭਾਰਤੀ ਰਾਜਦੂਤ ਸੰਧੂ

**ਸੈਕਰਾਮੈਂਟੋ 21 ਜੁਲਾਈ (ਹੁਸਨ ਲੜੋਆ ਬੰਗਾ)–** ਭਾਰਤੀ-ਅਮਰੀਕੀ ਭਾਈਚਾਰੇ ਦੀ ਇਕੱਤਰਤਾ ਦੌਰਾਨ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਭਾਰਤ ਵੱਲੋਂ ਡਾਕਟਰੀ ਖੇਤਰ ਵਿਚ ਕੀਤੀ ਜਾ ਰਹੀ ਪੈਰਗਤੀ ਬਾਰੇ ਚਾਨਣਾ ਪਾਇਆ। ਉਨਾਂ ਕਿਹਾ ਕਿ ਭਾਰਤ ਕੁਐਡ ਗਰੁੱਪੋ ਦੇ ਹਿੱਸੇ ਵਜੋਂ ਇਕ ਅਰਬ ਕੋਵਿਡ ਵੈਕਸੀਨ ਤਿਆਰ ਕਰੇਗਾ ਜਿਸ ਵਾਸਤੇ ਅਮਰੀਕਾ ਤਕਨੀਕੀ ਸਹਾਇਤਾ ਕਰੇਗਾ ਜਦ ਕਿ ਜਪਾਨ ਪੈਸਾ ਲਾਵੇਗਾ। ਵੱਡੀ ਪੱਧਰ ਉਪਰ ਟੀਕੇ ਬਣਾਉਣ ਵਿੱਚ ਆਸਟੈਰੇਲੀਆ ਵੀ ਲੋੜੀਂਦੀ ਮੱਦਦ ਕਰੇਗਾ। ਉਨਾਂ ਕਿਹਾ ਕਿ ਇਸ ਸਮੇ ਵਿਸ਼ਵ ਭਰ ਵਿਚ ਬਣ ਰਹੀਆਂ ਦਵਾਈਆਂ ਦਾ 60% ਹਿੱਸਾ ਭਾਰਤ ਤਿਆਰ ਕਰਦਾ ਹੈ। ਸਨਫਰਾਂਸਿਸਕੋ ਵੈਲੀ ਦੇ ਰਾਇਲ ਦਿੱਲੀ ਪੈਲਸ ਵਿਚ ਭਾਰਤੀ ਰਾਜਦੂਤ ਸੰਧੂ ਨਾਲ ਭਾਰਤੀ-ਅਮਰੀਕੀ ਭਾਈਚਾਰੇ ਦੀ ਮਿਲਣੀ ਇੰਡੀਆ ਐਸੋਸੀਏਸ਼ਨ ਆਫ ਲਾਸ ਏਂਜਲਸ ਦੇ ਚੇਅਰਮੈਨ ਸੁਨੀਲ ਅਗਰਵਾਲ ਤੇ ਹੋਰ ਅਹੁੱਦੇਦਾਰਾਂ ਦੇ ਯਤਨਾਂ ਸਦਕਾ ਸੰਭਵ ਹੋਈ। ਸੰਧੂ ਰਾਜਦੂਤ ਦਾ ਅਹੁੱਦਾ ਸੰਭਾਲਣ ਉਪਰੰਤ ਪਹਿਲੀ ਵਾਰ ਕੈਲੀਫੋਰਨੀਆ ਆਏ ਸਨ। ਸੰਧੂ ਨੇ ਕਿਹਾ ਕਿ ਭਾਰਤ ਵਿਚ ਹਾਲ ਹੀ ਵਿਚ ਫੈਲੀ ਕੋਵਿਡ ਮਹਾਮਾਰੀ ਦੌਰਾਨ ਭਾਰਤ ਤੇ ਅਮਰੀਕਾ




ਦੇ ਮਜਬੂਤ ਸਬੰਧ ਵੇਖਣ ਨੂੰ ਮਿਲੇ ਹਨ। ਰਾਸ਼ਟਰਪਤੀ ਜੋਅ ਬਾਇਡਨ ਨੇ ਪੈਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ ਕਰਕੇ ਫੌਰੀ ਮੱਦਦ ਦੀ ਪੇਸ਼ਕਸ਼ ਕੀਤੀ। ਅਮਰੀਕੀ ਸਨਅਤ ਨੇ 40 ਲੱਖ ਡਾਲਰ ਦੀ ਮੱਦਦ ਕੀਤੀ ਜਦ ਕਿ ਫੈਡੈਕਸ ਦੇ 4 ਜਹਾਜ਼ਾਂ ਵਿਚ ਅੱਤ ਜਰੂਰੀ ਮੈਡਕੀਲ ਸਾਜ ਸਮਾਨ ਭੇਜਿਆ ਗਿਆ। ਉਨਾਂ ਕਿਹਾ ਕਿ ਭਵਿੱਖ ਭਾਰਤ ਤੇ ਅਮਰੀਕਾ ਦੇ ਸਬੰਧਾਂ ਉਪਰ ਨਿਰਭਰ ਕਰਦਾ ਹੈ। ਸਨਫਰਾਂਸਿਸਕੋ ਸਥਿੱਤ ਭਾਰਤ ਦੇ ਕੌਂਸਲ ਜਨਰਲ ਡਾ ਨਾਗੇਂਦਰ ਪੈਰਸਾਦ ਨੇ ਆਪਣੇ ਸਬੋਧਨ ਵਿਚ ਕਿਹਾ ਕਿ ਭਾਰਤੀ ਰਾਜਦੂਤ ਅਮਰੀਕਾ ਦੇ ਬਣੇ ਹੋਏ ਫੌਜੀ ਹੈਲੀਕਾਪਟਰਾਂ ਦੀ ਸਪੁਰਦਗੀ ਲੈਣ ਲਈ ਕੈਲੀਫੋਰਨੀਆ ਆਏ ਹਨ ਜੋ ਹੈਲੀਕਾਪਟਰ ਭਾਰਤੀ ਸਮੁੰਦਰੀ ਫੌਜ ਦੇ ਹਵਾਲੇ ਕੀਤੇ ਜਾਣਗੇ। ਉਨਾਂ ਕਿਹਾ ਕਿ ਸਮਾਗਮ ਵਿਚ ਵੱਡੀ ਪੱਧਰ ਉਪਰ ਲੋਕਾਂ ਦੀ ਸ਼ਮੂਲੀਅਤ ਭਾਰਤੀਆਂ ਦੀ ਭਾਰਤ ਪੈਰਤੀ ਖਿੱਚ ਦਾ ਪੈਰਤੀਕ ਹੈ। ਉਨਾਂ ਕਿਹਾ ਕਿ ਕੌਂਸਲਖਾਨਾ ਭਾਰਤੀ-ਅਮਰੀਕੀਆਂ ਦੀ ਸੇਵਾ ਵਿਚ ਹਰ ਵੇਲੇ ਖੁਲਾ ਹੈ। ਸਮਾਗਮ ਨੂੰ ਕਾਂਗਰਸ ਦੇ ਮੈਂਬਰ ਬਰਾਡੇ ਸ਼ੇਰਮਨ ਤੇ ਜਿਮੀ ਗੋਮਜ ਨੇ ਵੀ ਸੰਬੋਧਨ ਕੀਤਾ। ਉਨਾਂ ਕਿਹਾ ਕਿ ਉਨਾਂ ਦੇ ਦਫਤਰ ਭਾਰਤੀ-ਅਮਰੀਕੀ ਭਾਈਚਾਰੇ ਦੀ ਲੋੜੀਂਦੀ ਸਹਾਇਤਾ ਕਰਨ ਵਾਸਤੇ ਹਮੇਸ਼ਾਂ ਤਿਆਰ ਹਨ।

## ਕੇਂਦਰ ਸਰਕਾਰ 'ਤੇ ਉਮਰ ਖਾਲਿਦ, ਅਨਿਰਬਾਨ ਸਣੇ ਕਈ ਕਾਰਕੁਨਾਂ ਦੀ ਜਾਸੂਸੀ ਦਾ ਇਲਜ਼ਾਮ

ਨਵੀਂ ਦਿੱਲੀ- ਇਜ਼ਰਾਇਲੀ ਸਪਾਈਵੇਅਰ ਪੈਗਾਸਸ ਦੀ ਮਦਦ ਨਾਲ ਜਿਨੈਹਾਂ ਭਾਰਤੀਆਂ ਦੀ ਜਾਸੂਸੀ ਕੀਤੀ ਗਈ, ਉਨੈਹਾਂ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ, ਅਨਿਰਬਾਨ ਭੱਟਾਚਾਰੀਆ, ਬੰਜਓਤਸਾਨਾ ਲਹਿਰੀ ਅਤੇ ਕਈ ਪੈਰਮੁੱਖ ਕਾਰਕੁਨਾਂ ਦੇ ਨਾਂ ਸ਼ਾਮਲ ਹਨ। ਕੌਮਾਂਤਰੀ ਮੀਡੀਆ ਸਮੂਹ ਦੀ ਰਿਪੋਰਟ ਵਿੱਚ ਅੱਜ ਇਹ ਦਾਅਵਾ ਕੀਤਾ ਗਿਆ ਹੈ।

ਨਿਊਜ਼ ਪੋਰਟਲ 'ਵਾਇਰ' ਨੇ ਆਪਣੀ ਤੀਜੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਅੰਬੇਦਕਰਵਾਦੀ ਕਾਰਕੁਨ ਅਸ਼ੋਕ ਭਾਰਤੀ, ਨਕਸਲ ਪੈਰਭਾਵਿਤ ਖੇਤਰ ਵਿੱਚ ਕੰਮ ਕਰ ਰਹੀ ਬੇਲਾ ਭਾਟੀਆ, ਰੇਲਵੇ ਯੂਨੀਅਨ ਆਗੂ ਸ਼ਿਵ ਗੋਪਾਲ ਮਿਸ਼ਰਾ ਅਤੇ ਦਿੱਲੀ ਦੇ ਕਿਰਤ ਅਧਿਕਾਰ ਕਾਰਕੁਨ ਅੰਜਨੀ ਕੁਮਾਰ ਦੀ ਵੀ ਜਾਸੂਸੀ ਕੀਤੀ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਪੈਗਾਸਸ ਸਪਾਈਵੇਅਰ ਰਾਹੀਂ ਨਜ਼ਰ ਰੱਖੇ ਜਾਣ ਵਾਲੇ ਵਿਅਕਤੀਆਂ ਦੀ ਸੂਚੀ ਵਿੱਚ ਕੋਲਾ ਖਾਣਾਂ ਦਾ ਵਿਰੋਧ ਕਰਨ ਵਾਲੇ ਕਾਰਕੁਨ ਅਲੋਕ ਸ਼ੁਕਲਾ, ਦਿੱਲੀ ਯੂਨੀਵਰਸਿਟੀ ਦੇ ਪੈਰੋਫੈਸਰ ਸਰੋਜ ਗਿਰੀ, ਬਸਤਰ ਦੇ ਸ਼ਾਂਤੀ ਕਾਰਕੁਨ ਸ਼ੁਭਰਾਂਸ਼ੂ ਚੌਧਰੀ ਅਤੇ ਬਿਹਾਰ ਦੇ ਕਾਰਕੁਨ ਇਪਸਾ ਸਾਕਸ਼ੀ ਸ਼ਾਮਲ ਹਨ। ਪੈਗਾਸਸ ਸਪਾਈਵੇਅਰ ਇਜ਼ਰਾਈਲ ਦੀ ਕੰਪਨੀ ਐੱਨਐੱਸਓ ਨੇ ਤਿਆਰ ਕੀਤਾ ਹੈ। ਹਾਲਾਂਕਿ ਕੇਂਦਰ ਸਰਕਾਰ ਪੈਗਾਸਸ ਸਾਫਟਵੇਅਰ ਰਾਹੀਂ ਭਾਰਤੀ ਨਾਗਰਿਕਾਂ ਦੀ ਜਾਸੂਸੀ ਕਰਨ ਸਬੰਧੀ ਰਿਪੋਰਟਾਂ ਨੂੰ ਰੱਦ ਕਰ ਚੁੱਕੀ ਹੈ। ਕੇਂਦਰ ਸਰਕਾਰ ਨੇ ਕਿਹਾ ਕਿ ਇਹ ਦੋਸ਼ ਸੰਸਦ ਦੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਤੋਂ ਐਨ ਪਹਿਲਾਂ ਲਾਏ ਗਏ ਹਨ, ਜੋ ਇਤਫ਼ਾਕ ਨਹੀਂ ਹੋ ਸਕਦੇ।

ਇਸ ਦਾ ਮਕਸਦ ਭਾਰਤੀ ਲੋਕਤੰਤਰ ਦੇ ਅਕਸ ਨੂੰ ਨੁਕਸਾਨ ਪਹੁੰਚਾਉਣਾ ਹੈ। ਅਸ਼ੋਕ ਭਾਰਤੀ ਆਲ ਇੰਡੀਆ ਅੰਬੇਦਕਰ ਮਹਾਸਭਾ ਦੇ ਚੇਅਰਮੈਨ ਹਨ।

ਟਸਐਪ ਨੇ ਵੀ ਸਾਲ 2019 ਵਿੱਚ ਕਾਰਕੁਨਾਂ ਸਰੋਜ ਗਿਰੀ, ਬੇਲਾ ਭਾਟੀਆ, ਅਲੋਕ ਸ਼ੁਕਲਾ ਅਤੇ ਸ਼ੁਭਰਾਂਸ਼ੂ ਚੌਧਰੀ ਨੂੰ ਪੈਗਾਸਸ ਸਾਫਟਵੇਅਰ ਰਾਹੀਂ ਨਿਸ਼ਾਨਾ ਬਣਾਏ ਜਾਣ ਦਾ ਜ਼ਿਕਰ ਕੀਤਾ ਸੀ। ਉਮਰ ਖਾਲਿਦ ਅਤੇ ਅਨਿਰਬਨ ਭੱਟਾਚਾਰੀਆ ਜੇਐੱਨਯੂ ਦੇ ਸਾਬਕਾ ਵਿਦਿਆਰਥੀ ਹਨ। ਦੋਵੇਂ ਦੇਸ਼ਧੈਰੋਹ ਦੇ ਕੇਸ ਦਾ ਸਾਹਮਣਾ ਕਰ ਰਹੇ ਹਨ। 'ਵਾਇਰ' ਨੇ ਇਹ ਰਿਪੋਰਟ 16 ਹੋਰ ਆਲਮੀ ਮੀਡੀਆ ਸੰਸਥਾਵਾਂ ਨਾਲ ਮਿਲ ਕੇ ਜਨਤਕ ਕੀਤੀ ਹੈ।

## ਜਾਸੂਸੀ ਦੇ ਮੁੱਦੇ 'ਤੇ ਵਿਰੋਧੀ ਧਿਰਾਂ ਵੱਲੋਂ ਸਰਕਾਰ 'ਤੇ ਹਮਲੇ

**ਨਵੀਂ ਦਿੱਲੀ–** ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਨੇ ਅੱਜ ਇਜ਼ਰਾਇਲੀ ਸਪਾਈਵੇਅਰ ਪੈਗਾਸਸ ਰਾਹੀਂ ਕਈ ਅਹਿਮ ਲੋਕਾਂ ਦੀ ਕਥਿਤ ਤੌਰ 'ਤੇ ਜਾਸੂਸੀ ਕਰਵਾਉਣ ਦੇ ਮਾਮਲੇ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਤੇ ਇਸ ਮਾਮਲੇ ਦੀ ਆਜ਼ਾਦਾਨਾ ਜਾਂਚ ਕਰਵਾਉਣ ਦੀ ਮੰਗ ਕੀਤੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪੈਰਧਾਨ ਮੰਤਰੀ 'ਤੇ ਇਸ ਮਾਮਲੇ ਨੂੰ ਲੈ ਕੇ ਤਨਜ਼ ਕੀਤਾ। ਉਨੈਹਾਂ ਟਵੀਟ ਕੀਤਾ, 'ਅਸੀਂ ਜਾਣਦੇ ਹਾਂ ਕਿ ਉਹ ਤੁਹਾਡੇ ਫੋਨ 'ਚ ਸਭ ਕੁਝ ਪੜੈਹ ਰਹੇ ਹਨ।' ਕਾਂਗਰਸ ਦੀ ਜਨਰਲ ਸਕੱਤਰ ਪੈਰਿਯੰਕਾ ਗਾਂਧੀ ਵਾਡਰਾ ਨੇ ਟਵੀਟ ਕੀਤਾ, 'ਜੇਕਰ ਇਹ ਸਹੀ ਹੈ ਤਾਂ ਮੋਦੀ ਸਰਕਾਰ ਨੇ ਨਿੱਜਤਾ ਦੇ ਅਧਿਕਾਰ 'ਤੇ ਭਿਆਨਕ ਹਮਲਾ ਸ਼ੁਰੂ ਕਰ ਦਿੱਤਾ ਹੈ। ਇਹ ਲੋਕਤੰਤਰ ਦਾ ਅਪਮਾਨ ਹੈ ਅਤੇ ਸਾਡੀ ਆਜ਼ਾਦੀ 'ਤੇ ਵੀ ਇਸ ਦੇ ਕਈ ਮਾੜੇ ਪੈਰਭਾਵ ਹਨ।' ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਪੱਤਰਕਾਰਾਂ ਨੂੰ ਕਿਹਾ, 'ਭਾਜਪਾ ਹੁਣ ਭਾਰਤੀ ਜਾਸੂਸ ਪਾਰਟੀ ਬਣ ਗਈ ਹੈ। ਰਾਹੁਲ ਗਾਂਧੀ ਤੇ ਕਈ ਵਿਰੋਧੀ ਨੇਤਾਵਾਂ, ਮੀਡੀਆ ਸਮੂਹਾਂ, ਜੱਜਾਂ ਤੇ ਕਈ ਅਹਿਮ ਹਸਤੀਆਂ ਦੀ ਜਾਸੂਸੀ ਕਰਵਾਈ ਗਈ।' ਉਨੈਹਾਂ ਕਿਹਾ ਕਿ ਇਸ ਮਾਮਲੇ 'ਚ ਗੈਰਹਿ ਮੰਤਰੀ ਅਮਿਤ ਸ਼ਾਹ ਨੂੰ ਅਸਤੀਫਾ ਦੇਣਾ ਚਾਹੀਦਾ ਹੈ ਜਾਂ ਫਿਰ ਉਨੈਹਾਂ ਨੂੰ ਬਰਖਾਸਤ ਕੀਤਾ ਜਾਵੇ ਅਤੇ ਪੈਰਧਾਨ ਮੰਤਰੀ ਨਰਿੰਦਰ ਮੋਦੀ ਦੀ ਭੂਮਿਕਾ ਦੀ ਜਾਂਚ ਹੋਣੀ ਚਾਹੀਦੀ ਹੈ। ਪਾਰਟੀ ਦੇ ਸੀਨੀਅਰ ਆਗੂ ਸ਼ਸ਼ੀ ਥਰੂਰ ਨੇ ਕਿਹਾ ਕਿ ਇਹ ਮੁੱਦਾ ਕੌਮੀ ਸੁਰੱਖਿਆ ਲਈ ਚਿੰਤਾ ਦਾ ਵਿਸ਼ਾ ਹੈ ਤੇ ਇਸ ਦੀ ਆਜ਼ਾਦਾਨਾ ਢੰਗ ਨਾਲ ਜਾਂਚ ਹੋਣੀ ਚਾਹੀਦੀ ਹੈ। ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਅਮਿਤ ਸ਼ਾਹ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਲੋਕ ਸਭਾ 'ਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਮੋਦੀ ਜੀ ਡਿਜੀਟਲ ਇੰਡੀਆ ਦਾ ਪ੍ਰਚਾਰ ਕਰਦੇ ਹਨ ਪਰ ਅਸੀਂ ਨਿਗਰਾਨ ਭਾਰਤ ਦੇਖ ਰਹੇ ਹਾਂ। ਸੀਪੀਆਈ (ਐੱਮ) ਨੇ ਕਿਹਾ ਕਿ ਦੋ ਸਾਲ ਪਹਿਲਾਂ ਉਸ ਨੇ ਜਾਸੂਸੀ ਦਾ ਇਹ ਮੁੱਦਾ ਸੰਸਦ 'ਚ ਚੁੱਕਿਆ ਸੀ ਅਤੇ ਮੋਦੀ ਸਰਕਾਰ ਨੇ ਆਪਣੇ ਜਵਾਬ 'ਚ ਇਹ ਗੱਲ ਪੂਰੀ ਤਰਾਂ ਖਾਰਜ ਨਹੀਂ ਕੀਤੀ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੂੰ ਪੰਜਾਬ ਹਾਕੀ ਦਾ ਮੀਤ ਪ੍ਰਧਾਨ ਬਣਨ ਤੇ ਵਧਾਈਆਂ

**ਲੁਧਿਆਣਾ –** 1984 ਲਾਸ ਏਂਜਲਸ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦੀ ਪ੍ਰਤੀਨਿੱਧਤਾ ਕਰਨ ਵਾਲੇ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਜੋ 1983 ਤੋਂ ਲੈ ਕੇ 1990 ਤਕ ਭਾਰਤੀ ਹਾਕੀ ਟੀਮ ਦੇ ਸੈਂਟਰ ਹਾਫ ਦੀ ਪੁਜ਼ੀਸ਼ਨ ਤੇ ਖੇਡਣ ਵਾਲੇ ਪੈਰਮੁੱਖ ਮੈਂਬਰ ਨੂੰ ਪੰਜਾਬ ਹਾਕੀ ਦਾ ਮੀਤ ਪੈਰਧਾਨ ਬਣਨ ਤੇ ਵੱਖ ਵੱਖ ਖੇਡ ਸੰਸਥਾਵਾਂ ਨੇ ਆਪਣੇ ਵਧਾਈ ਸੰਦੇਸ਼ ਭੇਜੇ ਹਨ ।

ਓਲੰਪੀਅਨ ਹਰਦੀਪ ਸਿੰਘ ਗਰੇਵਾਲ ਜਿਨੈਹਾਂ ਨੇ ਓਲੰਪਿਕ ਖੇਡਾਂ ਤੋਂ ਇਲਾਵਾ 1986 ਸਿਓਲ ਏਸ਼ੀਅਨ ਖੇਡਾਂ ਅਤੇ 2 ਵਿਸ਼ਵ ਕੱਪ ਹਾਕੀ ਮੁਕਾਬਲੇ 1986 ਲੰਡਨ ਵਿਸ਼ਵ ਕੱਪ ਅਤੇ 1990 ਲਾਹੌਰ ਵਿਸ਼ਵ ਕੱਪ ਹਾਕੀ ਤੋਂ ਇਲਾਵਾ 1983, 1985 ਅਤੇ 1986 ਚੈਂਪੀਅਨਜ਼ ਟਰਾਫੀ ਅਤੇ ਹੋਰ ਪੈਰਮੁੱਖ ਟੂਰਨਾਮੈਂਟਾਂ ਵਿਚ ਹਿੱਸਾ ਲਿਆ । ਹਰਦੀਪ ਸਿੰਘ ਗਰੇਵਾਲ ਨੇ 1986 ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਵਿੱਚ ਭਾਰਤ ਦੇ ਚੈਂਪੀਅਨ ਬਣਨ ਵਿਚ ਅਹਿਮ ਭੂਮਿਕਾ ਨਿਭਾਈ ਸੀ । ਓਹ ਆਲ ਏਸ਼ੀਅਨ ਸਟਾਰ ਹਾਕੀ ਟੀਮ ਦੇ ਮੈਂਬਰ ਵੀ ਰਹੇ ਹਨ । ਇਸ ਤੋਂ ਇਲਾਵਾ ਹਰਦੀਪ ਸਿੰਘ ਗਰੇਵਾਲ ਕੌਮੀ ਪੱਧਰ ਤੇ ਇੰਡੀਅਨ ਏਅਰਲਾਈਨਜ਼ ਅਤੇ




ਨਾਮਧਾਰੀ ਹਾਕੀ ਟੀਮ ਵੱਲੋਂ ਲੰਬਾ ਅਰਸਾ ਖੇਡਦੇ ਰਹੇ ਹਨ । ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੇ ਜਿੱਥੇ ਬਤੌਰ ਓਲੰਪੀਅਨ ਖਿਡਾਰੀ ਵਜੋਂ ਆਪਣੀ ਵਧੀਆ ਸੇਵਾਵਾਂ ਨਿਭਾਈਆਂ ਹਨ ਉੱਥੇ ਉਹ ਲੰਬੇ ਅਰਸੇ ਤੋਂ ਨਾਮਧਾਰੀ ਹਾਕੀ ਟੀਮ ਅਤੇ ਜਰਖੜ ਹਾਕੀ ਅਕੈਡਮੀ ਦੇ ਨਾਲ ਇਕ ਪੈਰਬੰਧਕ ਵਜੋਂ ਜੁੜੇ ਹੋਏ ਹਨ। ਓਲੰਪੀਅਨ ਹਰਦੀਪ ਸਿੰਘ ਗਰੇਵਾਲ ਆਪਣਿਆਂ ਅਹਿਮ ਪੈਰਾਪਤੀਆਂ ਦਾ ਸਿਹਰਾ ਹਮੇਸ਼ਾ ਹੀ ਕੋਚ ਬਾਲਕੈਰਿਸ਼ਨ ਸਿੰਘ ਗਰੇਵਾਲ ਅਤੇ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਨੂੰ ਹੀ ਦਿੰਦੇ ਹਨ ।

ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੂੰ ਪੰਜਾਬ ਹਾਕੀ ਦਾ ਓਪ ਪੈਰਧਾਨ ਬਣਾਏ ਜਾਣ ਤੇ ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਠਾਕੁਰ ਉਦੈ ਸਿੰਘ, ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ , ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ , ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ ਪੈਰਧਾਨ ਐਡਵੋਕੇਟ ਹਰਕਮਲ ਸਿੰਘ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਯਾਦਵਿੰਦਰ ਸਿੰਘ ਤੂਰ , ਕੋਚ ਹਰਮਿੰਦਰਪਾਲ ਸਿੰਘ ਪੱਪੂ , ਹੁਕਮ ਸਿੰਘ ਹੁੱਕੀ , ਗੁਰਸਤਿੰਦਰ ਸਿੰਘ ਪਰਗਟ, ਜਰਖੜ ਹਾਕੀ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਕਿਲੈਹਾ ਰਾਏਪੁਰ ਅਤੇ ਮੋਹਣਾਂ ਜੋਧਾਂ ਸਿਆਟਲ ਤੋਂ ਇਲਾਵਾ ਸੁਰਜੀਤ ਹਾਕੀ ਸੁਸਾਇਟੀ ਦੇ ਸਕੱਤਰ ਇਕਬਾਲ ਸਿੰਘ ਸੰਧੂ ਸਾਬਕਾ ਪੀ ਸੀ ਐਸ ਅਧਿਕਾਰੀ , ਸੁਰਿੰਦਰ ਸਿੰਘ ਭਾਪਾ ਨੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਕਾਮਯਾਬੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ ਇਸ ਤੋਂ ਇਲਾਵਾ ਉਕਤ ਸੰਸਥਾਵਾਂ ਨੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਲਖਵਿੰਦਰ ਸਿੰਘ ਲੱਖਾ ,ਅਮਰੀਕ ਸਿੰਘ ਪਵਾਰ, ਸੁਰਿੰਦਰ ਸਿੰਘ ਬਿੱਲਾ ਨੂੰ ਵੀ ਪੰਜਾਬ ਹਾਕੀ ਦਾ ਮੀਤ ਪੈਰਧਾਨ ਬਣਾਏ ਜਾਣ ਤੇ ਵਧਾਈ ਦਿੱਤੀ । ਜਰਖੜ ਹਾਕੀ ਅਕੈਡਮੀ ਦੇ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਆਖਿਆ ਕਿ ਓਲੰਪੀਅਨ ਹਰਦੀਪ ਸਿੰਘ ਗਰੇਵਾਲ , ਓਲੰਪੀਅਨ ਰਜਿੰਦਰ ਸਿੰਘ , ਲਖਵਿੰਦਰ ਸਿੰਘ ਲੱਖਾ, ਅਮਰੀਕ ਸਿੰਘ ਪਵਾਰ ਅਤੇ ਸਵਿੰਦਰ ਸਿੰਘ ਬਿੱਲਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕਰੇਗੀ ।

# ਸਿਆਟਲ ਵਿਚ ਫੁਲਕਾਰੀ ਤੀਆਂ ਦਾ ਮੇਲਾ 8 ਅਗਸਤ ਨੂੰ ਵਿਲਸਨ ਪਲੇਅ ਫੀਲਡ ਕੈਂਟ ’ਚ ਹੋਵੇਗਾ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਆਬਾਦੀ ਵਾਲੇ ਸ਼ਹਿਰ ਕੈਂਟ ਦੇ ਵਿਲਸਨ ਪਲੇਅ ਫੀਲਡ ਦੇ ਖੁੱਲ੍ਹੇ ਮੈਦਾਨ ਵਿਚ 8 ਅਗਸਤ 4 ਤੋਂ 8 ਵਜੇ ਤੱਕ ਫੁਲਕਾਰੀ ਤੀਆਂ ਦਾ ਮੇਲਾ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਜਿੱਥੇ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ, ਸਗੋਂ ਦਾਨੀ ਸੱਜਣ ਵੱਲੋਂ






ਮੁਫਤ ਰੀਫ੍ਰੈਸ਼ਮੈਂਟ ਦੀ ਸੇਵਾ ਕੀਤੀ ਜਾਵੇਗੀ। ਮੁੱਖ ਪ੍ਰਬੰਧਕ ਰਾਜਪ੍ਰੀਤ ਕੌਰ ਮੱਲੀ ਤੇ ਗੁਰਦੀਪ ਕੌਰ ਝੱਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਸਾਲ ਕੋਵਿਡ ਮਹਾਂਮਾਰੀ ਕਾਰਨ ਤੀਆਂ ਦਾ ਮੇਲਾ ਆਯੋਜਿਤ ਨਹੀਂ ਹੋ ਸਕਿਆ। ਜਿਸ ਕਰਕੇ ਇਯ ਸਾਲ ਬੀਬੀਆਂ, ਬੱਚਿਆਂ ਤੇ ਮਾਵਾਂ ਵਿਚ ਭਾਰੀ ਉਤਸ਼ਾਹ ਨਜ਼ਰ ਆ ਰਿਹਾ ਹੈ। ਵੱਖ-ਵੱਖ ਸਟਾਲ ਲਾਉਣ ਲਈ ਰਾਜਪ੍ਰੀਤ ਕੌਰ ਮੱਲੀ (509-485-4001) ਅਤੇ ਗੁਰਦੀਪ ਕੌਰ (206-335-7618) ਨਾਲ ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕੀਤਾ ਜਾ ਸਕਦਾ ਹੈ। ਪੰਜਾਬ ਦੀਆਂ ਤੀਆਂ ਵਾਂਗ ਨੱਚਣ, ਗਾਉਣ ਤੇ ਡੀ. ਜੇ. ਨਾਲ ਖੂਬ ਮਨੋਰੰਜਨ ਹੋਵੇਗਾ। ਦੂਰ-ਦੂਰ ਤੋਂ ਦਰਸ਼ਕ ਤੀਆਂ ’ਚ ਭਾਗ ਲੈਣ ਲਈ ਬੀਬੀਆਂ, ਮਾਤਾਵਾਂ ਤੇ ਬੱਚੀਆਂ ਬੜੇ ਉਤਸ਼ਾਹ ਨਾਲ ਪਹੁੰਚ ਰਹੀਆਂ ਹਨ, ਜਿੱਥੇ ਕੇਵਲ ਔਰਤਾਂ ਹੀ ਹੋਣਗੀਆਂ। ਬੱਚਿਆਂ ਦਾ ਖੇਡ ਕੈਂਪ ਥੱਲੇ ਗਰਾਊਂਡ ਨੰ 3 ਵਿਚ ਚੱਲੇਗਾ। ਬੱਚੀਆਂ ਨੂੰ ਤੀਆਂ ਦਾ ਮੇਲਾ ਵੇਖਣ ਲਈ ਕੰਮ ਤੋਂ ਛੁੱਟੀ ਹੋਵੇਗੀ। ਸਕਿਊਰਟੀ ਦਾ ਵਿਸ਼ੇਸ਼ ਇੰਤਜ਼ਾਮ ਹੋਵੇਗਾ। ਫੁਲਕਾਰੀ ਤੀਆਂ ਦੇ ਮੇਲੇ ’ਤੇ ਪਹੁੰਚਣ ਲਈ ਬੀਬੀਆਂ, ਮਾਤਾਵਾਂ ਤੇ ਬੱਚੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ।







# ਸਿੱਖਸ ਆਫ ਅਮਰੀਕਾ ਨੇ ਅਮਰੀਕਨ ਸਿਆਸਤਦਾਨ ਆਇਸ਼ਾ ਖਾਨ ਨੂੰ ਦਿੱਤਾ ਸਮਰਥਨ

## ਸਾਊਥ ਏਸ਼ੀਆ ਕਮਿਊਨਿਟੀ ਦੀ ਉਮੀਦਵਾਰ ਹੈ, ਆਇਸ਼ਾ ਖਾਨ ਜਿਸ ਨੇ ਮੈਰੀਲੈਂਡ ਸੂਬੇ ਦੀ ਅਸੈਬਲੀ ਲਈ ਚੋਣ ਲੜਨ ਦਾ ਕੀਤਾ ਐਲਾਨ













**ਮੈਰੀਲੈਂਡ, 18 ਜੁਲਾਈ (ਰਾਜ ਗੋਗਨਾ)** ਸਾਊਥ ਏਸ਼ੀਆ ਕਮਿਊਨਿਟੀ ਦੀ ਉਮੀਦਵਾਰ ਆਈਸ਼ਾ ਖਾਨ ਨੇ ਮਾਰਟਿਨਸ ਵੈਸਟ ਬਾਲਟੀਮੋਰ ਵਿੱਚ ਇਕ ਵਿਸ਼ਾਲ ਪ੍ਰੋਗਰਾਮ ਆਯੋਜਿਤ ਕੀਤਾ ਅਤੇ ਆਪਣੀ ਉਮੀਦਵਾਰੀ ਦਾ ਐਲਾਨ ਵੀ ਕੀਤਾ। ਮੈਰੀਲੈਂਡ ਸਟੇਟ ਦੇ ਕੰਪਟਰੌਲਰ ਪੀਟਰ ਫਰੈਂਨਚੋਟ ਮੁਸਲਿਮ ਆਫ ਅਮਰੀਕਾ ਦੇ ਚੇਅਰਮੈਨ ਸਾਜਿਦ ਅਤੇ ਤੇ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਅਤੇ ਕਈ ਹੋਰ ਦਿਗਜ ਨੇਤਾਵਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।

ਸਿੱਖਸ ਆਫ ਅਮਰੀਕ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਜਦ ਵੀ ਸਾਊਥ ਏਸ਼ੀਆ ਕਮਿਊਨਿਟੀ ਦਾ ਕੋਈ ਉਮੀਦਵਾਰ ਚੋਣ ਲੜ ਰਿਹਾ ਹੋਵੇ ਤਾਂ ਸਾਨੂੰ ਪਾਰਟੀ ਪੱਧਰ ਤੋ ਉੱਪਰ ਉੱਠ ਕੇ ਭਾਵ ਕਿ ਭਾਵੇਂ ਅਸੀਂ ਭਾਵੇਂ ਰਿਪਬਲਿਕਨ ਹੋਈਏ ਜਾਂ ਡੈਮੋਕੇਟ੍ਰਿਕ ਸਾਨੂੰ ਸਾਊਥ ਏਸ਼ੀਆ ਮੂਲ ਦੇ ਉਮੀਦਵਾਰ ਦਾ ਸਮਰਥਨ ਕਰਨਾ ਚਾਹੀਦਾ ਹੈ।

ਮੁਸਲਿਮ ਆਫ ਅਮਰੀਕਾ ਦੇ ਚੇਅਰਮੈਨ ਸਾਜਿਦ ਤਰਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਇਸ਼ਾ ਖਾਨ ਦੀ ਜਿੱਤ ਲਈ ਹਰ ਤਰਾਂ ਦੀ ਮਦਦ ਕਰਨੀ ਚਾਹੀਦੀ ਹੈ।

ਸਿੱਖਸ ਆਫ ਅਮਰੀਕਾ ਦੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਅਤੇ ਬੋਰਡ ਆਫ ਡਾਇਰੈਕਟਰ ਗੁਰਚਰਨ ਸਿੰਘ ਵਰਲਡ ਬੈਂਕ ਨੇ ਆਇਸ਼ਾ ਖਾਨ ਨੂੰ ਉਸ ਦੀ ਜਿੱਤ ਲਈ ਸੂਭਕਾਮਨਾਵਾਂ ਦਿੱਤੀਆਂ।

# ਫਰਿਜਨੋ ਵਿਖੇ ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ ਉਡਾਰੀਆਂ ਅਤੇ ਸਾਧੂ ਸਿੰਘ ਸੰਘਾ ਦਾ ਨਾਵਲ ਤਿੜਕਦੀ ਹਵੇਲੀ ਲੋਕ ਅਰਪਣ

**ਸੈਕਰਾਮੈਂਟੋ, ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ)–** ਫਰਿਜਨੋ ਦੇ ਨੌਰਥ ਪੁਆਇੰਟ ਈਵੈਂਟ ਸੈਂਟਰ (ਕਰੀ ਹਾਊਸ ਰੈਸਟੋਰੈਂਟ) ਵਿਖੇ ਸਥਾਨਿਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ "ਇੰਡੋ– ਯੂ.ਐਸ. ਏ. ਹੈਰੀਟੇਜ਼ ਫਰਿਜਨੋ ਵੱਲੋਂ ਸਾਧੂ ਸਿੰਘ ਸੰਘਾ ਦਾ ਨਾਵਲ "ਤਿੜਕਦੀ ਹਵੇਲੀ" ਅਤੇ ਰਣਜੀਤ ਗਿੱਲ ਦਾ ਪਲੇਠਾ ਕਾਵਿ ਸੰਗੈਰਹਿ "ਉਡਾਰੀਆਂ" ਲੋਕ ਅਰਪਣ ਕੀਤੇ ਗਏ। ਇਹ ਸਮਾਗਮ ਉੱਘੇ ਕਾਰੋਬਾਰੀ ਚਰਨਜੀਤ ਸਿੰਘ ਬਾਠ ਵੱਲੋਂ ਸਪਾਂਸਰ ਕੀਤਾ ਗਿਆ।

ਇਸ ਮੌਕੇ ਪੰਜਾਬੀ ਸਹਿਤ ਸਭਾ ਕੈਲੀਫੋਰਨੀਆ ਦੇ ਮੈਂਬਰ ਉਚੇਚੇ ਤੌਰ ਤੇ ਸੈਕਰਾਮੈਂਟੋ ਤੋਂ ਪਹੁੰਚੇ ਹੋਏ ਸਨ। ਇਸ ਮੌਕੇ ਮੁੱਖ ਮਹਿਮਾਨ ਡਾਕਟਰ ਪਿਰਥੀਪਾਲ ਸਿੰਘ ਸੋਹੀ ਅਤੇ ਪੈਰੋਫੈਸਰ ਹਰਿੰਦਰ ਕੌਰ ਸੋਹੀ ਸਰੀ ਕਨੇਡਾ ਤੋਂ ਘੁੰਡ ਚੁਕਾਈ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਖ਼ਾਸ ਸੱਦੇ ਤੇ ਆਏ ਹੋਏ ਸਨ। ਇਹ ਦੋਵੇਂ ਕਿਤਾਬਾਂ ਲੋਕਲ ਸ਼ਾਇਰਾਂ, ਸਾਹਿਤਕਾਰਾਂ, ਪੱਤਰਕਾਰਾਂ ਅਤੇ ਰੇਡੀਓ ਹੋਸਟਾਂ ਦੀ ਹਾਜ਼ਰੀ ਵਿੱਚ ਫਰਿਜਨੋ ਦੇ ਪਤਵੰਤਿਆਂ ਵੱਲੋਂ ਲੋਕ ਅਰਪਣ ਕੀਤੀਆ ਗਈਆਂ। ਪੈਰੋ–ਗਰਾਮ ਦਾ ਆਗਾਜ਼ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਸ਼ਾਇਰਾਨਾਂ ਅੰਦਾਜ਼ ਵਿੱਚ ਕੀਤਾ।

ਉਪਰੰਤ ਸਾਧੂ ਸਿੰਘ ਸੰਘਾ ਨੇ ਆਏ ਸੱਜਣਾਂ ਦਾ ਸਵਾਗਤ ਕੀਤਾ ਅਤੇ ਵਾਰੋ ਵਾਰੀ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪਰਿਥੀਪਾਲ ਸਿੰਘ ਸੋਹੀ ਨੂੰ ਸਟੇਜ਼ 'ਤੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਪੈਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪੈਰਿਥੀਪਾਲ ਸੋਹੀ ਨੇ ਦੋਵਾਂ ਕਿਤਾਬਾਂ ਤੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਕਿਹਾ ਕਿ ਸਰਲ ਭਾਸ਼ਾ ਵਿੱਚ ਲਿਖੀਆਂ ਇਹ ਦੋਵੇਂ ਕਿਤਾਬਾਂ ਸਾਨੂੰ ਸਾਰਿਆ ਨੂੰ ਜ਼ਰੂਰ ਪੜੈਹਨੀਆਂ ਚਾਹੀਦੀਆਂ ਹਨ।

ਉਹਨਾਂ ਕਿਹਾ ਕਿ ਜਦੋ ਅਸੀਂ ਰਣਜੀਤ ਗਿੱਲ ਦੀ ਪੁਸਤਕ ਉਡਾਰੀਆਂ ਪੜੈਹਦੇ ਹਾਂ ਤਾਂ ਇੰਝ ਲਗਦਾ ਹੈ ਕਿ ਜਿਵੇਂ ਇਨਕਲਾਬੀ ਰੰਗ ਵਿੱਚ ਰੰਗਿਆ ਰਣਜੀਤ ਗਿੱਲ ਸੰਤਰਾਮ ਉਦਾਸੀ ਤੇ ਅਵਤਾਰ ਪਾਸ਼ ਦੇ ਵਿਚਕਾਰ ਆ ਖੜੋਤਾ ਹੋਵੇ। ਇਸੇ ਤਰੀਕੇ ਸਾਧੂ ਸਿੰਘ ਸੰਘਾ ਦੇ ਨਾਵਲ ਤਿੜਕਦੀ ਹਵੇਲੀ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹ ਨਾਵਲ 1925 ਤੋ ਲੈਕੇ ਗਰੀਨ ਰੈਵੂਲਲੇਸ਼ਨ ਤੱਕ ਦੀ ਦੋ ਪੀੜੀਆਂ ਦੀ ਕਹਾਣੀ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਰਿਸ਼ਤਿਆਂ ਦੇ ਤਿੜਕਣ ਨਾ.ਲ , ਹਵੇਲੀ ਵੀ ਤਿੜਕਦੀ ਹੈ।

ਇਸ ਮੌਕੇ ਇੰਡੋ ਯੂ ਐਸ ਏ ਹੈਰੀਟੇਜ਼ (ਫਰਿਜ਼ਨੋ) ਦੇ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ। ਰਣਜੀਤ ਗਿੱਲ ਅਤੇ ਸਾਧੂ ਸਿੰਘ ਸੰਘਾ ਨੇ ਜਸਵਿੰਦਰ ਸਿੰਘ (ਨਿਊ ਇੰਡੀਆ ਸਵੀਟਸ ਐਂਡ ਸਪਾਈਸਜ਼ ) ਜਗੀਰ ਸਿੰਘ ਗਿੱਲ ( ਗਿੱਲ ਕੈਰੀਅਰ), ਤੇ ਹਰਮਨ ਬਾਵਾ ਜੀ ਦਾ, ਵਿਸ਼ੇਸ਼ ਪਰਬੰਧਾਂ ਲਈ ਧੰਨਵਾਦ ਕੀਤਾ।

ਹੋਰ ਬੋਲਣ ਵਾਲੇ ਬੁਲਾਰਿਆਂ ਵਿੱਚ, ਹਰਨਾਮ ਸਿੰਘ ਪੰਨੂ ,ਡਾ. ਅਰਜਨ ਸਿੰਘ ਜੋਸ਼ਨ, ਗੁਰਦੀਪ ਸਿੰਘ ਅਣਖੀ, ਹਰਜਿੰਦਰ ਢੇਸੀ , ਸ਼ਾਇਰ ਹਰਜਿੰਦਰ ਕੰਗ, ਸ਼ਾਇਰ ਦਿਲ ਨਿੱਝਰ, ਮਨਰੀਤ ਕੌਰ (ਪ੍ਰਧਾਨ ਪੰਜਾਬੀ ਸਹਿਤ ਸਭਾ ਕੈਲੀਫੋਰਨੀਆ), ਹਾਕਮ ਸਿੰਘ ਢਿੱਲੋ, ਕਰਮ ਸੰਘਾ , ਅਜੈਬ ਸਿੰਘ ਸੰਘਾ, ਨਾਜ਼ਰ ਸਹੋਤਾ ,ਅਮਰਜੀਤ ਦੌਧਰ, ਜਥੇਦਾਰ ਜੁਗਰਾਜ ਸਿੰਘ ਦੌਧਰ, ਅਰਜਣ ਸਿੰਘ ਜੋਸ਼ਨ, ਬਬਲਾ ਮਲੂਕਾ, ਪਸ਼ੌਰਾ ਸਿੰਘ ਢਿਲੋਂ, ਦਲਜੀਤ ਰਿਆੜ ,ਗੁਰਜਤਿੰਦਰ ਰੰਧਾਵਾ, ਜਗਸੀਰ ਬਰਾੜ, ਭੋਲਾ ਬਰਾੜ, ਜਸਪਾਲ ਸਿੰਘ ਬਿਲਾਸਪੁਰ, ਆਦਿ ਦੇ ਨਾਮ ਜਿਕਰਯੋਗ ਹਨ।

ਕਿਤਾਬਾਂ ਰਲੀਜ਼ ਕਰਨ ਮਗਰੋਂ ਕਵੀ ਦਰਬਾਰ ਹੋਇਆ। ਕਵੀ ਦਰਬਾਰ ਦੀ ਸਟੇਜ਼ ਸਕੱਤਰਤਾ ਗਾਇਕ ਗੋਗੀ ਸੰਧੂ ਨੇ ਬਾ–ਖ਼ੂਬੀ ਨਿਭਾਈ। ਕਵੀ ਦਰਬਾਰ ਦਾ ਆਗਾਜ਼ ਯਮਲਾ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਖ਼ੂਬਸੂਰਤ ਗੀਤ ਨਾਲ ਕੀਤਾ। ਇਸ ਮੌਕੇ ਜੋਤੀ ਸਿੰਘ, ਦਲਜੀਤ ਕੌਰ, ਕਮਲ ਬੰਗਾ, ਕਾਕਾ ਅਮਨਜੋਤ ਸਿੰਘ, ਬਾਈ ਸੁਰਜੀਤ, ਅਵਤਾਰ ਗਰੇਵਾਲ, ਪੱਪੀ ਭਦੌੜ ਆਦਿ ਗਾਇਕਾਂ ਅਤੇ ਸ਼ਾਇਰਾਂ ਨੇ ਆਪਣੇ ਗੀਤਾਂ ਅਤੇ ਕਵਿਤਾਵਾਂ ਨਾਲ ਖ਼ੂਬ ਰੰਗ ਬੰਨਿਆ।

# ਅਮਰੀਕਾ ਨੇ ਭਾਰਤ ਦੀ ਯਾਤਰਾ ਵਾਸਤੇ ਦਿੱਤੀ ਢਿੱਲ

**ਸੈਕਰਾਮੈਂਟੋ 21 ਜੁਲਾਈ (ਹੁਸਨ ਲੜੋਆ ਬੰਗਾ)–** ਅਮਰੀਕਾ ਨੇ ਭਾਰਤ ਵਿਚ ਕੋਵਿਡ–19 ਦੇ ਮਾਮਲੇ ਘੱਟਣ ਦੇ ਭਾਰਤ ਨੂੰ ਪੱਧਰ 3 ਸ਼ੈਰੇਣੀ ਵਿਚ ਸ਼ਾਮਿਲ ਕਰਨ ਸਬੰਧੀ ਜਾਰੀ ਯਾਤਰਾ ਸਿਹਤ ਨੋਟਿਸੋ ਤੋਂ ਬਾਅਦ ਦਿੱਤੇ ਹਨ। ਸੀ ਡੀ ਸੀ ਨੇ



ਮੱਦੇਨਜਰ ਆਪਣੇ ਸ਼ਹਿਰੀਆਂ ਨੂੰ ਕਿਹਾ ਹੈ ਕਿ ਉਹ ਭਾਰਤ ਜਾਣ ਵਾਸਤੇ ਸੋਚ ਸਕਦੇ ਹਨ। ਅਮਰੀਕਾ ਨੇ ਭਾਰਤ ਨੂੰ 4 ਸ਼ੈਰੇਣੀ ਪੱਧਰ ਤੋਂ ਘਟਾ ਕੇ ਤਿੰਨ ਸ਼ੈਰੇਣੀ ਪੱਧਰ ਵਿਚ ਸ਼ਾਮਿਲ ਕਰ ਦਿੱਤਾ ਹੈ। 4 ਸ਼ੈਰੇਣੀ ਪੱਧਰ ਦਾ ਮਤਲਬ ਹੈ ਕਿ ਤੁਸੀਂ ਯਾਤਰਾ ਨਹੀਂ ਕਰ ਸਕਦੇ। ਵਿਦੇਸ਼ ਵਿਭਾਗ ਨੇ ਨਵੇਂ ਦਿਸ਼ਾ ਨਿ–ਰਦੇਸ਼ ਸੈਂਟਰ ਫਾਰ ਡਸੀਜ਼ ਕੰਟਰੋਲ (ਸੀ ਡੀ ਸੀ) ਵੱਲੋਂ ਕਿਹਾ ਹੈ ਕਿ ਅਮਰੀਕੀ 3 ਪੱਧਰ ਵਾਲੇ ਦੇਸ਼ਾਂ ਦੀ ਯਾਤਰਾ ਕਰ ਸਕਦੇ ਹਨ ਪਰੰਤੂ ਇਸ ਤੋਂ ਪਹਿਲਾਂ ਮੁੰਕਮਲ ਟੀਕਾਕਰਣ ਯਕੀਨੀ ਬਣਾਇਆ ਜਾਵੇ। ਇਥੇ ਜਿਕਰਯੋਗ ਹੈ ਇਸ ਤੋਂ ਪਹਿਲਾਂ ਕੈਨੇਡਾ ਐਲਾਨ ਕਰ ਚੁੱਕਾ ਹੈ ਕਿ ਉਹ ਭਾਰਤ ਸਮੇਤ ਹੋਰ ਦੇਸ਼ਾਂ ਲਈ ਆਪਣੀਆਂ ਕੌਮਾਂਤਰੀ ਸਰਹੱਦਾਂ 7 ਸਤੰਬਰ 2021 ਨੂੰ ਖੋਲ ਦੇਵੇਗਾ।




NIRMAL SINGH BADHAN

NSB Insurance

HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# EDUCATION, SELF-RESPECT AND SOCIAL JUSTICE

Prem K. Chumber
Editor-In-Chief:
Ambedkar Times & Desh Doaba Weeklies

Babasaheb Dr. B.R Ambedkar used to lay special emphasis on the agency of education for the emancipation and empowerment of downtrodden. So much so that he coined a emancipatory slogan with education at the beginning of the Bhim mantra "Educate, Agitate, Organize." What Babasaheb Dr. B.R Ambedkar was/continues to be and what he had been able to achieve in his life-long mission of Dalit Empowerment is all due to his world reputed stature based on his brilliant academic achievements which still are hard to match not only in comparison to his own people but also with his counterparts among the so-called upper castes across the length and breadth of the country. Again, it was his world towering record of academic excellence combined with his life long commitment towards the annihilation of caste from the soil of Indian social set-up that brought him in the forefront of the queues of the most celebrated personalities of our time.

Babasaheb Dr. B.R Ambedkar was of the firm view that the first lesson to march on the road of social transformation could be to learn how to inculcate the quality of self-respect among the socially excluded millions of our countrymen contemptuously called Untouchables. The quality of self-respect in turn relies on the faculty of critical knowledge based on sound education meant for self-illumination and overall awareness of ones surroundings. Education in ancient and medieval Hindu society was restricted to those who were born in the upper three higher Varna. Fourth Varna of Shudras and the fifth/Avarna of Ati-Shudras were denied the facility of education because of their low birth. The denial of education had also led to lack of self-respect among the lower-castes that further transformed them into docile servants of those who monopolized the power structures of the society. Babasaheb Dr. B.R Ambedkar wanted to overcome this vicious circle of degradation based on the shrewdly designed system of denial of education to the downtrodden.

Education leads to self-respect that further in a logical sequence of the emancipatory mantra of "Educate, Agitate, Organize" creates the conditions for the realization of the higher goal of social justice. That is what 'Educate' is meant for in the slogan. It means to be aware of ones life conditions and the overall surrounding social set-up. Such a versatile knowledge will stir self-introspection within and creates an urge for an organization of the like-minded fellow beings to transform the unequal social structure into an egalitarian order. Ambedkartimes.com congratulates its esteemed readers, contributors and supporters on the auspicious day of 14th April, the Birth Day of Bodhisattva Babasaheb Bharat Rattan Dr. Bhimrao Ramji Ambedkar.

*Courtesy: www.ambedkartimes.com*

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-176

## ਜਗਤ ਸੱਚਾ ਕਿ ਝੂਠਾ?




ਅਵਤਾਰ ਸਿੰਘ ਮਿਸ਼ਨਰੀ
510-432-5827

(ਸੱਚ-ਕੁਦਰਤਿ) ਸਦੀਵ (ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ-ਜਪੁ) ਤੇ ਰਚਨਾ ਬਿਨਸਨਹਾਰ ਹੈ-ਜਗ ਰਚਨਾ ਸਭ ਝੂਠ ਹੈ...॥(ਮ:੯-੧੪੨੯) ਜੋ ਉਪਜਦਾ ਉਹ ਬਿਨਸਦਾ ਵੀ ਹੈ-ਜੋ ਉਪਜਿਓ ਸੋ ਬਿਨਸ ਹੈ॥ ਜਗਤ ਰਚਨਾ ਬਾਰੇ ਤਾਂ ਕਰਤਾਰ ਹੀ ਜਾਣਦਾ ਹੈ-ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੈ ਸੋਈ॥(ਜਪੁ) ਸੋ ਉਹ ਆਪ ਸੱਚਾ (ਸਦੀਵ) ਤੇ ਜਗਤ ਵੀ ਸਦੀਵ ਤੇ ਉਹ ਆਪ ਇਸ 'ਚ ਵਾਸ ਕਰਦਾ ਹੈ-ਇਹੁ ਜਗੁ ਸਚੈ ਕੀ ਹੈ ਕੋਠੜੀ ਸਚੈ ਕਾ ਵਿਚਿ ਵਾਸੁ॥(ਮ:੨-੪੬੩) ਭਾਈ ਕਾਨ੍ਹ ਸਿੰਘ ਨਾਭੈਹਾ ਗੁਰਮਤਿ ਨਿਰਣੈ ਪੁਸਤਕ ਅਨੁਸਾਰ ਅਣਦਿੱਸਦੇ ਸੰਸਾਰ ਨੂੰ ਹੋਂਦ ਵਿੱਚ ਲਿਆਉਣ ਵਾਲੀ ਸ਼ਕਤੀ (ਕੁਦਰਤ) ਉਹ ਹੀ ਕਰਤਾਰ ਹੈ। ਕਰਤਾਰ ਨੇ ਜੇਕਰ ਦੁਨੀਆਂ ਨੂੰ ਸਾਜਿਆ ਹੈ ਤਾਂ ਉਹ ਦੁਨੀਆਂ ਤੋਂ ਵੱਖਰਾ ਨਹੀਂ ਹੈ। ਦੁਨੀਆਂ 'ਚ ਆਪ ਸਦੀਵ ਹੈ। ਕੁਦਰਤ ਦੀ ਨਿਯਮਾਲੀ ਅਨੁਸਾਰ ਹੀ ਸਾਰਾ ਸੰਸਾਰ ਚੱਲਦਾ ਤੇ ਬਿਨਸਦਾ ਰਹਿੰਦਾ ਹੈ-ਇਹੁ ਜਗੁ ਸਚੈ ਕੀ ਹੈ ਕੋਠੜੀ ਸਚੈ ਕਾ ਵਿਚਿ ਵਾਸੁ॥ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸ॥(ਮ:੨-੪੬੩)

ਉਹ ਆਪ ਸੱਚਾ ਉਸ ਦਾ ਜਗਤ ਸੱਚਾ ਪਰ ਇਸ ਜਗਤ ਵਿੱਚ ਪੈਦਾ ਹੋਣ ਜਾਂ ਆਉਣ-ਜਾਣ ਵਾਲੇ ਜੀਵ ਤੇ ਪਦਾਰਥ ਬਿਨਸਨਹਾਰ ਹਨ। ਇਸ ਲਈ ਸਾਨੂੰ ਜਗਤ ਝੂਠਾ ਦਿਸਦਾ ਜਾਣ ਉਪਰਾਮ (ਉਦਾਸ) ਨਹੀਂ ਰਹਿਣਾ ਚਾਹੀਦਾ। ਸਾਡਾ ਸਰੀਰਕ ਵਜੂਦ ਜੰਮਣ-ਮਰਣ ਅਧੀਨ ਤੇ ਉਸ ਕੁਦਰਤ ਦਾ ਹੀ ਹਿੱਸਾ ਹੈ। ਜਗਤ ਨੂੰ ਨਿਤ ਦਿਨ ਝੂਠਾ ਮਿਥਿਆ ਪੈਰਚਾਰਨ ਵਾਲੇ ਬਹੁਤੇ ਘਰ ਪੈਰਵਾਰ ਛੱਡ ਨਿਰਾਸ਼ ਤੇ ਖੁਆਰ ਹੁੰਦੇ ਹਨ। ਕੁਦਰਤੀ ਰਚਨਾ ਵਿੱਚ ਜਿੰਨਾਂ ਚਿਰ ਸਰੀਰ ਕਰਕੇ ਹਾਂ ਸਦਾ ਚੜੈਹਦੀ ਕਲਾ 'ਚ ਰਹੀਏ ਕਿਉਂਕਿ ਨਿਰਾਸ਼ ਹੋਣਾ ਹੀ ਨਾਸ਼ਮਾਣਤਾ ਹੈ।

ਸੋ ਜਗਤ ਰਚਨਾ ਸੈਰਿਸਟੀ ਬਾਰੇ ਇਸ ਨੂੰ ਸਾਜਣ ਵਾਲਾ ਹੀ ਮੁਕੰਮਲ ਜਣਦਾ ਤੇ ਬਾਕੀ ਸੰਸਰ ਖੋਜੀ ਗਿਆਨੀ ਵਿਗਿਆਨੀ ਨਿਤ ਦੀਆਂ ਖੋਜਾਂ ਰਾਹੀਂ ਹੋਰ ਤੋਂ ਹੋਰ ਜਾਣ ਰਹੇ ਹਨ। ਜਿਵੇਂ ਮਾਂ ਬਾਪ ਦਾ ਡੀ ਐਨੇ ਅੱਗੇ ਨਸਲਾਂ 'ਚ ਚੱਲਦੈ ਇਵੇਂ ਹੀ ਕਰਤਾਰ ਦਾ ਡੀ ਐਨੇ ਸੰਸਾਰ ਵੀ ਚਲਦਾ ਰਹਿੰਦਾ ਹੈ। ਇਵੇਂ ਵੇਖੀਏ ਤਾਂ ਉਹ ਆਪ ਸੱਚਾ ਤੇ ਉਸ ਦੀ ਰਚਨਾ ਵੀ ਸੱਚੀ ਪਰ ਸਾਨੂੰ ਪੈਰਛਾਵੇਂ ਵਾਂਗ ਝੂਠੀ ਭਾਸਦੀ ਹੈ।

# ਦਿੱਲੀ ਸਰਕਾਰ ਦੇ ਸਕੂਲਾਂ ਵਿਚ ਡਾ.ਅੰਬੇਡਕਰ 'ਤੇ ਕੋਰਸ ਆਰੰਭ



**ਨਵੀਂ ਦਿੱਲੀ-** ਦਿੱਲੀ ਸਰਕਾਰ ਦੇ ਸਾਰੇ ਸਕੂਲਾਂ ਵਿਚ ਬਾਬਾ ਸਾਹਿਬ ਅੰਬੇਡਕਰ ਦੀ ਸੋਚ ਅਤੇ ਚਿੰਤਨ ਨੂੰ ਪੜ੍ਹਾਇਆ ਜਾਵੇਗਾ। ਬਾਬਾ ਸਾਹਿਬ ਦੇ ਮਹਾਂ-ਪ੍ਰੀਨਿਰਵਾਣ ਦਿਵਸ ਦੇ ਮੌਕੇ ਤੇ ਸ਼ੁੱਕਰਵਾਰ ਨੂੰ ਤਿਆਗਰਾਜ ਸਟੇਡੀਅਮ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਕੋਰਸ ਨੂੰ ਲਾਂਚ ਕੀਤਾ। ਉਹਨਾਂ ਕਿਹਾ ਕਿ ਸ਼ੁੱਕਰਵਾਰ ਤੋਂ ਇਸਨੂੰ ਦਿੱਲੀ ਸਰਕਾਰ ਦੇ ਸਾਰੇ ਸਕੂਲਾਂ ਵਿਚ ਆਰੰਭ ਕੀਤਾ ਜਾ ਰਿਹਾ ਹੈ। ਇਸਨੂੰ 6ਵੀਂ, 7ਵੀਂ ਅਤੇ 8ਵੀਂ ਕਲਾਸ ਦੇ ਬੱਚਿਆਂ ਨੂੰ ਪੜ੍ਹਾਇਆ ਜਾਵੇਗਾ। ਬਾਅਦ ਵਿਚ ਇਸਨੂੰ ਪ੍ਰਾਈਵੇਟ ਸਕੂਲਾਂ ਵਿਚ ਵੀ ਲਾਗੂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਸ ਦੌਰਾਨ ਡਾ. ਅੰਬੇਡਕਰ ਤੇ ਇਕ ਸ਼ਾਰਟ ਬਾਇਓਗ੍ਰਾਫੀ ਪੁਸਤਿਕਾ (ਬੁਕਲੈਟ) ਵੀ ਲਾਂਚ ਕੀਤੀ। ਪ੍ਰੋਗਰਾਮ ਦੌਰਾਨ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਸਮਾਜ ਕਲਿਆਣ ਮੰਤਰੀ ਰਾਜੇਂਦਰ ਪਾਲ ਗੌਤਮ ਵੀ ਮੌਜੂਦ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਡਾ. ਅੰਬੇਡਕਰ 'ਤੇ ਲਾਂਚ ਕੀਤੀ ਗਈ ਬੁਕਲੈਟ ਨੂੰ ਅਸੀਂ ਫਸਟ ਡ੍ਰਾਫਟ ਦੇ ਰੂਪ ਵਿਚ ਮੰਨੀਏ। ਉਸ ਤੋਂ ਬਾਅਦ ਬੱਚਿਆਂ, ਅਧਿਆਪਕਾਂ, ਆਮ ਲੋਕਾਂ ਦੇ ਫੀਡਬੈਕ ਦੇ ਆਧਾਰ ਤੇ ਇਸ ਕਿਤਾਬ ਵਿਚ ਹੋਰ ਚੀਜਾਂ ਜੋੜੀਆਂ ਜਾਣਗੀਆਂ। ਸਾਲ ਦੋ ਸਾਲ ਦੇ ਅੰਦਰ ਅਸੀਂ ਬਾਬਾ ਸਾਹਿਬ ਦੇ ਬਾਰੇ ਇਕ ਅਜਿਹਾ ਕੋਰਸ ਤਿਆਰ ਕਰ ਸਕਾਂਗੇ, ਜਿਸਨੂੰ ਪੂਰੇ ਦਿੱਲੀ ਹੀ ਨਹੀਂ, ਬਲਕਿ ਪੂਰੇ ਦੇਸ਼ ਦੇ ਅੰਦਰ ਪੜ੍ਹਾਇਆ ਜਾ ਸਕੇਗਾ।

# ਵਿਧਾਨ ਸਭਾ ਚੋਣ ਨੇੜੇ ਆਉਣ ਕਾਰਨ ਕੁਰਸੀਆਂ ਦੇ ਸ਼ੌਕੀਨ ਈਸਾਈਆਂ ਵਿੱਚ ਹਫੜਾ ਦਫੜੀ

ਪੰਜਾਬ ਵਿਧਾਨ ਪ੍ਰੀਸ਼ਦ ਸਭਾ ਦੀਆਂ ਫਰਵਰੀ 2022 ਵਿੱਚ ਹੋਣ ਜਾ ਰਹੀਆਂ ਹਨ, ਇਸ ਕਰਕੇ ਚੋਣ ਲੜਨ ਅਤੇ ਸਰਕਾਰੀ ਕੁਰਸੀਆਂ ਦੇ ਸ਼ੌਕੀਨ ਈਸਾਈਆਂ ਵਿੱਚ ਇੱਕ ਕਰਕੇ ਹਫੜਾ ਦਫੜੀ ਮੱਚੀ ਹੋਈ ਹੈ ਅਤੇ ਪੰਜਾਬ ਈਸਈਆਂ ਦੇ ਲਗਪਗ 90 ਪ੍ਰਧਾਨ ਅਕਾਲੀ ਦਲ ਦੀ ਲੀਡਰਸ਼ਿਪ ਉੱਤੇ ਇਹ ਪ੍ਰਭਾਵ ਪਾਉਣ ਲਈ ਭੱਜ ਦੌੜ ਕਰ ਰਹੇ ਹਨ ਕਿ ਉਨ੍ਹਾਂ ਨੂੰ ਜਾਂ ਪਾਰਟੀ ਵਿੱਟ ਦਿੱਤੀ ਜਾਵੇ, ਪਾਰਟੀ ਵਿੱਚ ਕੋਈ ਵਜ਼ੂਦਾਰ ਅਹੁਦਾ ਦਿੱਤਾ ਜਾਵੇ ਤੇ ਜਦ ਉਨ੍ਹਾਂ ਦੀ ਸਰਕਾਰ ਬਣੇ ਤਾਂ ਸਰਕਾਰ ਵਿੱਚ ਉਨ੍ਹਾਂ ਨੂੰ ਕਿਸੇ ਵਿਭਾਗ ਦੀ ਚੇਅਰਮੈਨੀ ਦਿੱਤੀ ਜਾਵੇ। ਕੁਝ ਧਾਰਮਿਕ ਲੀਡਰ ਵੀ ਸਰਗਰਮ ਹਨ – ਉਨ੍ਹਾਂ ਦਾ ਮੰਤਵ ਇਹ ਹੈ ਕਿ ਉਨ੍ਹਾਂ ਨੂੰ ਈਸਾਈਆਂ ਦੇ ਪ੍ਰਭਾਵਸ਼ਾਲੀ ਲੀਡਰ ਸਮਝਿਆ ਜਾਵੇ ਤੇ ਸਰਕਾਰ ਬਣਨ ਤੇ ਸਰਕਾਰ ਵਿੱਚ ਉਨ੍ਹਾਂ ਦਾ ਮਾਣ ਤਾਣ ਹੋਵੇ ਤੇ ਸਰਕਾਰ ਜੋ ਕਰੀ ਜਾਣ, ਉਹ ਕਰੀ ਜਾਵੇ।

ਅਜੇਹਾ ਪਹਿਲੀ ਵਾਰ ਨਹੀਂ ਹੋ ਰਿਹਾ ਪਿਛਲੇ 73 ਸਾਲ ਤੋਂ ਜਦ ਜਦ ਚੋਣਾਂ ਆਉਂਦੀਆਂ ਹਨ ਤਾਂ ਆਪਣੇ ਆਪ ਨੂੰ ਸਿਆਸੀ ਨੇਤਾ ਕਹਾਉਣ ਵਾਲੇ ਅਤੇ ਤਾਕਤ ਦੇ ਸ਼ੌਕੀਨ ਧਾਰਮਿਕ ਈਸਾਈ ਨੇਤਾ ਇਸੇ ਤਰ੍ਹਾਂ ਹੀ ਕਰਦੇ ਆਏ ਹਨ ਪਰ 73 ਸਾਲ ਵਿੱਚ ਨਾ ਤਾਂ ਈਸਾਈਆਂ ਦੀ ਆਰਥਿਕਤਾ ਵਿੱਚ ਕੋਈ ਸੁਧਾਰ ਹੋਇਆ ਹੈ, ਨਾ ਸਮਾਜਿਕਤਾ ਵਿੱਚ। ਅਜ਼ਾਦੀ ਸਮੇਂ ਤੱਕ ਜੋ ਈਸਾਈਆਂ ਦਾ ਆਮ ਸਮਾਜ ਉੱਤੇ ਪ੍ਰਭਾਵ ਸੀ ਉਹ ਬੁਰਾ ਤਰ੍ਹਾਂ ਡਿੱਗ ਗਿਆ ਹੈ। ਇਹ ਈਸਾਈ ਨਾ ਸਮਝਣ ਪਰ ਆਮ ਸਮਾਜ ਤੇ ਸਾਰੇ ਗੈਰ ਈਸਾਈ ਲੋਕ ਸਮਝ ਚੁੱਕੇ ਹਨ ਕਿ ਇਹ ਲੋਕ ਚਰਚ, ਕਬਰਸਤਾਨ ਵੇਚਣ ਵਾਲੇ ਅਤੇ ਈਸਾਈ ਸਮਾਜ ਉਨ੍ਹਾਂ ਨੂੰ ਬਹੁਤ ਆਦਰਨੀਯ ਸਮਝਿਆ ਜਾਂਦਾ ਹੈ ਜੋ ਖੁਦਾ ਘਰ ਦੀ ਜ਼ਮੀਨ ਤੇ ਕਬਜ਼ਾ ਕਰੀ ਬੈਠੇ ਹਨ। ਆਮ ਸਮਾਜ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੋ ਲੋਕ ਆਪਣੇ ਸਕੂਲਾਂ, ਕਾਲਜਾਂ ਅਤੇ ਹਸਪਤਾਲ ਨਹੀਂ ਚਲਾ ਸਕੇ ਜੋ ਅੰਤਰ ਰਾਸ਼ਟਰੀ ਪੱਧਰ ਦੇ ਅਦਾਰੇ ਸਨ, ਉਹ ਆਦਰਨੀਯ ਨਹੀਂ ਹੋ ਸਕਦੇ ਭਾਵੇਂ ਉਹ ਆਪਣੇ ਆਪ ਨੂੰ ਰੂਹਾਨੀ ਸਮਝਣ ਜਾਂ ਬਾਈਬਲ ਦੇ ਵਿਦਵਾਨ ਸਮਝਣ। ਬਹੁਤ ਸਾਰੇ ਈਸਾਈਆਂ ਨੂੰ ਭਾਵੇਂ ਇਸ ਗੱਲ ਦਾ ਅਹਿਸਾਸ ਹੈ ਕਿ ਈਸਾਈ ਆਪਣੇ ਯਤੀਮਖਾਨੇ, ਕੋੜੀ ਆਸ਼ਰਮ, ਵਿਧਵਾ ਆਸ਼ਰਮ ਨਹੀਂ ਚਲਾ ਸਕੇ, ਉਹ ਸਰਕਾਰ ਕੀ ਚਲਾਉਣਗੇ।

ਈਸਾਈ ਵੋਟਾਂ ਲੈਣ ਲਈ ਕਾਂਗਰਸ ਅਤੇ ਅਕਾਲੀ ਦਲ ਨੇ ਕੁਝ ਈਸਾਈਆਂ ਨੂੰ ਈਸਾਈਆਂ ਦੀਆਂ ਅੱਖਾਂ ਪੂੰਝਣ ਲਈ ਵਿਧਾਨ ਸਭਾ ਤੇ ਪਾਰਲੀਮੈਂਟ ਦੀਆਂ ਚੋਣਾਂ ਲਈ ਟਿਕਟਾਂ ਦਿੱਤੀਆਂ ਪਰ ਉਹ ਬੁੱਰੀ ਤਰ੍ਹਾਂ ਹਾਰ ਗਏ ਜਿਸਦਾ ਇੱਕ ਵੱਡਾ ਕਾਰਣ ਇਹ ਸੀ ਕਿ ਈਸਾਈ ਉਮੀਦਵਾਰ ਈਸਾਈ ਵੋਟਾਂ ਦੇ ਸਿਰ ਤੇ ਹੀ ਜਿੱਤਣਾ ਚਾਹੁੰਦੇ ਸਨ – ਉਨ੍ਹਾਂ ਨੇ ਆਮ ਸਮਾਜ ਵਿੱਚ ਆਪਣਾ ਅਧਾਰ ਨਹੀਂ ਬਣਾਇਆ।

ਹੁਣ ਵੀ ਜੋ ਭੱਜ ਦੌੜ ਕਰ ਰਹੇ ਹਨ, ਇਨਵਾਂ ਦਾ ਆਮ ਸਮਾਜ ਵਿੱਚ ਤਾਂ ਕੀ ਈਸਾਈ ਸਮਾਜ ਵਿੱਚ ਵੀ ਕੋਈ ਅਕਸ ਨਹੀਂ ਹੈ। ਪਰ ਇਨ੍ਹਾਂ ਲੋਕਾਂ ਨੂੰ ਪਾਰਟੀਆਂ ਨੇ ਚੋਣਾਂ ਵਿੱਚ ਵਰਤਣਾ ਹੁੰਦਾ ਹੈ, ਇਸ ਕਰਕੇ ਅਜੇਹੇ ਲੋਕ ਉਨ੍ਹਾਂ ਲਈ ਬਹੁਤ ਕੀਮਤੀ ਚੀਜ਼ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਨੂੰ ਕਿਵੇਂ ਕਾਬੂ ਕਰਕੇ ਇਨ੍ਹਾਂ ਰਾਹੀਂ ਕੁਝ ਈਸਾਈ ਵੋਟਾਂ ਲਈਆਂ ਜਾ ਸਕਦੀਆਂ ਹਨ।

ਇਸੇ ਤਰ੍ਹਾਂ ਪਿਛਲੇ 73 ਸਾਲ ਤੋਂ ਚਲਦਾ ਆ ਰਿਹਾ ਹੈ ਇਹੋ ਜਹੇ ਈਸਾਈ ਸਿਆਸੀ ਪਾਰਟੀਆਂ ਨੂੰ ਉੱਲੂ ਬਣਾਉਣ ਦਾ ਯਤਨ ਕਰਦੇ ਹਨ ਅਤੇ ਸਿਆਸੀ ਪਾਰਟੀਆਂ ਇਨ੍ਹਾਂ ਨੂੰ ਉੱਲੂ ਬਣਾਉਣਾ ਜਾਣਦੀਆਂ ਹਨ। ਅਜੇਹੇ ਲੋਕਾਂ ਕਾਰਣ ਹੀ ਪਿਛਲੇ 73 ਸਾਲ ਤੋਂ ਈਸਾਈ ਕੌਮ ਦੀ ਦਸ਼ਾ ਵਿੱਚ ਕੋਈ ਤਬਦੀਲੀ ਨਹੀਂ ਆਈ – ਦਲਿਤ ਵੀ ਇਨ੍ਹਾਂ ਤੋਂ ਬਹੁਤ ਅੱਗ ਲੰਘ ਗਏ ਹਨ। ਅਜੇਹੇ ਲੋਕਾਂ ਕਾਰਣ ਹੀ ਪਿਛਲੇ 73 ਸਾਲ ਤੋਂ ਈਸਾਈ ਕੌਮ ਦੀ ਦਸ਼ਾ ਵਿੱਚ ਕੋਈ ਤਬਦੀਲੀ ਨਹੀਂ ਆਈ – ਦਲਿਤ ਵੀ ਇਸ ਤੋਂ ਬਹੁਤ ਅੱਗੇ ਲੰਘ ਗਏ ਹਨ – ਪੰਜਾਬ ਵਿੱਚ ਦਲਿਤਾਂ ਦੇ 34 ਐਮ ਐਲ ਏ. ਤੇ ਚਾਰ ਐਮ ਪੀ. ਜਦਕਿ ਇਸਾਈ ਵੀ ਕਿਸੇ ਨਗਰਪਾਲਿਕਾ ਦਾ ਮੈਂਬਰ ਤੱਕ ਨਹੀਂ। ਅੱਜ ਤੱਕ ਵੀ ਈਸਾਈ ਸਰਕਾਰੀ ਕੁਰਸੀਆਂ ਤੇ ਬੈਠੇ ਹਨ ਪੰਜਾਬ ਵਿਧਾਨ ਪ੍ਰੀਸ਼ਦ ਤੋਂ ਲੈ ਕੇ ਇਮਾਨੂੰਏਲ ਨਾਹਰ ਚੇਅਰਮੈਨ ਮਨਿਆਰਟੀ ਕਮਿਸ਼ਨ ਤੱਕ ਦਾ ਨਾ ਤੰ ਮਸੀਹੀ ਸਮਾਜ ਦੀ ਆਰਥਿਕਤਾ, ਸਮਾਜਿਕਤਾ, ਉਸਦੀਵਿਦਿਅਕ ਸਥਿਤੀਦਾ ਕੋਈ ਅਧਿਐਨ ਹੈਨਾ ਹੀ ਮਸੀਹੀ ਸੰਸਕ੍ਰਿਤੀਦਾ। ਬਹੁਤੇ ਈਸਾਈ ਤਾਂ ਈਸਾਈਆਂ ਦੇ ਕਲਿਆਣ ਦਾ ਭਤੋਂਵੱਡ1 ਫਾਰਮੂਲਾ ਇਹੀ ਦਸਦੇ ਹਨ ਕਿ ਈਸਾਈਆਂ ਸ਼ਡੂਲਡ ਕਾਸਟ ਰਿੱਚ ਸ਼ਾਮਲ ਕੀਤਾ ਜਾਵੇ। ਅਕਲ ਦੇ ਅੰਨੇ ਇਹ ਨਹੀਂ ਸਮਝਦੇ ਕਿ ਸ਼ਡੂਲਡ ਕਾਸਟ ਦਾ ਸੰਵਿਧਾਨ ਵਿੱਚ ਧਰਮ ਹਿੰਦੂ ਹੈ ਈਸਾਈਆਂ ਨੂੰ ਸ਼ਡੂਲਡ ਕਾਸਟ ਐਲਾਨ ਕਰਨ ਨਾਲ ਸਾਰੇ ਈਸਾਈ ਸੰਵਿਧਾਨ ਦੀ ਦ੍ਰਿਸ਼ਟੀ ਨਾਲ ਹਿੰਦੂ ਬਣ ਜਾਣਗੇ ਫਿਰ ਉਨ੍ਹਾਂ ਨੂੰ ਈਸਾਈ ਕਹਾਉਣ ਦਾ ਕੀ ਹੱਕ ਹੋਵੇਗਾ? ਅਸਲ ਵਿੱਚ ਇਹ ਲੋਕ ਦੋ ਬੇੜੀਆਂ ਵਿੱਚ ਪੈਰ ਰੱਖ਼ ਵਾਲੇ ਲੋਕ ਹਨ- ਈਸਾਈ ਵੀ ਰਹਿਣਾ ਚਾਹੁੰਦੇ ਹਨ ਕਿ ਹਿੰਦ ਵੀ। ਅਜੇਹੇ ਲੋਕਾਂ ਕਾਰਣ ਹੀ ਸ਼ਡੂਲਡ ਕਾਸਟ ਤੇ ਝੂਠੇ ਸਰਟੀਫਿਕੇਟ ਬਣਾ ਕੇ ਸਰਕਾਰੀ ਸਹੂਲਤਾਂ ਲੈਣਵਾਲੇ ਈਸਾਈ ਸਮਾਜ ਵਿੱਚ ਬਹੁਤ ਆਦਰਨੀਯ ਸਮਝੇ ਜਾਂਦੇ ਹਨ।



ਫਰੈਡੀ ਜੋਜ਼ਫ

ਈਸਾਈ ਸਮਾਜ ਰਿੱਚ ਅੱਜ.. ਕਾਰਣ ਹੀ ਵਿਧਾਨ ਪ੍ਰੀਸ਼ਦ ਤੋਂਲੈ ਕੇ ਅੱਜ ਤੱਕ ਕੋਈ ਵੀ ਈਸਾਈ ਨੇਤਾ ਈਸਾਈਆਂ ਨੂੰ ਕੋਈ ਆਰਥਿਕਤਾ, ਸਮਾਜਿਕ, ਵਿਦਿਅਕ ਤੇ ਸਭਿਆਚਾਰਕ ਫਿਲਾਸਫੀ ਨਹੀਂ ਦੇ ਸਕਿਆ ਜਿਸ ਕਾਰਣ ਆਮ ਈਸਾ ਦੀ ਜ਼ਿੰਦਗੀ ਬਰਬਾਦੀ ਵਿਚੋਂ ਨਿਕਲ ਨਹੀਂ ਰਹੀ।

ਇਹ ਹਨ ਸਾਡੇ ਸਰਕਾਰੀ ਕੁਰਸੀਆਂ ਤੇ ਬੈਠੇ ਨੇਤਾ। ਅਸੀਂ ਪਿਛੇ ਜਹੇ ਈਸਾਈ ਵਿਕਾਸ ਬੋਰਡ ਨੂੰ ਬੇਨਤੀ ਕੀਤੀ ਸੀ ਕਿ ਜਲੰਧਰ ਵਿੱਚ ਇੱਕ ਬਿਰਧ ਆਸ਼ਰਮ ਖੋਲਿਆ ਜਾਵੇ ਜਿੱਥੇ ਲੋਕ ਆਪਣੇ ਜੀਵਨ ਦੇ ਆਖਰੀ ਦਿਨ ਅਰਾਮ ਨਾਲ ਕੱਟ ਸਕਣ। ਜਦ ਅਸੀਂ ਬੋਰਡ ਦੇ ਸੀਨੀਅਰ ਵਾਈਸ ਚੇਅਰਮੈਨ ਬਿਸ਼ਪ ਇਮਾਨੂੰਏਲ ਸਾਹਿਬ ਨੂੰ ਪੁੱਛਿਆ ਕਿ ਸਾਡੀ ਇਸ ਮੰਗ ਦਾ ਕੀ ਬਣਿਆ ਤਾਂ ਉਨ੍ਹਾਂ ਕਿਹਾ ਕਿ 'ਨਹੀਂ ਬੋਰਡ ਦੇ ਮੈਂਬਰ ਕਹਿੰਦੇ ਹਨ ਕਿ ਜੇਕਰ ਈਸਾਈਆਂ ਨੂੰ ਬਿਰਧ ਆਸ਼ਰਮ ਬਣਾ ਦਿੱਤਾ ਤਾਂ ਫਿਰ ਦੂਸਰੇ ਧਰਮਾਂ ਦੇ ਲੋਕ ਵੀ ਆਖਣਗੇ ਕਿ ਸਾਡੇ ਲਈ ਵੀ ਬਿਰਧ ਆਸ਼ਰਮ ਬਣਾਓ'। ਇਹ ਸੋਚ ਸਾਡੇ ਸਰਕਾਰੀ ਕੁਰਸੀਆਂ ਤੇ ਬੈਠੇ ਲੋਕਾਂ ਦੀ। ਅਜੇਹੇ ਲੋਕਾਂ ਕਾਰਣ ਹੀ ਪਿਛਲੇ 73 ਸਾਲ ਵਿੱਚ ਈਸਾਈ ਉਥੇ ਦੇ ਉੱਥੇ ਖੜੇ ਹਨ ਜਿੱਥੇ 15 ਅਗਸਤ 1947 ਨੂੰ ਖੜੇ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



ਗੁਰਿੰਦਰਜੀਤ ਨੀਟਾ ਮਾਛੀਕੇ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਭਾਰਤੀ ਮੂਲ ਦੇ ਦੋ ਡਾਕਟਰਾਂ ਨੂੰ ਪ੍ਰਮੁੱਖ ਅਹੁਦਿਆਂ ਲਈ ਕੀਤਾ ਨਾਮਜ਼ਦ

**ਫਰਿਜ਼ਨੋ (ਕੈਲੀ- ਫੋਰਨੀਆ), 15 ਜੁਲਾਈ 2021-** ਅਮਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ਨੇ ਆਪਣੀ ਮਿਹਨਤ ਦੇ ਜੋਰ 'ਤੇ ਉੱਚੇ ਅਹੁਦਿਆਂ ਉੱਪਰ ਆਪਣਾ ਕਬਜਾ ਕੀਤਾ ਹੈ। ਇਸ ਦੀ ਇੱਕ ਤਾਜਾ ਮਿਸ਼ਾਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣੇ ਪ੍ਰਸ਼ਾਸਨ ਵਿੱਚ ਡਾਕਟਰੀ ਲਾਈਨ ਵਿੱਚ ਪ੍ਰਮੁੱਖ ਭੂਮਿਕਾਵਾਂ ਪ੍ਰਤੀ ਸੇਵਾਵਾਂ ਨਿਭਾਉਣ ਲਈ ਭਾਰਤੀ ਮੂਲ ਦੇ ਇੱਕ ਪ੍ਰਸਿੱਧ ਡਾਕਟਰ ਅਤੇ ਇੱਕ ਸਰਜਨ ਨੂੰ ਨਾਮਜ਼ਦ ਕੀਤਾ ਹੈ। ਇਸ ਦੌਰਾਨ ਬਾਈਡੇਨ ਦੁਆਰਾ ਵੈਸਟ ਵਰਜੀਨੀਆ ਦੇ ਸਾਬਕਾ ਸਿਹਤ ਕਮਿਸ਼ਨਰ ਡਾ. ਰਾਹੁਲ ਗੁਪਤਾ ਨੂੰ ਮੰਗਲਵਾਰ ਨੂੰ ਨੈਸ਼ਨਲ ਡਰੱਗ ਕੰਟਰੋਲ ਪਾਲਿਸੀ ਦਫਤਰ ਦੇ ਅਗਲੇ ਡਾਇਰੈਕਟਰ ਲਈ ਨਾਮਜ਼ਦ ਕੀਤਾ ਹੈ। ਇਸਦੇ ਨਾਲ ਹੀ ਇੱਕ ਸਰਜਨ ਅਤੇ ਮਸ਼ਹੂਰ ਲੇਖਕ ਅਤੁਲ ਗਾਵੰਡੇ ਨੂੰ ਯੂ ਐੱਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਵਿਕਾਸ ਲਈ ਬਿਊਰੋ ਆਫ ਗਲੋਬਲ ਹੈਲਥ ਦੇ ਸਹਾਇਕ ਐਡਮਨਿਸਟ੍ਰੇਟਰ ਲਈ ਨਾਮਜ਼ਦ ਕੀਤਾ। 25 ਸਾਲਾਂ ਤੋਂ ਪ੍ਰਾਇਮਰੀ ਕੇਅਰ ਫਿਜ਼ੀਸ਼ੀਅਨ ਦਾ ਅਭਿਆਸ ਕਰ ਰਹੇ, ਗੁਪਤਾ ਪਹਿਲਾਂ ਵੈਸਟ ਵਰਜੀਨੀਆ ਦੇ ਸਿਹਤ ਕਮਿਸ਼ਨਰ ਦੇ ਤੌਰ 'ਤੇ ਦੋ ਰਾਜਪਾਲਾਂ ਦੇ ਅਧੀਨ ਸੇਵਾ ਨਿਭਾਅ ਰਹੇ ਸਨ। ਗੁਪਤਾ ਨੇ ਇਬੋਲਾ ਵਾਇਰਸ ਰੋਗ ਫੈਲਣ ਦੌਰਾਨ ਸਟੇਟ ਦੀ ਜ਼ੀਕਾ ਕਾਰਜ ਯੋਜਨਾ ਅਤੇ ਇਸ ਦੀਆਂ ਤਿਆਰੀਆਂ ਦੇ ਯਤਨਾਂ ਦੇ ਵਿਕਾਸ ਦੀ ਅਗਵਾਈ ਵੀ ਕੀਤੀ। ਇਸਦੇ ਇਲਾਵਾ ਡਾਕਟਰ ਗੁਪਤਾ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਬਲਿਕ ਸਿਹਤ ਨੀਤੀ ਤੇ ਕਈ ਸੰਗਠਨਾਂ ਅਤੇ ਟਾਸਕ ਫੋਰਸਾਂ ਦੇ ਸਲਾਹਕਾਰ ਵਜੋਂ ਵੀ ਕੰਮ ਕਰਦੇ ਸਨ।





ਇੱਕ ਭਾਰਤੀ ਡਿਪਲੋਮੈਟ ਦਾ ਪੁੱਤਰ, ਰਾਹੁਲ ਭਾਰਤ ਵਿੱਚ ਪੈਦਾ ਹੋਇਆ ਸੀ ਅਤੇ ਵਾਸ਼ਿੰਗਟਨ ਡੀ ਸੀ ਦੇ ਉਪਨਗਰਾਂ ਵਿੱਚ ਵੱਡਾ ਹੋਇਆ। 21 ਸਾਲ ਦੀ ਉਮਰ ਵਿੱਚ, ਉਸਨੇ ਦਿੱਲੀ ਯੂਨੀਵਰਸਿਟੀ ਵਿੱਚ ਮੈਡੀਕਲ ਦੀ ਪੜ੍ਹਾਈ ਪੂਰੀ ਕੀਤੀ ਅਤੇ ਅਲਾਬਮਾ-ਬਰਮਿੰਘਮ ਯੂਨੀਵਰਸਿਟੀ ਤੋਂ ਪਬਲਿਕ ਹੈਲਥ ਵਿੱਚ ਮਾਸਟਰ ਦੀ ਡਿਗਰੀ ਅਤੇ ਲੰਡਨ ਸਕੂਲ ਆਫ਼ ਬਿਜ਼ਨਸ ਐਂਡ ਫਾਈਨੈਂਸ ਤੋਂ ਗਲੋਬਲ ਮਾਸਟਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਇਸਦੇ ਇਲਾਵਾ ਦੂਸਰੇ ਅਹੁਦੇ ਲਈ ਨਾਮਜਦ 55 ਸਾਲਾ, ਗਾਵੰਡ ਕਈ ਕਿਤਾਬਾਂ ਦੇ ਲੇਖਕ ਹਨ।

ਗਾਵੰਡੇ ਬਰਿੰਘਮ ਅਤੇ ਔਰਤਾਂ ਦੇ ਹਸਪਤਾਲ ਵਿੱਚ ਸਰਜਰੀ ਦੇ ਸਿੰਡੀ ਅਤੇ ਜੌਨ ਫਿਸ਼ ਪ੍ਰੋਫੈਸਰ, ਹਾਰਵਰਡ ਮੈਡੀਕਲ ਸਕੂਲ ਵਿਚ ਸਰਜਰੀ ਦੇ ਸੈਮੂਅਲ ਓ ਥੀਅਰ ਪ੍ਰੋਫੈਸਰ ਅਤੇ ਹਾਰਵਰਡ ਟੀ ਐਚ ਚੈਨ ਸਕੂਲ ਆਫ਼ ਪਬਲਿਕ ਹੈਲਥ ਵਿਚ ਸਿਹਤ ਨੀਤੀ ਅਤੇ ਪਾਲਿਸੀ ਦੇ ਪ੍ਰੋਫੈਸਰ ਹਨ। 2018 ਤੋਂ 2020 ਤੱਕ, ਉਹ ਹੇਵਨ, ਐਮਾਜ਼ਾਨ, ਬਰਕਸ਼ਾਇਰ ਹੈਥਵੇ, ਅਤੇ ਜੇਪੀ ਮੋਰਗਨ ਚੇਜ਼ ਸਿਹਤ ਸੰਭਾਲ ਉੱਦਮ ਦੇ ਸੀ ਈ ਓ ਵੀ ਰਹੇ।

ਇਸ ਤੋਂ ਪਹਿਲਾਂ ਉਹਨਾਂ ਨੇ ਕਲਿੰਟਨ ਪ੍ਰਸ਼ਾਸਨ ਵਿੱਚ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਵਿੱਚ ਇੱਕ ਸੀਨੀਅਰ ਸਲਾਹਕਾਰ ਵਜੋਂ ਵੀ ਸੇਵਾ ਨਿਭਾਈ ਸੀ। ਇਸਦੇ ਨਾਲ ਹੀ ਗਾਵੰਡੇ ਦੋ ਨੈਸ਼ਨਲ ਮੈਗਜ਼ੀਨ ਅਵਾਰਡਾਂ ਦੇ ਜੇਤੂ ਹੋਣ ਦੇ ਨਾਲ ਸਿਹਤ ਅਕਾਦਮੀ ਦੀ ਸਿਹਤ ਸੰਭਾਲ 'ਤੇ ਸਰਬੋਤਮ ਖੋਜ, ਮੈਕ ਆਰਥਰ ਫੈਲੋਸ਼ਿਪ, ਅਤੇ ਵਿਗਿਆਨ ਬਾਰੇ ਲਿਖਣ ਲਈ ਲੇਵਿਸ ਥਾਮਸ ਅਵਾਰਡ ਦੇ ਵੀ ਜੇਤੂ ਹਨ।

# ਕੋਵਿਡ -19 ਪੀੜਤ ਹੋਣ ਕਾਰਨ ਟੈਨਿਸ ਖਿਡਾਰੀ ਹੋਈ ਟੋਕਿਓ ਓਲੰਪਿਕ ਤੋਂ ਬਾਹਰ

**ਫਰਿਜ਼ਨੋ (ਕੈਲੀਫੋਰਨੀਆ), 20 ਜੁਲਾਈ 2021-** ਜਪਾਨ ਦੇ ਸ਼ਹਿਰ ਟੋਕੀਓ ਵਿੱਚ ਇਸ ਮਹੀਨੇ ਉਲੰਪਿਕ ਖੇਡਾਂ ਹੋ ਰਹੀਆਂ ਹਨ। ਇਸ ਵਾਰ ਦੀਆਂ ਉਲੰਪਿਕ ਖੇਡਾਂ 'ਤੇ ਕੋਰੋਨਾ ਵਾਇਰਸ ਦੇ ਬੱਦਲ ਮੰਡਰਾ ਰਹੇ ਹਨ। ਖੇਡਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਕਈ ਖਿਡਾਰੀ ਕੋਰੋਨਾ ਪੀੜਤ ਹੋ ਰਹੇ ਹਨ। ਅਮਰੀਕੀ ਐਥਲੀਟ, ਖਿਡਾਰੀ ਵੀ ਟੋਕੀਓ ਉਲੰਪਿਕ ਵਿੱਚ ਭਾਗ ਲੈ ਰਹੇ ਹਨ। ਅਮਰੀਕੀ ਖਿਡਾਰੀਆਂ ਵਿੱਚੋਂ ਟੈਨਿਸ ਨਾਲ ਸਬੰਧਿਤ ਇੱਕ ਮਹਿਲਾ ਖਿਡਾਰੀ ਕੋਰੋਨਾ ਪੀੜਤ ਹੋਣ ਕਰਕੇ ਉਲੰਪਿਕ ਵਿੱਚ



ਨਹੀਂ ਖੇਡ ਸਕੇਗੀ। ਅਮਰੀਕਾ ਦੀ ਓਲੰਪਿਅਨ ਟੈਨਿਸ ਖਿਡਾਰੀ ਕੋਕੋ ਗੌਫ ਨੇ ਐਤਵਾਰ ਨੂੰ ਦੱਸਿਆ ਕਿ ਉਸਦਾ ਕੋਵਿਡ -19 ਟੈਸਟ ਪਾਜੇਟਿਵ ਆਇਆ ਹੈ ਅਤੇ ਉਹ ਇਸ ਹਫਤੇ ਤੋਂ ਸ਼ੁਰੂ ਹੋਣ ਵਾਲੀਆਂ ਟੋਕਿਓ ਖੇਡਾਂ ਵਿੱਚ ਨਹੀਂ ਖੇਡੇਗੀ। 17 ਸਾਲਾਂ ਦੀ ਟੈਨਿਸ ਖਿਡਾਰੀ ਦਾ ਇਹ ਪਹਿਲਾ ਓਲੰਪਿਕ ਸੀ। ਗੌਫ ਅਨੁਸਾਰ ਉਲੰਪਿਕ ਵਿੱਚ ਅਮਰੀਕਾ ਵੱਲੋਂ ਖੇਡਣਾ ਉਸਦਾ ਸੁਪਨਾ ਸੀ ਅਤੇ ਉਮੀਦ ਹੈ ਕਿ ਭਵਿੱਖ ਵਿੱਚ ਇਸ ਦੇ ਹੋਰ ਵੀ ਬਹੁਤ ਸਾਰੇ ਮੌਕੇ ਮਿਲਣਗੇ। ਜਾਪਾਨ ਵਿੱਚ, ਪ੍ਰਬੰਧਕਾਂ ਨੇ ਦੱਖਣੀ ਅਫਰੀਕਾ ਦੇ ਦੋ ਫੁੱਟਬਾਲ ਖਿਡਾਰੀਆਂ ਨੂੰ ਕੋਰੋਨਾ ਵਾਇਰਸ ਹੋਣ ਦੀ ਵੀ ਪੁਸ਼ਟੀ ਕੀਤੀ ਹੈ। ਇਸ ਲਈ ਗੌਫ ਨੇ ਖੇਡਾਂ ਭਾਗ ਲੈਣ ਵਾਲੇ ਹਰੇਕ ਦੀ ਸਲਾਮਤੀ ਦੀ ਉਮੀਦ ਕੀਤੀ ਹੈ।

# ਅਮਰੀਕਾ ਵਿੱਚ ਟਰੱਕ ਹਾਦਸੇ ਵਿੱਚ ਪੰਜਾਬੀ ਨੌਜਵਾਨ ਦੀ ਮੌਤ

**ਫਰਿਜਨੋ (ਕੈਲੀਫੋਰਨੀਆਂ) 18 ਜੁਲਾਈ 2021-** ਅਮਰੀਕਾ ਵਿੱਚ ਟਰੱਕ ਹਾਦਸਿਆਂ ਵਿੱਚ ਪੰਜਾਬੀ ਲਗਾਤਾਰ ਮੌਤ ਦੇ ਮੂੰਹ ਜਾ ਰਹੇ ਹਨ। ਅਮਰੀਕਾ ਵਿੱਚ ਪੰਜਾਬੀਆਂ ਦੇ ਗੜੵ ਮੰਨੇ ਜਾਂਦੇ ਕੈਲੀਫੋਰਨੀਆਂ ਸਟੇਟ ਦੇ ਫਰਿਜਨੋ ਸ਼ਹਿਰ ਤੋਂ ਇੱਕ ਹੋਰ ਬੜੀ ਦੁੱਖ ਭਰੀ ਖ਼ਬਰ ਸਾਹਮਣੇ ਆਈ ਹੈ। ਫਰਿਜਨੋ ਨਿਵਾਸੀ 25 ਸਾਲ ਦਾ ਗੱਭਰੂ ਪਰਮਜੀਤ ਸਿੰਘ 14 ਜੁਲਾਈ ਨੂੰ ਨਿਊ-ਮੈਕਸੀਕੋ ਸਟੇਟ ਵਿੱਚ ਫਰੀਵੇਅ 40 ਤੇ 85 ਨੰਬਰ ਮੀਲ ਮਾਰਕਰ ਕੋਲ ਟਰੱਕ ਐਕਸੀਡੈਂਟ ਵਿੱਚ ਆਪਣੀ ਜਾਂਨ ਗਵਾ ਬੈਠਾ। ਹਾਲੇ ਚਾਰ ਕੁ ਸਾਲ ਪਹਿਲਾ ਆਪਣੇ ਚੰਗੇ ਭਵਿੱਖ ਲਈ ਅਮਰੀਕਾ ਆਇਆ ਸੀ। ਇਸ ਨੌਜਵਾਨ ਦਾ ਪੰਜਾਬ ਵਿੱਚ ਪਿੰਡ ਬਾਲੋਕੀ, ਤਹਿਸੀਲ ਨਕੋਦਰ, ਜ਼ਿਲੵਾ ਜਲੰਧਰ ਵਿੱਚ ਪੈਂਦਾ ਹੈ। ਮੁੰਡੇ ਦੇ ਮਾਪੇ ਪੰਜਾਬ ਵਿੱਚ ਬੀਮਾਰੀਆਂ ਨਾਲ ਜੂੰਝ ਰਹੇ ਹਨ। ਜਿਹੜਾ ਕੁਝ





ਉਹਨਾਂ ਕੋਲ ਸੀ ਸਭ ਲਾਕੇ ਮੁੰਡਾ ਬਾਹਰ ਤੋਰਿਆ ਸੀ। ਇੱਕ ਤਰਾਂ ਨਾਲ ਪਰਿਵਾਰ ਦਾ ਕਮਾਊ ਪੁੱਤ ਦੁਨੀਆ ਤੋ ਰੁਖ਼ਸਤ ਹੋ ਗਿਆ। ਫਰਿਜ਼ਨੋ ਵਿੱਚ ਪਰਮਜੀਤ ਦੇ ਫਿਊਨਰਲ ਦੇ ਖ਼ਰਚੇ ਲਈ ਅਤੇ ਇੰਡੀਆ ਪਰਿਵਾਰ ਦੀ ਆਰਥਿਕ ਮੱਦਦ ਲਈ ਤੁਹਾਡੀ ਮੱਦਦ ਦੀ ਜ਼ਰੂਰਤ ਹੈ। ਵਿੱਤੀ ਮੱਦਦ ਲਈ GOFUNDME ਪੇਜ ਸ਼ੁਰੂ ਕੀਤਾ ਗਿਆ ਹੈ। ਪੇਜ ਦਾ ਲਿੰਕ https://gofund.me/4d5b4ea ਹੈ। ਕਿਰਪਾ ਕਰਕੇ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਕੇ ਜੋ ਵੀ ਆਪਣੇ ਵਿੱਤ ਮੁਤਾਬਿਕ ਤਿਲ-ਫੁੱਲ ਮੱਦਦ ਕਰ ਸਕਦੇ ਹੋ ਜ਼ਰੂਰ ਕਰੋ। ਸਵ. ਪਰਮਜੀਤ ਦੀ ਚਾਚੇ ਦੀ ਬੇਟੀ ਕੁਲਦੀਪ ਕੌਰ ਜਿਹੜੀ ਕਿ ਨਿਊ ਜਰਸੀ ਰਹਿੰਦੀ ਹੈ, ਕੋਲ ਇਹ ਚਾਰ ਕੁ ਪਹਿਲਾਂ ਅਮਰੀਕਾ ਆਇਆ। ਓਥੇ ਗੈਸ ਪੰਪ ਤੇ ਕੰਮ ਕਰਦਾ ਸੀ, ਉਪਰੰਤ ਇਹ ਫਰਿਜਨੋ ਆਕੇ ਟਰੱਕ ਚਲਾਉਣ ਲੱਗਿਆ ਸੀ, ਅਤੇ ਇਹ ਭਾਣਾ ਵਾਪਰ ਗਿਆ। ਕੁਲਦੀਪ ਕੌਰ ਦਾ ਸੰਪਰਕ ਨੰਬਰ (848) 209-7793

# ਬੱਚਿਆਂ ਦਾ ਆਨਲਾਈਨ ਸ਼ੋਸ਼ਣ ਕਰਨ ਵਾਲੇ ਦੋਸ਼ੀਆਂ ਨੂੰ ਕੀਤਾ ਕਾਬੂ

**ਫਰਿਜ਼ਨੋ (ਕੈਲੀਫੋਰਨੀਆ), 15 ਜੁਲਾਈ 2021-** ਨਿਊਜਰਸੀ ਵਿੱਚ ਪੁਲਿਸ ਨੇ ਵੱਡੇ ਪੱਧਰ 'ਤੇ ਕਾਰਵਾਈ ਕਰਦਿਆਂ ਬੱਚਿਆਂ ਦਾ ਆਨਲਾਈਨ ਸ਼ੋਸ਼ਣ ਕਰਨ ਵਾਲੇ ਤਕਰੀਬਨ 31 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਨਿਊਜਰਸੀ ਦੇ ਅਟਾਰਨੀ ਜਨਰਲ (ਏ ਜੀ) ਗ੍ਰ ਰ ਬ ੀ ਰ ਗਰੇਵਾਲ ਨੇ ਜਾਣਕਾਰੀ ਦਿੱਤੀ 18 ਤੋਂ 65 ਸਾਲ ਦੀ ਉਮਰ ਦੇ 31 ਆਦਮੀਆਂ ਨੂੰ ਅਪ੍ਰੈਲ ਤੋਂ ਜੂਨ ਦਰਮਿਆਨ ਫੜਿਆ ਗਿਆ ਸੀ। ਅਟ- ਾਰਨੀ ਜਨਰਲ ਨੇ ਦੱਸਿਆ ਕਿ ਨਿਊ- ਜਰਸੀ ਦੇ ਅਧਿਕਾਰੀਆਂ ਨੇ ਸੋਸ਼ਲ ਮੀਡੀਆ ਅਤੇ ਗੇਮਿੰਗ ਐਪਸ ਦੇ ਜ਼ਰੀਏ ਬੱਚਿਆਂ ਦਾ ਆਨਲਾਈਨ ਜਿਨਸੀ ਸ਼ੋਸ਼ਣ ਦੀ ਜਾਂਚ ਵਿੱਚ 31 ਆਦਮੀਆਂ ਨੂੰ ਕਾਬੂ ਕੀਤਾ। ਇਹਨਾਂ ਵਿਅਕਤੀਆਂ 'ਤੇ ਅਪ੍ਰੈਲ ਤੋਂ ਜੂਨ ਦਰਮਿਆਨ ਅਪਰਾਧਿਕ ਸ਼ੋਸ਼ਣ ਤੋਂ ਲੈ ਕੇ ਬਾਲ ਸੈਕਸ ਸ਼ੋਸ਼ਣ ਦੀ ਸਮੱਗਰੀ ਰੱਖਣ, ਜਿਸ ਵਿੱਚ ਬਾਲ ਬਲਾਤਕਾਰ ਦੀਆਂ ਵੀਡੀਓ ਵੀ ਸ਼ਾਮਲ ਹਨ, ਦੇ ਦੋਸ਼ ਹਨ। ਗਰੇਵਾਲ ਅਨੁਸਾਰ ਕੋਰੋਨਾ ਮਹਾਂਮਾਰੀ ਦੌਰਾਨ ਬੱਚਿਆਂ ਨੇ ਆਪਣੇ ਇਲੈਕਟ੍ਰਾਨਿਕ ਉਪਕਰਨਾਂ ਨਾਲ ਵਧੇਰੇ ਸਮਾਂ ਬਿਤਾਉਣਾ ਜਾਰੀ ਰੱਖਿਆ ਹੈ,





ਇਸ ਲਈ ਮਾਪਿਆਂ ਨੂੰ ਚੌਕਸ ਰਹਿਣਾ ਚਾਹੀਦਾ ਹੈ। ਏ ਜੀ ਨੇ ਜਾਣਕਾਰੀ ਦਿੱਤੀ ਕਿ ਮੁਲਜ਼ਮਾਂ ਵਿੱਚ 20 ਸਾਲਾਂ ਰਿਆਨ ਓਲਸਨ ਵੀ ਸ਼ਾਮਲ ਹੈ ਜਿਸ ਨੇ ਸੋਸ਼ਲ ਮੀਡੀਆ 'ਤੇ ਇੱਕ ਗੇਮ ਰਾਹੀਂ ਪੀੜਤ ਲੜਕੀ ਨੂੰ ਜਿਨਸੀ ਸਮੱਗਰੀ ਭੇਜਣ ਬਦਲੇ ਅੰਕ ਪ੍ਰਾਪਤ ਕਰਨ ਲਈ ਕਿਹਾ। ਇਸੇ ਤਰ੍ਹਾਂ ਹੀ ਹੋਰਨਾਂ ਅਪਰਾਧੀਆਂ ਨੇ ਵੀ ਬੱਚਿਆਂ ਦਾ ਸ਼ੋਸ਼ਣ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਤਰੀਕੇ ਅਪਣਾਏ।

# ਮਹਾਂਮਾਰੀ ਦੌਰਾਨ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ 90,000 ਤੋਂ ਵੱਧ ਮੌਤਾਂ

**ਫਰਿਜ਼ਨੋ (ਕੈਲੀਫੋਰਨੀਆ), 15 ਜੁਲਾਈ 2021-** ਪਿਛਲੇ ਸਾਲ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਅਮਰੀਕਾ ਵਿੱਚ ਲੱਖਾਂ ਮੌਤਾਂ ਤਾਂ ਹੋਈਆਂ ਹੀ ਹਨ , ਉਸਦੇ ਨਾਲ ਹੀ ਨਸ਼ਿਆਂ ਦੀ ਓਵਰਡੋਜ਼ ਕਾਰਨ ਵੀ 90,000 ਤੋਂ ਵੱਧ ਮੌਤਾਂ ਹੋਈਆਂ ਹਨ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਵੱਲੋਂ ਬੁੱਧਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2020 ਵਿੱਚ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਵਿੱਚ ਤਕਰੀਬਨ 30 ਫੀਸਦ ਵਾਧਾ ਹੋਇਆ ਹੈ, ਜਿਸ ਨਾਲ ਇਹਨਾਂ





ਦੀ ਗਿਣਤੀ 93,000 ਤੱਕ ਦਰਜ ਕੀਤੀ ਗਈ ਹੈ। ਅੰਕੜਿਆਂ ਅਨੁਸਾਰ ਮੌਤਾਂ ਹਰ ਦੇਸ਼ ਦੇ ਹਰ ਰਾਜ ਵਿੱਚ ਵਧੀਆਂ ਹਨ, ਪਰ ਸਾਊਥ ਡਕੋਟਾ ਅਤੇ ਨਿਊ ਹੈਂਪਸ਼ਾਇਰ ਵਿੱਚ ਜਿਆਦਾ ਹਨ। ਪਿਛਲੇ ਸਾਲ ਦੌਰਾਨ ਨਸ਼ੀਲੇ ਪਦਾਰਥਾਂ ਜਿਵੇਂ ਕਿ ਮੈਥਾਫੈਂਟਾਮ- ਾਈਨ ਅਤੇ ਫੈਂਟਾਨੈਲਜ਼ ਆਦਿ ਵਰਗੇ ਸਿੰਥੈਟਿਕ ਪਦਾਰਥਾਂ ਦੀ ਓਵਰਡੋਜ਼ ਕਰਕੇ ਹੋਈਆਂ ਹਨ। ਅਮਰੀਕਾ ਵਿੱਚ ਹਾਲ ਹੀ ਦੇ ਸਾਲਾਂ ਵਿੱਚ, ਨਸ਼ੇ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਨੇ ਕਾਰ ਕਰੈਸ਼ਾਂ, ਗੋਲੀਬਾਰੀ ਜਾਂ ਏਡਜ਼ ਆਦਿ ਨਾਲ ਹੁੰਦੀਆਂ ਮੌਤਾਂ ਦੀ ਸਲਾਨਾ ਗਿਣਤੀ ਨੂੰ ਪਛਾੜ ਦਿੱਤਾ ਹੈ। ਅੰਕੜਿਆਂ ਅਨੁਸਾਰ ਕੋਵਿਡ -19 ਕਾਰਨ ਹੁੰਦੀਆਂ ਮੌਤਾਂ ਦੀ ਗਿਣਤੀ ਪਿਛਲੇ ਸਾਲ 375,000 ਨੂੰ ਪਾਰ ਕਰ ਗਈ ਸੀ, ਜੋ ਕਿ ਅਮਰੀਕੀ ਮੌਤਾਂ ਦੀ ਸਭ ਤੋਂ ਵੱਡੀ ਘਟਨਾ ਹੈ, ਪਰ ਨਸ਼ਿਆਂ ਕਾਰਨ ਨੌਜਵਾਨਾਂ ਵਿੱਚ ਹੋਈਆਂ ਮੌਤਾਂ ਅਸਾਧਾਰਣ ਹਨ। ਸਿਹਤ ਮਾਹਿਰਾਂ ਅਨੁਸਾਰ ਕੋਰੋਨਾ ਮਹਾਂਮਾਰੀ ਨੇ ਬਿਨਾਂ ਸ਼ੱਕ ਨਸ਼ਿਆਂ ਦੀ ਓਵਰਡੋਜ਼ ਨਾਲ ਹੁੰਦੀਆਂ ਮੌਤਾਂ ਦੇ ਵਾਧੇ ਵਿਚ ਯੋਗਦਾਨ ਪਾਇਆ ਹੈ। ਅਮਰੀਕਾ ਵਿੱਚ ਨਸ਼ਿਆਂ ਦਾ ਰੁਝਾਨ ਫੈਂਟਾਨੈਲਜ਼ ਦੀ ਵੱਧ ਰਹੀ ਪਹੁੰਚ ਨੂੰ ਦਰਸਾ ਰਿਹਾ ਹੈ, ਜੋ ਕਿ ਅਕਸਰ ਕੋਕੀਨ ਅਤੇ ਮੈਥ ਵਰਗੇ ਨਸ਼ਿਆਂ ਵਿੱਚ ਮਿਲਾਇਆ ਜਾਂਦਾ ਹੈ।&; ਕੋਵਿਡ ਮਹਾਂਮਾਰੀ ਦੇ ਤਣਾਅ ਨੇ ਕਾਲੇ, ਲਾਤੀਨੋ ਅਤੇ ਮੂਲ ਅਮਰੀਕੀ ਲੋਕਾਂ ਨੂੰ ਵੀ ਅਸਿੱਧੇ ਢੰਗ ਨਾਲ ਪ੍ਰਭਾਵਤ ਕੀਤਾ ਹੈ ਅਤੇ ਨਸ਼ਿਆਂ ਦੀ ਵਰਤੋਂ ਦੀ ਸੰਭਾਵਨਾ ਵਿੱਚ ਵਾਧਾ ਹੋਇਆ ਹੈ।

# ਅਫਗਾਨੀ ਲੋਕਾਂ ਨੂੰ ਦਿੱਤੀ ਜਾਵੇਗੀ ਫੌਜੀ ਬੇਸ ਵਿੱਚ ਅਸਥਾਈ ਰਿਹਾਇਸ਼

**ਫਰਿਜ਼ਨੋ (ਕੈਲੀਫੋਰਨੀਆ), 20 ਜੁਲਾਈ 2021-** ਅਫਗਾਨਿਸਤਾਨ ਵਿੱਚ ਤਾਇਨਾਤ ਅਮਰੀਕੀ ਫੌਜਾਂ ਦੀ ਵਾਪਸੀ ਤੋਂ ਬਾਅਦ , ਬਾਈਡੇਨ ਪ੍ਰਸ਼ਾਸਨ ਵੱਲੋਂ ਉਹਨਾਂ ਅਫਗਾਨੀ ਲੋਕਾਂ ਦੀ ਸਹਾਇਤਾ ਮੁਹਿੰਮ ਸ਼ੁਰੂ ਕੀਤੀ ਹੈ, ਜਿਹਨਾਂ ਨੇ ਅਮਰੀਕੀ ਫੌਜਾਂ ਦੀ ਸਹਾਇਤਾ ਕੀਤੀ ਸੀ। ਇਸ ਮਹਿੰਮ ਦੇ ਤਹਿਤ ਤਕਰੀਬਨ 2,500 ਅਫਗਾਨਿਸਤਾਨੀ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਰਜੀਨੀਆ ਦੇ ਫੋਰਟ ਲੀ ਫੌਜੀ ਬੇਸ ਵਿੱਚ ਅਸਥਾਈ ਰਹਾਇਸ਼ ਦਿੱਤੀ ਜਾਵੇਗੀ। ਵਿਦੇਸ਼ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਇਸ ਕਾਰਵਾਈ ਲਈ ਵੀਜਾ ਪ੍ਰਕਿਰਿਆ ਐੱਸ ਆਈ ਵੀ ਦੇ ਬਿਨੈਕਾਰਾਂ ਦੇ ਪਹਿਲੇ ਗੇੜ ਨੂੰ ਫੋਰਟ ਲੀ ਵਿਖੇ ਅਸਥਾਈ ਤੌਰ 'ਤੇ ਰੱਖਿਆ ਜਾਵੇਗਾ , ਜਿੱਥੇ ਉਹ ਮੈਡੀਕਲ ਜਾਂਚ&; ਅਤੇ ਹੋਰ ਪ੍ਰਸ਼ਾਸਕੀ ਸ਼ਰਤਾਂ ਨੂੰ ਪੂਰਾ ਕਰਨਗੇ। ਇਹਨਾਂ 2500 ਅਫਗਾਨਾਂ ਵਿੱਚ 700 ਬਿਨੈਕਾਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਹਨ। ਪੈਂਟਾਗਨ ਦੇ ਪ੍ਰੈਸ ਸਕੱਤਰ ਜੌਹਨ ਕਿਰਬੀ ਅਨੁਸਾਰ ਰੱਖਿਆ ਵਿਭਾਗ ਫੋਰਟ ਲੀ ਤੋਂ ਇਲਾਵਾ ਹੋਰ ਘਰੇਲੂ ਟਿਕਾਣਿਆਂ 'ਤੇ ਵੀ ਵਿਚਾਰ ਕਰ ਰਿਹਾ ਹੈ ਅਤੇ ਵਿਦੇਸ਼ੀ ਥਾਵਾਂ ਵੀ ਬੇਨਤੀ ਕਰਨ ਵਾਲਿਆਂ ਲਈ ਵਿਚਾਰ ਅਧੀਨ ਹਨ। ਵਿਦੇਸ਼ ਵਿਭਾਗ ਦੀ ਜਾਣਕਾਰੀ ਅਨੁਸਾਰ ਐੱਸ ਆਈ ਵੀ ਦੀਆਂ ਅਜੇ ਵੀ 16,000 ਅਰਜ਼ੀਆਂ ਪ੍ਰਕਿਰਿਆ ਅਧੀਨ ਹਨ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਲੀਫੋਰਨੀਆ ਵਿਚ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਜਗਨਨਾਥ ਰੱਥ ਯਾਤਰਾ ਕੱਢੀ ਗਈ



**ਸੈਕਰਾਮੈਂਟੋ 19 ਜੁਲਾਈ–** ਕੈਲੀਫੋਰਨੀਆ ਵਿਚ ਨਾਇਲਜ ਫਰੀਮਾਂਟ ਮੰਦਰ ਤੋਂ ਭਗਵਾਨ ਜਗਨਨਾਥ ਰੱਥ ਯਾਤਰਾ ਪੂਰੇ ਉਤਸ਼ਾਹ ਤੇ ਸ਼ਰਧਾ ਨਾਲ ਕੱਢੀ ਗਈ ਜਿਸ ਵਿਚ ਸਨ ਫਰਾਂਸਿਸਕੋ ਬੇ ਏਰੀਆ ਤੋਂ ਭਾਰੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਿੱਸਾ ਲਿਆ। ਜਗਨਨਾਥ ਸਭਿਆਚਾਰ ਤੇ ਸਿੱਖਿਆ ਸੈਂਟਰ ਵੱਲੋਂ ਅਯੋਜਿਤ ਕੀਤੀ ਗਈ ਇਹ ਪਹਿਲੀ ਜਗਨਾਨਾਥ ਰੱਥ ਯਾਤਰਾ ਸੀ। ਮੰਦਿਰ ਵੱਲੋਂ ਜਾਰੀ ਪੈਰੈਸ ਰਲੀਜ਼ ਅਨੁਸਾਰ ਖੁਲੇ ਮੈਦਾਨ ਵਿਚ ਹੋਏ ਇਕੱਠ ਵਿਚ 500 ਤੋਂ ਵਧ ਭਾਰਤੀ–ਅਮਰੀਕੀ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ। ਯਾਤਰਾ ਤੋਂ ਪਹਿਲਾਂ ਮੰਦਿਰ ਦੇ ਪੁਜਾਰੀ ਵਿਸਵਾਮਜੀ ਵੱਲੋਂ ਵੰਦੇ ਮਾਤਰਮ ਦਾ ਗਾਇਣ ਕੀਤਾ ਗਿਆ। ਉਪਰੰਤ ਭਗਵਾਨ ਜਗਨਨਾਥ ਦੀ ਉਸਤਿਤ ਵਿਚ ਕੀਰਤਨ ਕੀਤਾ ਗਿਆ। ਇਸ ਮੌਕੇ ਭਗਵਾਨ ਜਗਨਨਾਥ ਦੇ ਭਗਤਾਂ ਨੇ ਨਾਚ ਕੀਤਾ ਤੇ ਗੀਤ–ਸੰਗੀਤ ਨਾਲ ਸ਼ਰਧਾਲੂਆਂ ਨੂੰ ਵੀ ਨੱਚਣ ਲਾ ਦਿੱਤਾ। ਇਸ ਤਰਾਂ ਲੱਗਦਾ ਸੀ ਜਿਵੇਂ ਭਾਰਤ ਦੇ ਕਿਸੇ ਸ਼ਹਿਰ ਵਿਚ ਸਮਾਗਮ ਹੋ ਰਿਹਾ ਹੋਵੇ। 24 ਫੁੱਟ ਉੱਚਾ ਰੱਥ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਗਿਆ ਸੀ ਜਿਸ ਨੂੰ ਕਲਾਕੈਰਿਤਾਂ ਤੇ ਫੁੱਲਾਂ ਨਾਲ ਸਜਾਇਆ ਗਿਆ। ਰੱਥ ਯਾਤਰਾ ਵਿਚ ਸ਼ਾਮਿਲ ਹੋਏ ਲੋਕਾਂ ਨੇ ਮਾਸਕ ਵੀ ਪਾਏ ਹੋਏ ਸਨ ਹਾਲਾਂ ਕਿ ਕੁਝ ਲੋਕ ਮਾਸਕ ਤੋਂ ਬਿਨਾਂ ਵੀ ਨਜਰ ਆਏ। ਰੱਥ ਯਾਤਰਾ ਵਿਚ ਹੋਰਨਾਂ ਤੋਂ ਇਲਾਵਾ ਫਰੀਮਾਂਟ ਦੇ ਮੇਅਰ ਲਿਲੀ ਮੀ, ਫਰੀਮਾਂਟ ਦੇ ਕੌਂਸਲ ਮੈਂਬਰ ਰਾਜ ਸਲਵਾਨ, ਹੇਵਰਡ ਸ਼ਹਿਰ ਦੇ ਕੌਂਸਲ ਮੈਂਬਰ ਅਈਸ਼ਾ ਵਾਹਬ, ਡਿਪਟੀ ਕੌਂਸਲੇਟ ਜਨਰਲ ਰਾਜੇਸ਼ ਨਾਇਕ ਤੇ ਗੁਜਰਾਤ ਕਲਚਰਲ ਐਸੋਸੀਏਸ਼ਨ ਦੇ ਪੈਰਧਾਨ ਮਹੇਸ਼ ਪਟੇਲ ਵੀ ਸ਼ਾਮਲ ਹੋਏ। ਪੈਰਬੰਧਕਾਂ ਨੇ ਕਿਹਾ ਹੈ ਕਿ ਜਗਨਨਾਥ ਯਾਤਰਾ ਕੱਢਣ ਦਾ ਮਕਸਦ ਭਾਰਤੀ ਸਭਿਆਚਾਰ ਨੂੰ ਪੈਰਫਲਿਤ ਕਰਨਾ ਹੈ ਤਾਂ ਜੋ ਮੌਜੂਦਾ ਤੇ ਆਉਣ ਵਾਲੀ ਪੀੜੀ ਆਪਣੀਆਂ ਮਾਨਤਾਵਾਂ ਤੇ ਵਿਰਸੇ ਨਾਲ ਜੁੜੀ ਰਹੇ।

# ਉੱਤਰੀ ਕੈਲੀਫੋਰਨੀਆ ਦੇ ਜੰਗਲ ਵਿੱਚ ਲੱਗੀ ਭਿਆਨਕ ਅੱਗ, ਹਜਾਰਾਂ ਲੋਕ ਭੱਜਣ ਲਈ ਮਜਬੂਰ




**ਸੈਕਰਾਮੈਂਟੋ 18 ਜੁਲਾਈ –** ਟਾਹੋ ਝੀਲ ਦੇ ਦੱਖਣ ਵਿਚ ਉੱਤਰੀ ਕੈਲੀਫੋਰਨੀਆ ਦੇ ਜੰਗਲ ਨੂੰ ਅਚਾਨਕ ਲੱਗੀ ਭਿਆਨਕ ਅੱਗ ਕਾਰਨ ਇਕ ਪਹਾੜੀ ਕਸਬਾ ਖਾਲੀ ਕਰਵ–ਾਉਣਾ ਪਿਆ ਹੈ ਤੇ ਹਜਾਰਾਂ ਲੋਕਾਂ ਨੂੰ ਖੇਤਰ ਵਿਚੋਂ ਨਿਕਲਣ ਲਈ ਮਜਬੂਰ ਹੋਣਾ ਪਿਆ ਹੈ।

ਸੀਰਾ ਨਵਾਡਾ ਵਿਚੋਂ ਨਿਕਲਣ ਵਾਲੀ ਪ੍ਰਸਿੱਧ ਬਾਈਕ ਦੌੜ ਵੀ ਰੱਦ ਕਰ ਦਿੱਤੀ ਗਈ ਜਿਸ ਕਾਰਨ ਇਸ ਬਾਈਕ ਦੌੜ ਮੁਕਾਬਲੇ ਨੂੰ ਵੇਖਣ ਆਏ ਤੇ ਮੁਕਾਬਲੇ ਵਿਚ ਹਿੱਸਾ ਲੈਣ ਆਏ ਹਜਾਰਾਂ ਬਾਈਕ ਸਵਾਰ ਖੇਤਰ ਵਿਚੋਂ ਨਿਕਲ ਗਏ। ਐਲਪਾਈਨ ਕਾਊਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਟਮਾਰੈਕ ਦੇ 500 ਏਕੜ ਜੰਗਲੀ ਖੇਤਰ ਨੂੰ ਲੱਗੀ ਅੱਗ 6600 ਏਕੜ ਤੋਂ ਵਧ ਰਕਬੇ ਵਿਚ ਫੈਲ ਗਈ ਜਿਸ ਕਾਰਨ ਖੇਤਰ ਵਿਚਲੇ ਬਹੁ–ਰਾਸ਼ਟਰੀ ਮਾਰਗ ਬੰਦ ਕਰ ਦਿੱਤੇ ਗਏ।

ਅੱਗ ਮਾਰਕਲੀਵਿਲੇ ਤੇ ਪਲੀਜੈਂਟ ਵਾਦੀ ਨੇੜੇ ਲੱਗੀ ਹੈ ਜਿਸ ਕਾਰਨ ਖੇਤਰ ਖਾਲੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

# ਕਾਰਬਨ ਮੋਨੋਆਕਸਾਈਡ ਜ਼ਹਿਰੀਲੀ ਗੈਸ ਨਾਲ ਤਿੰਨ ਮੌਤਾਂ ਦੋ ਦੀ ਹਾਲਤ ਗੰਭੀਰ



**ਸੈਕਰਾਮੈਂਟੋ 19 ਜੁਲਾਈ–** ਦੱਖਣੀ ਮਿਸ਼ੀਗਨ ਵਿਚ ਸੰਗੀਤ ਉਤਸਵ ਮੌਕੇ ਇਕ ਟਰੈਵਲ ਟਰੇਲਰ ਵਿਚ 3 ਵਿਅਕਤੀ ਮੈਰਿਤਕ ਪਾਏ ਗਏ ਜਦ ਕਿ ਦੋ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੂੰ ਫੋਨ ਮੈਰਿਤਕ ਵਿਅਕਤੀਆਂ ਦੇ ਇਕ ਦੋਸਤ ਨੇ ਕੀਤਾ ਸੀ ਜਿਸ ਨੇ ਫੋਨ ਉਪਰ ਦੱਸਿਆ ਕਿ ਉਸ ਦੇ ਸਾਥੀ ਹਿਲਜੁਲ ਨਹੀਂ ਰਹੇ। ਪੁਲਸ ਦਾ ਵਿਸ਼ਵਾਸ਼ ਹੈ ਕਿ ਇਹ ਮੌਤਾਂ ਕਾਰਬਨ ਮੋਨੋਆਕਸਾਈਡ ਜ਼ਹਿਰੀਲੀ ਗੈਸ ਚੜਨ ਨਾਲ ਹੋਈਆਂ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਹ ਗੈਸ ਟਰੇਲਰ ਦੇ ਨੇੜੇ ਰਖੇ ਇਕ ਜਨਰੇਟਰ ਤੋਂ ਲੀਕ ਹੋਈ ਸੀ। ਮਾਮਲੇ ਦੀ ਪੂਰੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਮਿਸ਼ੀਗਨ ਦੇ ਵੁੱਡਸਟਾਕ ਟਾਊਨਸ਼ਿੱਪ ਵਿਚ ਕਰਵਾਏ ਫਾਸਟਰ ਹੌਰਸਜ ਫੈਸਟੀਵਲੋ ਨਾਂ ਦੇ ਇਸ ਸੰਗੀਤ ਉਤਸਵ ਦਾ ਹਜਾਰਾਂ ਲੋਕਾਂ ਨੇ ਆਨੰਦ ਮਾਣਿਆ।

# ਵਰਜੀਨੀਆ ਦੇ ਡਿਪਟੀ ਨੂੰ ਬੇਹਥਿਆਰੇ ਵਿਅਕਤੀ ਉਪਰ ਗੋਲੀ ਚਲਾਉਣ ਦੇ ਮਾਮਲੇ ਵਿਚ ਕੀਤਾ ਨਾਮਜ਼ਦ

**ਸੈਕਰਾਮੈਂਟੋ 17 ਜੁਲਾਈ–** ਇਸ ਸਾਲ ਅਪ੍ਰੈਲ ਵਿਚ ਲਸੀਆਹ ਬਰਾਊਨ ਨਾਮੀ ਵਿਅਕਤੀ ਉਪਰ ਗੋਲੀ ਚਲਾ ਕੇ ਉਸ ਨੂੰ ਗੰਭੀਰ ਜਖਮੀ ਕਰ ਦੇਣ ਦੇ ਮਾਮਲੇ ਵਿਚ ਵਰਜਨੀਆ ਦੇ ਡਿਪਟੀ ਸ਼ੈਰਿਫ ਨੂੰ ਦੋਸ਼ੀ ਵਜੋਂ ਨਾਮਜਦ ਕੀਤਾ ਹੈ। ਦਰਜ ਮਾਮਲੇ ਵਿਚ ਕਿਹਾ ਗਿਆ ਹੈ ਕਿ ਜਿਸ ਸਮੇ ਸਪਾਟਸਿਲਵਾਨੀਆ ਕਾਊਂਟੀ ਦੇ ਡਿਪਟੀ ਡੇਵਿਡ ਟਰਬੀਫਿਲ ਨੇ ਬਰਾਊਨ ਉਪਰ ਗੋਲੀ ਚਲਾਈ ਉਸ ਸਮੇ ਉਸ ਕੋਲ ਕੋਈ ਹਥਿਆਰ ਨਹੀਂ ਸੀ। ਡਿਪਟੀ ਵਿਰੁੱਧ ਲਾਪਰਵਾਹੀ ਨਾਲ ਗੋਲੀ ਚਲਾਉਣ ਦਾ ਦੋਸ਼ ਲਾਇਆ ਗਿਆ ਹੈ ਜਿਸ ਕਾਰਨ ਬਰਾਊਨ ਜਿੰਦਗੀ ਭਰ ਲਈ ਅਪਾਹਜ਼ ਹੋ ਗਿਆ ਹੈ। ਡਿਪਟੀ ਦੇ ਵਕੀਲ ਮਾਰਕ ਬੌਂਗ ਨੇ ਦੋਸ਼ ਆਇਦ ਕਰਨ 'ਤੇ ਕੋਈ ਟਿਪਣੀ ਨਹੀਂ ਕੀਤੀ।

# ਕੈਲਫੋਰਨੀਆ ਦੇ ਮੱਧ ਵਰਗ ਨੂੰ 600 ਡਾਲਰ ਹੋਰ ਕੋਰੋਨਾ ਰਾਹਤ ਵਜੋਂ ਮਿਲਣਗੇ

**ਸੈਕਰਾਮੈਂਟੋ 18 ਜੁਲਾਈ–** ਅਮਰੀਕਾ ਦੇ ਵੱਖ ਵੱਖ ਰਾਜਾਂ ਵਿਚ ਕੋਰੋਨਾ ਕਾਰਨ ਹੋਏ ਵਿੱਤੀ ਨੁਕਸਾਨ ਵਿਚੋਂ ਲੋਕਾਂ ਨੂੰ ਉਭਾਰਨ ਲਈ ਯਤਨ ਨਿਰੰਤਰ ਜਾਰੀ ਹਨ। ਕੋਰੋਨਾ ਪਾਬੰਦੀਆਂ ਕਾਰਨ ਬਹੁਤ ਸਾਰੇ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਜਾਂ ਕਾਰੋਬਾਰ ਬੰਦ ਹੋ ਜਾਣ ਕਾਰਨ ਆਮਦਨੀ ਖਤਮ ਹੋ ਗਈ। ਕੈਲੀਫੋਰਨੀਆ ਸਰਕਾਰ ਨੇ ਮੱਧ ਵਰਗ ਦੇ ਲੋਕਾਂ ਲਈ ਇਕ ਹੋਰ ਪੈਕੇਜ਼ ਐਲਾਨਿਆ ਹੈ ਜਿਸ ਨੂੰ ਟੈਕਸ ਰਿਟਰਨਾਂ ਨਾਲ ਜੋੜਿਆ ਗਿਆ ਹੈ। ਦੋ ਮਹੀਨਿਆਂ ਦੀ ਜਕੋਤੱਕੀ ਉਪਰੰਤ ਕੈਲੀਫੋਰਨੀਆ ਦੇ ਦੋ ਤਿਹਾਈ ਟੈਕਸਦਾਤਾ ਨੂੰ 600 ਡਾਲਰ ਕੋਰੋਨਾ ਰਾਹਤ ਵਜੋਂ ਦੇਣ ਦਾ ਨਿਰਨਾ ਲਿਆ ਗਿਆ ਹੈ। ਇਹ ਐਲਾਨ ਰਾਜ ਦੇ ਗਵਰਨਰ ਗੈਵਿਨ ਨਿਊਸੋਮ ਦੇ ਦਫਤਰ ਵੱਲੋਂ ਕੀਤਾ ਗਿਆ ਹੈ। ਇਸ ਦੇ ਨਾਲ ਹੀ 500 ਡਾਲਰ ਉਨਾਂ ਲੋਕਾਂ ਨੂੰ ਵੱਖਰੇ ਦਿਤੇ ਜਾਣਗੇ ਜੋ ਆਪਣੇ ਆਸ਼ਿ੍ਤਾਂ ਨਾਲ ਰਹਿੰਦੇ ਹਨ। ਇਸ ਸਬੰਧੀ ਗਵਰਨਰ ਨੇ 100 ਬਿ–ਲੀਅਨ ਡਾਲਰ ਦੀ ਬਜਟ ਤਜਵੀਜ ਉਪਰ ਦਸਤਖਤ ਕੀਤੇ ਹਨ। ਇਹ ਅਦਾਇਗੀ 'ਗੋਲਡਨ ਸਟੇਟ ਪ੍ਰੋਤਸਾਹਨ ਪ੍ਰੋਗਰਾਮ' ਦਾ ਹਿੱਸਾ ਹੈ ਜਿਸ ਤਹਿਤ 3.8 ਬਿਲੀਅਨ ਡਾਲਰ ਦੀ ਅਦਾਇਗੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 75,000 ਡਾਲਰ ਪ੍ਰਤੀ ਸਾਲ ਤੋਂ ਘੱਟ ਕਮਾਈ ਵਾਲੇ ਮੱਧ ਵਰਗੀ ਲੋਕਾਂ ਨੂੰ 600 ਡਾਲਰ ਦੀ ਅਦਾਇਗੀ ਕੀਤੀ ਜਾਵੇਗੀ। ਕੈਲੀਫੋਰਨੀਆ ਫਰੈਂਚਾਈਜ ਟੈਕਸ ਬੋਰਡ ਜੋ ਰਾਜ ਦੀ ਟੈਕਸ ਇਕੱਠਾ ਕਰਨ ਵਾਲੀ ਏਜੰਸੀ ਹੈ, ਅਨੁਸਾਰ ਗੋਲਡਨ ਸਟੇਟ ਪ੍ਰੋਤਸਾਹਨ ਚੈੱਕ ਸਤੰਬਰ ਵਿਚ ਮਿਲਣੇ ਸ਼ੁਰੂ ਹੋ ਜਾਣ ਦੀ ਆਸ ਹੈ। ਏਜੰਸੀ ਅਨੁਸਾਰ ਇਹ ਅਦਾਇਗੀ ਪ੍ਰਤੀ ਟੈਕਸ ਰਿਟਰਨ ਦੇ ਹਿਸਾਬ ਨਾਲ ਕੀਤੀ ਜਾਵੇਗੀ ਨਾ ਕਿ ਪ੍ਰਤੀ ਘਰ ਅਨੁਸਾਰ ਹੋਵੇਗੀ। ਇਕੋ ਰਿਹਾਇਸ਼ ਵਿਚ ਰਹਿੰਦੇ ਦੋ ਵਿਅਕਤੀ ਜੇਕਰ ਉਹ ਯੋਗ ਹੋਣਗੇ ਤਾਂ ਇਹ ਚੈੱਕ ਲੈ ਸਕਣਗੇ। ਏਜੰਸੀ ਨੇ ਕਿਹਾ ਹੈ ਕਿ ਇਹ ਅਦਾਇਗੀ ਚੈੱਕ ਰਾਹੀਂ ਵੀ ਮਿਲ ਸਕਦੀ ਹੈ ਜਾਂ ਫਿਰ ਸਿੱਧੀ ਖਾਤਿਆਂ ਵਿਚ ਵੀ ਜਾ ਸਕਦੀ ਹੈ। ਏਜੰਸੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਰਾਜ ਦੇ ਇਤਿਹਾਸ ਵਿਚ ਇਹ ਸਭ ਤੋਂ ਵੱਡਾ ਆਰਥਕ ਪੁਨਰ ਬਹਾਲੀ ਪੈਕੇਜ਼ ਹੈ।



# ਦੁਨੀਆ ਭਰ ਵਿਚ ਕੋਰੋਨਾ ਮਾਮਲੇ ਤੇ ਮੌਤਾਂ ਵਧੀਆਂ-ਵਿਸ਼ਵ ਸਿਹਤ ਸੰਗਠਨ

## ਵਧੇ ਮਾਮਲਿਆਂ ਕਾਰਨ ਅਮਰੀਕਾ ਦੀ ਲਾਸ ਏਂਜਸਲ ਕਾਉਂਟੀ ਵਿਚ ਇਨਡੋਰ ਇਕੱਠਾਂ ਦੌਰਾਨ ਮਾਸਕ ਪਾਉਣਾ ਹੋਇਆ ਲਾਜ਼ਮੀ

**ਸੈਕਰਾਮੈਂਟੋ 16 ਜੁਲਾਈ–** ਵਿਸ਼ਵ ਸਿਹਤ ਸੰਗਠਨ ਨੇ ਚਿ–ਤਾਵਨੀ ਦਿੱਤੀ ਹੈ ਕਿ ਦੁਨੀਆ ਭਰ ਵਿਚ ਕੋਰੋਨਾ ਮਾਮਲੇ ਤੇ ਮੌਤਾਂ ਵਧ ਰਹੀਆਂ ਹਨ। ਇਸ ਲਈ ਟੀਕਾਕਰਣ ਵਿਚ ਤੇਜੀ ਲਿਆਉਣੀ ਤੇ ਇਹਤਿਆਤ ਵਰਤਣਾ ਜਰੂਰੀ ਹੈ। ਹਾਲ ਹੀ ਵਿਚ ਕੋਰੋਨਾ ਮਾਮਲਿਆਂ ਵਿੱਚ ਆਏ ਉਛਾਲ ਕਾਰਨ ਅਮਰੀਕਾ ਵਿਚ ਸਭ ਤੋਂ ਵਧ ਆਬਾਦੀ ਵਾਲੀ ਕਾਊਂਟੀ ਲਾਸ ਏਂਜਲਸ ਵਿਚ ਇਨਡੋਰ ਸਮਾਗਮਾਂ ਜਾਂ&; ਇਕੱਠਾਂ ਦੌਰਾਨ ਲੋਕਾਂ ਲਈ ਮਾਸਕ ਪਾਉਣਾ ਲਾਜਮੀ ਹੋਵੇਗਾ। ਉਨਾਂ ਲੋਕਾਂ ਨੂੰ ਵੀ ਮਾਸਕ ਪਾਉਣ ਦੀ ਲੋੜ ਹੈ ਜਿਨਾਂ ਦਾ ਮੁਕੰਮਲ ਜਾਂ ਅੱਧਾ ਟੀਕਾਕਰਣ ਹੋ ਚੁੱਕਾ ਹੈ। ਕੈਲੀਫੋਰਨੀਆ ਦੇ ਕੋਰੋਨਾ ਪਾਬੰਦੀਆਂ ਤੋਂ ਮੁਕਤ ਹੋਣ ਤੋਂ ਇਕ ਮਹੀਨੇ ਬਾਅਦ ਮੁੜ ਮਾਸਕ ਪਹਿਣਨਾ ਜਰੂਰੀ ਕੀਤਾ ਗਿਆ ਹੈ। ਇਹ ਆਦੇਸ਼ ਸ਼ਨੀਵਾਰ ਠੀਕ 11 ਵਜ ਕੇ 59 ਮਿੰਟ 'ਤੇ ਲਾਗੂ ਹੋ ਜਾਵੇਗਾ। ਕਾਊਂਟੀ ਦੇ ਸਿਹਤ ਅਧਿ–ਕਾਰੀ ਡਾ ਮੂੰਟੂ ਡੇਵਿਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਾਡੇ ਲਈ ਬਹੁਤ ਹੀ ਗੰਭੀਰ ਸਮਾਂ ਹੈ। ਅਸੀਂ ਇਹਤਿਆਤ ਵਰਤ ਕੇ ਸੰਜਮ ਨਾਲ ਸਥਿੱਤੀ ਨੂੰ ਨਿਯੰਤਰਣ ਵਿੱਚ ਕਰ ਸਕਦੇ ਹਾਂ। ਜੌਹਨ ਹੋਪਕਿਨਜ ਯੁਨੀ–ਵਰਸਿਟੀ ਵੱਲੋਂ ਬੁੱਧਵਾਰ ਨੂੰ ਖਤਮ ਹੋਏ ਹਫਤੇ ਦੌਰਾਨ ਇਕੱਠੇ ਕੀਤੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਅਮ–ਰੀਕਾ ਵਿਚ ਹਰ ਘੰਟੇ ਵਿੱਚ ਕੋਰੋਨਾ ਦੇ 1000 ਤੋਂ ਵਧ ਨਵੇਂ ਮਾਮਲੇ ਦਰਜ ਹੋ ਰਹੇ ਹਨ। ਪ੍ਰਤੀ ਦਿਨ ਔਸਤ 25300 ਨਵੇਂ ਕੋਰੋਨਾ ਮਾਮਲੇ ਸਾਹਮਣੇ ਆ ਰਹੇ ਹਨ ਜੋ ਕਿ ਜੂਨ 22 ਨੂੰ ਖਤਮ ਹੋਏ ਹਫਤੇ ਨਾਲੋਂ ਦੁੱਗਣੇ ਹਨ। ਲੋਵਾ ਤੇ ਦੱਖਣੀ ਡਕੋਤਾ ਨੂੰ ਛੱਡ ਕੇ ਅਮਰੀਕਾ ਦੇ 48 ਰਾਜਾਂ ਵਿਚ ਮਾਮਲੇ ਵਧੇ ਹਨ ਹਾਲਾਂ ਕਿ ਇਹ ਮਾਮਲੇ ਜਦੋਂ ਕੋਰੋਨਾ ਮਹਾਮਾਰੀ ਸਿਖਰ 'ਤੇ ਸੀ, ਦਾ 10% ਹੀ ਬਣਦੇ ਹਨ। ਫਲੋਰੀਡਾ , ਟੈਕਸਾਸ ਤੇ ਕੈਲੀਫੋਰਨੀਆ ਅਜਿਹੇ ਰਾਜ ਹਨ ਜਿਥੇ ਸਭ ਤੋਂ ਵਧ ਨਵੇਂ ਕੋ–ਰੋਨਾ ਮਾਮਲੇ ਆਏ ਹਨ।&; ਫਲੋਰੀਡਾ ਵਿਚ 7011 , ਟੈਕਸਾਸ 3611 ਤੇ ਕੈਲੀਫੋਰਨੀਆ ਵਿਚ 3439 ਨਵੇਂ ਮਾਮਲੇ ਦਰਜ ਹੋਏ ਹਨ। ਜਾਰਜੀਆ ਸਟੇਟ ਯੁਨੀਵਰਸਿਟੀ ਦੇ ਜਨ ਸਿਹਤ ਬਾਰੇ ਪ੍ਰੋਫੈਸਰ ਸਾਰਾਹ ਮੈਕੂਲ ਅਨੁਸਾਰ ਨਵੇਂ ਮਾਮਲੇ ਟੀਕਾਕਰਣ ਦੀ ਮੱਠੀ ਰਫਤਾਰ, ਮਾਸਕ ਪਹਿਣਨ ਤੇ ਹੋਰ ਇਹਤਿਆਤੀ ਪਾਬੰਦੀਆਂ ਵਿਚ ਢਿੱਲ ਦੇਣ ਤੇ ਵਾਇਰਸ ਦੇ ਡੈਲਟਾ ਰੂਪ ਦੇ ਫੈਲਾਅ ਕਾਰਨ ਵਧੇ ਹਨ।

ਅਮਰੀਕਾ ਦੇ ਜਿਆਦਾਤਰ ਰਾਜਾਂ ਵਿਚ ਮੌਤਾਂ ਦੀ ਗਿਣਤੀ ਵੀ ਵਧੀ ਹੈ। ਇਹ ਵਾਧਾ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਵੀ ਹੋਇਆ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਦੁਨੀਆ ਭਰ ਵਿਚ 9 ਹਫਤਿਆਂ ਦੌਰਾਨ ਨਿਰੰਤਰ ਮੌਤਾਂ ਘਟਣ ਤੋਂ ਬਾਅਦ ਪਿਛਲੇ ਹਫਤੇ ਮੌਤਾਂ ਵਧੀਆਂ ਹਨ। ਪਿਛਲੇ ਹਫਤੇ 55000 ਜਾਨਾਂ ਗਈਆਂ ਹਨ ਜੋ ਕਿ ਇਕ ਹਫਤਾ ਪਹਿਲਾਂ ਦੀ ਤੁਲਨਾ ਵਿਚ 3% ਜਿਆਦਾ ਹਨ।&; ਵਿਸ਼ਵ ਵਿਚ ਪਿਛਲੇ ਹਫਤੇ ਕੋਰੋਨਾ ਮਾਮਲਿਆਂ ਵਿੱਚ 10% ਦਾ ਵਾਧਾ ਹੋਇਆ ਹੈ ਤੇ ਤਕਰੀਬਨ 30 ਲੱਖ ਨਵੇਂ ਮਾਮਲੇ ਦਰਜ ਹੋਏ ਹਨ।

# ਅਦਾਲਤ ਵੱਲੋਂ ਪ੍ਰਵਾਸੀ ਬੱਚਿਆਂ ਦੀ ਤਰਫਦਾਰੀ ਕਰਨ ਵਾਲਾ ਉਬਾਮਾ ਪ੍ਰਸ਼ਾਸਨ ਦਾ ਪ੍ਰੋਗਰਾਮ ਗੈਰ ਕਾਨੂੰਨੀ ਕਰਾਰ

**ਸੈਕਰਾਮੈਂਟੋ 17 ਜੁਲਾਈ–** ਹੋਸਟਨ ਦੀ ਇਕ ਸੰਘੀ ਅਦਾਲਤ ਨੇ ਇਕ ਅਹਿਮ ਨਿਰਨੇ ਵਿਚ ਬਿਨਾਂ ਦਸਤਾਵੇਜ ਵਾਲੇ ਪ੍ਰਵਾਸੀ ਜੋ ਅਮਰੀਕਾ ਵਿਚ ਬੱਚਿਆਂ ਦੇ ਰੂਪ ਵਿੱਚ ਆਏ ਸਨ, ਦੀ ਤਰਫਦਾਰੀ ਕਰਨ ਵਾਲਾ ਉਬਾਮਾ ਪ੍ਰਸ਼ਾਸਨ ਦਾ ਪ੍ਰੋਗਰਾਮ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਹੈ ਤੇ ਇਸ ਪ੍ਰੋਗਰਾਮ ਤਹਿਤ ਨਵੀਆਂ ਦਰਖਾਸਤਾਂ ਲੈਣ ਉਪਰ ਰੋਕ ਲਾ ਦਿੱਤੀ ਹੈ। ਇਹ ਨਿਰਨਾ ਯੂ ਐਸ ਡਿਸਟ੍ਰਿਕਟ ਜੱਜ ਐਂਡਰੀਊ ਹੇਨਨ ਨੇ ਟੈਕਸਸ ਤੇ ਹੋਰ ਰਾਜਾਂ ਵੱਲੋਂ ਉਬਾਮਾ ਪ੍ਰਸ਼ਾਸਨ ਦੇ 'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ ਪ੍ਰੋਗਰਾਮ' (ਡੀ ਏ ਸੀ ਏ) ਨੂੰ ਚੁਣੌਤੀ ਦੇਣ ਸਬੰਧੀ 2018 ਵਿਚ ਦਾਇਰ ਪਟੀਸ਼ਨ ਉਪਰ ਸੁਣਵਾਈ ਉਪਰੰਤ ਸੁਣਾਇਆ।

ਪਟੀਸ਼ਨ ਵਿਚ ਬੇਨਤੀ ਕੀਤੀ ਗਈ ਸੀ ਕਿ ਇਸ ਪ੍ਰੋਗਰਾਮ ਨਾਲ ਸਵਿਧਾਨ ਦੀ ਉਲੰਘਣਾ ਹੋਈ ਹੈ ਤੇ ਕਾਂਗਰਸ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਅਖੋਂ ਪਰੋਖੇ ਕੀਤਾ ਗਿਆ ਹੈ। ਸੰਘੀ ਅਦਾਲਤ ਦਾ ਇਹ ਨਿਰਨਾ 2017 ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਉਸ ਨਿਰਨੇ ਦੇ ਉਲਟ ਹੈ ਜਿਸ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਡੀ ਏ ਸੀ ਏ ਪ੍ਰੋਗਰਾਮ ਖਤਮ ਕਰਨ ਦੀ ਕੋਸ਼ਿਸ਼ ਗੈਰ ਕਾਨੂੰਨੀ ਹੈ। ਇਸ ਤੋਂ ਪਹਿਲਾਂ ਇਸੇ ਸਾਲ ਨਿਊਯਾਰਕ ਦੀ ਇਕ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਆਦੇਸ਼ ਦਿੱਤਾ ਸੀ ਕਿ ਰਾਸ਼ਟਰਪਤੀ ਬਰਾਕ ਉਬਾਮਾ ਵੱਲੋਂ ਲਿਆਂਦਾ ਪ੍ਰੋਗਰਾਮ ਬਹਾਲ ਕੀਤਾ ਜਾਵੇ।

ਡੀ ਏ ਸੀ ਏ ਪ੍ਰੋਗਰਾਮ ਤਤਕਾਲ ਰਾਸ਼ਟਰਪਤੀ ਬਰਾਕ ਉਬਾਮਾ ਨੇ ਜੂਨ 2012 ਵਿਚ ਲਿਆਂਦਾ ਸੀ ਜਿਸ ਤਹਿਤ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਆਏ ਬੱਚਿਆਂ ਨੂੰ ਦੇਸ਼ ਨਿਕਾਲਾ ਦੇਣ ਉਪਰ ਰੋਕ ਲਾ ਦਿੱਤੀ ਸੀ ਤੇ ਇਨਾਂ ਬੱਚਿਆਂ ਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਪ੍ਰੋਗਰਾਮ ਤਹਿਤ ਜਿਹੜੇ ਬੱਚੇ ਬਿਨਾਂ ਦਸਤਾਵੇਜ 16 ਸਾਲ ਤੋਂ ਘੱਟ ਉਮਰ ਵਿਚ ਅਮਰੀਕਾ ਆਏ ਸਨ ਤੇ ਜੂਨ 2012 ਵਿਚ 31 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਹਨ, ਨੂੰ ਦੋ ਸਾਲ ਦਾ ਬਿਨਾਂ ਕਿਸੇ ਪੁੱਛਗਿੱਛ ਦੇ ਵਰਕ ਪਰਮਿਟ ਦੇਣ ਤੇ ਵਰਕ ਪਰਮਿਟ ਨਵਿਆਉਣ ਦੀ ਵਿਵਸਥਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, ਕੈਲੀਫ਼ੋਰਨੀਆ ਦੀ ਨਵੀਂ ਕਮੇਟੀ ਦੀ ਹੋਈ ਸਿਲੈਕਸ਼ਨ



ਫਰਿਜ਼ਨੋ (ਬਿਊਰੋ)- ਹਮੇਸ਼ਾ ਦੀ ਤਰਾਂ ਇਸ ਵਾਰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ, ਫਰਿਜ਼ਨੋ ਦੀ ਕਮੇਟੀ ਦੀ ਸਿਲੈਕਸ਼ਨ ਸਰਬ-ਸੰਮਤੀ ਨਾਲ ਹੋਈ। ਕੈਲੇਫੋਰਨੀਆ ਦੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਇਤਿਹਾਸ ਵਿਚ ਪਹਿਲਾਂ ਮੌਕਾ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਟੈਂਪਲ, ਫਰਿਜ਼ਨੋ ਦੀ ਚੇਅਰਪਰਸਨ ਦਾ ਮੌਕਾ ਕਿਸੇ ਬੀਬੀ ਨੂੰ ਮਿਲਿਆ।

ਨਵੀਂ ਕਮੇਟੀ ਦੇ ਸੇਵਾਦਾਰ ਇਸ ਪ੍ਰਕਾਰ ਹਨ -

ਚੇਅਰਪਰਸਨ, ਸ੍ਰੀਮਤੀ ਹਰਬੰਸ ਕੌਰ ਬੰਗੜ  
ਵਾਇਸ ਚੇਅਰਮੈਨ, ਸ੍ਰੀ ਕੇਵਲ ਚੌਹਾਨ  
ਪ੍ਰਧਾਨ, ਸ੍ਰੀ ਮਲਕੀਤ ਸਿੰਘ ਬੰਗੜ  
ਵਾਇਸ ਪ੍ਰਧਾਨ, ਸ੍ਰੀ ਅਮਰ ਦੜੋਚ  
ਜਨਰਲ ਸਕੱਤਰ, ਸ੍ਰੀ ਸੁੱਚਾ ਸਿੰਘ ਭਾਟੀਆ  
ਸਹਾਇਕ ਜਨਰਲ ਸਕੱਤਰ, ਸ੍ਰੀ ਸੁੱਚਾ ਸਿੰਘ ਝਾਮਟ  
ਖਚਾਨਚੀ, ਸ੍ਰੀ ਦਵਿੰਦਰ ਸਿੰਘ ਨਿਗਾਹ  
ਸਹਾਇਕ ਖਚਾਨਚੀ, ਸ੍ਰੀ ਕੁਲਦੀਪ ਸਿੰਘ  
ਸਟੇਜ ਸਕੱਤਰ, ਸ੍ਰੀ ਸੁਰਜੀਤ ਸਿੰਘ  
ਸਹਾਇਕ ਸਟੇਜ ਸਕੱਤਰ, ਦੀਪਿਕਾ ਕਲੇਰ  
ਮੀਡੀਆ ਸਲਾਹਕਾਰ, ਸ੍ਰੀ ਰਤਨ ਪਾਲ ਜੱਸੀ


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਭਾਜਪਾ ਪੰਜਾਬ ਦੇ ਜਰਨਲ ਸਕੱਤਰ ਰਾਜੇਸ ਬਾਘਾ ਵੱਲੋਂ ਅਨਮੋਲ ਗਗਨ ਮਾਨ ਦਾ ਸੰਵਿਧਾਨ ਤੇ ਗਲਤ ਬੋਲਣ ਦੀ ਕੀਤੀ ਨਿੰਦਾ

**ਜਲੰਧਰ (ਬਿਊਰੋ)**–ਪੰਜਾਬੀ ਗਾਇਕੀ ਛੱਡ ਰਾਜਨੀਤੀ ਵਿੱਚ ਆਈ ਅਨਮੋਲ ਗਗਨ ਮਾਨ ਹਮੇਸ਼ਾ ਹੀ ਚਰਚਾ ਵਿੱਚ ਰਹਿੰਦੀ ਹੈ ਹੁਣ ਉਨੈਹਾਂ ਵੱਲੋਂ ਸੰਵਿਧਾਨ ਤੇ ਉਂਗਲ ਚੁੱਕਦਿਆਂ ਇੰਡੀਆ ਦੇ ਸੰਵਿਧਾਨ ਨੂੰ ਗਲਤ ਦੱਸਿਆ ਗਿਆ ਇਸ ਦੀ ਨਿੰਦਿਆ ਕਰਦੇ ਭਾਜਪਾ ਪੰਜਾਬ ਦੇ ਜਰਨਲ ਸਕੱਤਰ ਰਾਜੇਸ ਬਾਘਾ ਵੱਲੋਂ ਅਨਮੋਲ ਗਗਨ ਮਾਨ ਦੀ ਨਿੰਦਿਆ ਕੀਤੀ ਗਈ ਹੈ। ਉਨੈਹਾਂ ਕਿਹਾ ਕਿ ਅਨਮੋਲ ਗਗਨ ਮਾਨ ਵੱਲੋਂ ਸੰਵਿਧਾਨ ਬਾਰੇ ਜੋ ਗਲਤ ਬੋਲਿਆ ਗਿਆ ਹੈ। ਇਹ ਨਿੰਦਣਯੋਗ ਹੈ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ 32 ਡਿਗਰੀਆਂ ਹਾਸਲ ਕਰਨ ਤੋਂ ਬਾਅਦ ਸੰਵਿਧਾਨ ਲਿਖਿਆ ਗਿਆ ਸੀ। ਇਹ ਕੌਣ ਹੁੰਦੀ ਹੈ ਇਸ ਤੇ ਗਲਤ ਬੋਲਣ ਵਾਲੀ ਉਨੈਹਾਂ ਕਿਹਾ ਕਿ ਇਹੋ ਜਿਹੇ ਲੋਕ ਜੋ ਸੰਵਿਧਾਨ ਬਾਰੇ ਗਲਤ ਬੋਲਦੇ ਹਨ। ਉਹਨਾਂ ਤੇ ਕਾਰਵਾਈ ਹੋਣੀ ਚਾਹੀਦੀ ਹੈ। ਬਾਬਾ ਸਾਹਿਬ ਨੇ ਸੰਵਿਧਾਨ ਲਿਖਿਆ ਹੈ ਸੰਵਿਧਾਨ ਵਿਚ ਔਰਤਾਂ ਨੂੰ ਬਰਾਬਰ ਦਾ ਹੱਕ ਦਿੱਤਾ ਹੈ। ਪਰ ਅਨਮੋਲ ਗਗਨ



ਮਾਨ ਹੀ ਸੰਵਿਧਾਨ ਬਾਰੇ ਉਂਗਲ ਚੁੱਕ ਰਹੀ ਹੈ ਕਿ ਇਹ ਉਲਟ ਹੈ। ਇਹ ਬਹੁਤ ਹੀ ਨਿੰਦਣਯੋਗ ਹੈ। ਉਨੈਹਾਂ ਇਹ ਵੀ ਕਿਹਾ ਕਿ ਅਨਮੋਲ ਗਗਨ ਮਾਨ ਤੇ ਸੰਵਿਧਾਨ ਦੇ ਮੁਤਾਬਕ ਕਾਰਵਾਈ ਹੋਣੀ ਚਾਹੀਦੀ ਹੈ। ਜਿਨਾਂ ਨੇ ਲੋਕਾਂ ਦੀਆ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਬੀਬੀ ਜੀ ਜੇਕਰ ਤੁਹਾਨੂੰ ਸੰਵਿਧਾਨ ਬਾਰੇ ਜਾਣਕਾਰੀ ਹੀ ਨਹੀਂ ਹੈ ਤਾਂ ਸੰਵਿਧਾਨ ਨੂੰ ਪੜ ਲੈ. ਜੋ ਅੱਜ ਤੂੰ ਰਾਜਨੀਤੀ ਵਿੱਚ ਆ ਕੇ ਬੋਲ ਰਹੀ ਏ ਇਹ ਸਭ ਬਾਬਾ ਸਾਹਿਬ ਜੀ ਦੀ ਦੇਣ ਹੈ। ਉਹਨਾਂ ਵੱਲੋਂ ਅਨਮੋਲ ਗਗਨ ਮਾਨ ਇਹ ਵੀ ਕਿਹਾ ਗਿਆ ਕਿ ਜਿਸ ਸੰਵਿਧਾਨ ਨੂੰ ਤੂੰ ਬਹੁਤ ਗ਼ਲਤ ਬਣਿਆ ਦੱਸ ਰਹੀ ਹੈ। ਸੰਵਿਧਾਨ ਦਾ ਗੰਦਾ ਡਿਸੀਜ਼ਨ ਕਹਿ ਰਹੀਏ। ਬਾਬਾ ਸਾਹਿਬ ਜੀ ਦੇ ਬਣਾਏ ਸੰਵਿਧਾਨ ਨੇ ਹੀ ਤੈਨੂੰ ਸਿਰ ਦਾ ਤਾਜ ਬਣਾਇਆ ਹੈ ਨਹੀਂ ਤਾਂ ਅੱਜ ਤੁਸੀਂ ਆਪਣੇ ਘਰ ਕਿਸੇ ਕੋਨੇ ਵਿਚ ਬੈਠੇ ਹੋਣਾ ਸੀ। ਉਨੈਹਾਂ ਕਿਹਾ ਕਿ ਅਨਮੋਲ ਗਗਨ ਮਾਨ ਅਤੇ ਪੂਰੀ ਆਮ ਆਦਮੀ ਪਾਰਟੀ ਪੰਜਾਬ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਤਾਂ ਜੋ ਬਾਬਾ ਸਾਹਿਬ ਜੀ ਦੇ ਲਿਖੇ ਸੰਵਿਧਾਨ ਬਾਰੇ ਹੋਰ ਕੋਈ ਵੀ ਗਲਤ ਨਾ ਬੋਲ ਸਕੇ।

# ਫੇਸਬੁੱਕ ਵੈਕਸੀਨ ਬਾਰੇ ਗਲਤ ਸੂਚਨਾ ਰਾਹੀਂ ਲੋਕਾਂ ਨੂੰ ਮਾਰ ਨਹੀਂ ਰਿਹਾ - ਜੋ ਬਾਇਡਨ

**ਸੈਕਰਾਮੈਂਟੋ 20 ਜੁਲਾਈ (ਹੁਸਨ ਲੜੋਆ ਬੰਗਾ)**– ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਜਿਨਾਂ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਫੇਸਬੁੱਕ ਲੋਕਾਂ ਨੂੰ ਮਾਰ ਰਿਹਾ ਹੈ ਕਿਉਂਕਿ ਉਹ ਅਜਿਹੇ ਲੋਕਾਂ ਨੂੰ ਆਪਣੇ ਪਲੇਟਫਾਰਮ ਉਪਰ ਥਾਂ ਦੇ ਰਿਹਾ ਹੈ ਜੋ ਕੋਰੋਨਾ ਵੈਕਸੀਨ ਬਾਰੇ ਭਰਮ ਤੇ ਗਲਤ ਜਾਣਕਾਰੀ ਫੈਲਾਅ ਰਹੇ ਹਨ, ਨੇ ਆਪਣੇ ਬਿਆਨ ਤੋਂ ਪਲਟਦੇ ਹੋਏ ਫੇਸਬੁੱਕ ਬਾਰੇ ਨਰਮ ਪਹੁੰਚ ਅਪਣਾਉਂਦਿਆਂ ਕਿਹਾ ਹੈ ਕਿ ਫੇਸਬੁੱਕ ਲੋਕਾਂ ਨੂੰ ਨਹੀਂ ਮਾਰ ਰਿਹਾ। ਰਾਸ਼ਟਰਪਤੀ ਇਕ ਪੱਤਰਕਾਰ ਵੱਲੋਂ ਫੇਸਬੁੱਕ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਰਾਸ਼ਟਰਪਤੀ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਵਾਈਟ ਹਾਊਸ ਦੀ ਪੈਰੈਸ ਸਕੱਤਰ ਬੀਬੀ ਜੇਨ ਪਸਾਕੀ ਨੇ ਕਿਹਾ ਕਿ ਵਾਈਟ ਹਾਊਸ ਦੀ ਫੇਸਬੁੱਕ ਨਾਲ ਕੋਈ ਲੜਾਈ ਨਹੀਂ ਹੈ ਨਾ ਹੀ ਕੋਈ ਝਗੜਾ ਹੈ। ਸਾਡੀ ਲੜਾਈ ਵਾਇਰਸ ਨਾਲ ਹੈ। ਪਿਛਲੇ ਹਫਤੇ ਪਸਾਕੀ ਨੇ ਸਖਤ ਰੁਖ ਅਪਣਾਉਂਦਿਆਂ ਕਿਹਾ ਸੀ ਕਿ ਸਾਡੀ ਵੱਡੀ ਚਿੰਤਾ ਇਹ ਹੈ ਕਿ ਦੇਸ਼ ਵਿਚ ਅਨੇਕਾਂ ਲੋਕ ਗਲਤ ਜਾਣਕਾਰੀ ਮਿਲਣ ਕਾਰਨ ਕੋਰੋਨਾ ਤੋਂ ਬਚਾਅ ਲਈ ਟੀਕੇ ਨਹੀਂ ਲਵਾ ਰਹੇ ਜਿਸ ਕਾਰਨ ਮੌਤਾਂ ਹੋ ਰਹੀਆਂ ਹਨ। ਇਥੇ ਜਿਕਰਯੋਗ ਹੈ ਕਿ ਅਮਰੀਕੀ ਸਰਜਨ ਜਨਰਲ ਵਿਵੇਕ ਮੂਰਤੀ ਨੇ ਅਹੁੱਦਾ ਸੰਭਾਲਣ ਤੋਂ ਬਾਅਦ ਚਿਤਾਵਨੀ ਦਿੱਤੀ ਸੀ ਕਿ ਸਿਹਤ ਬਾਰੇ ਗਲਤ ਜਾਣਕਾਰੀ ਲੋਕਾਂ ਲਈ ਖਤਰਾ ਪੈਦਾ ਕਰ ਰਹੀ ਹੈ।

ਉਨਾਂ ਨੇ ਸੋਸ਼ਲ ਮੀਡੀਆ ਕੰਪਨੀਆਂ ਕਿਹਾ ਹੈ ਕਿ ਉਹ ਆਪਣੀ ਪੈਰਣਾਲੀ ਨੂੰ ਨਵੇਂ ਸਿਰੇ ਤੋਂ ਵਿਕਸਤ ਕਰਨ ਤਾਂ ਜੋ ਝੂਠੀ ਤੇ ਬੇਬੁਨਿਆਦੀ ਜਾਣਕਾਰੀ ਨੂੰ ਰੋਕਿਆ ਜਾ ਸਕੇ।

# 10 ਸਾਲਾਂ ਦੀ ਭਾਰਤੀ-ਅਮਰੀਕੀ ਕੁੜੀ ਨੇ ਕਰ ਦਿੱਤੀ ਕਮਾਲ, ਦੂਸਰੀ ਕਾਵਿ ਪੁਸਤਕ ਛਪਕੇ ਹੋਈ ਤਿਆਰ

**ਸੈਕਰਾਮੈਂਟੋ 20 ਜੁਲਾਈ (ਹੁਸਨ ਲੜੋਆ ਬੰਗਾ)**– ਲੁਇਸਵਿਲੇ, ਕੈਂਟੁਕੀ ਵਾਸੀ ਭਾਰਤੀ-ਅਮਰੀਕੀ ਕੁੜੀ ਨੇ 10 ਸਾਲ ਦੀ ਉਮਰ ਵਿਚ ਉਹ ਕਰ ਵਿਖਾਇਆ ਹੈ ਜੋ ਸ਼ਾਇਦ ਹੀ ਕਿਸੇ ਦੇ ਹਿੱਸੇ ਆਇਆ ਹੋਵੇ। ਉਸ ਨੇ ਆਪਣੀ ਦੂਸਰੀ ਕਾਵਿ ਪੁਸਤਕ ਪੈਰਕਾਸ਼ਿਤ ਕਰਕੇ ਸਭ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਸ਼ੈਰੇਅੰਸ਼ੀ ਕੁਮਾਰੀ ਜੋ ਏਸ਼ੀਆ ਬੁੱਕ ਆਫ ਰਿਕਾਰਡੋ ਦਾ ਗਰੈਂਡ ਮਾਸਟਰ ਟਾਇਟਲ ਜਿੱਤ ਚੁੱਕੀ ਹੈ, ਨੇ ਆਪਣੀ ਦੂਸਰੀ ਕਾਵਿ ਪੁਸਤਕ ਲੋਇਸਵਿਲੇ ਦੇ ਐਲੀਮੈਂਟਰੀ ਸਕੂਲ ਵਿਚ ਆਪਣੀ ਪੜਾਈ ਦੇ ਆਖਰੀ ਸਾਲ ਦੌਰਾਨ ਲਿਖੀ ਹੈ। ਇਸ ਸਾਲ



ਫਰਵਰੀ ਵਿਚ ਕੁਮਾਰੀ ਕਾਵਿ ਸੰਸਾਰ ਦੇ ਰੂਬਰੂ ਹੋਈ ਸੀ ਜਦੋਂ ਉਸ ਦੀ ਪਹਿਲੀ ਕਾਵਿ ਪੁਸਤਕ 'ਪੰਡੇਮਿਕ 2020, ਪੋਇਟਿਕ ਵਿੰਟਰ ਇਵਨਿੰਗਜ਼ੋ ਰਲੀਜ ਹੋਈ ਸੀ। ਉਸ ਦੀ ਦੂਸਰੀ ਪੁਸਤਕ 'ਰਾਈਮਿੰਗ ਵਾਈਬਜ, ਰਾਈਡਿੰਗ ਦ ਪੋਇਟਿਕ ਵੇਵਜ਼' ਛਪਕੇ ਤਿਆਰ ਹੋ ਗਈ ਹੈ। ਉਸ ਨੇ ਇਸ ਪੁਸਤਕ ਵਿਚ ਸ਼ਾਮਿਲ ਜਿਆਤਰ ਕਵਿਤਾਵਾਂ ਕੌਮੀ ਕਾਵਿ ਮਹੀਨੇ ਅਪਰੈਲ ਦੌਰਾਨ ਲਿਖੀਆਂ ਹਨ। ਪੁਸਤਕ ਦੀ ਭੂਮਿਕਾ ਉਸ ਦਾ ਹੌਸਲਾ ਵਧਾਉਣ ਵਾਲੇ ਅਧਿਆਪਕ ਲੌਰੇਨ ਡਿਕੀ ਨੇ ਲਿਖੀ ਹੈ। ਉਸ ਨੇ ਇਕ ਗਲਪ ਪੁਸਤਕ ਉਪਰ ਸਹਿ ਸੰਪਾਦਕ ਵਜੋਂ ਕੰਮ ਵੀ ਕੀਤਾ ਹੈ।

# ਪੌਦੇ ਲਗਾਉਣ ਦੀ ਸ਼ੁਰੂਆਤ ਕਰਕੇ ਇੰਜ.ਧਨੋਆ ਨੇ ਜਨਮ ਦਿਨ ਮਨਾਇਆ

ਸਾਰਕ ਦੇਸ਼ਾਂ ਦੀ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ ਫੈਡਰੇਸ਼ਨ ਦੇ ਸਾਬਕਾ ਚੇਅਰਮੈਨ,ਕੌਂਸਲ ਆਫ ਡਿਪਲੋਮਾ ਇੰਜੀਨੀਅਰਜ ਫੈਡਰੇਸ਼ਨ ਇੰਡੀਆ ਦੇ ਸਾਬਕਾ ਚੇਅਰਮੈਨ ਅਤੇ ਡਿਪਲੋਮਾ ਇੰਜੀਨੀਅਰਜ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਅਤੇ ਲੇਖਕ ਇੰਜੀਨੀਅਰ ਸਤਨਾਮ ਸਿੰਘ ਧਨੋਆ ਨੇ ਆਪਣੇ ਜਨਮ ਦਿਨ ਤੇ ਬੂਟੇ ਲਗਾਉਣ ਦੀ ਵਿੱਢੀ ਮੁਹਿੰਮ ਨੂੰ ਜਾਰੀ ਰੱਖਦਿਆਂ ਆਪਣੇ ਮੁਬਾਰਕ ਜਨਮ ਦਿਨ



ਤੇ ਆਪਣੇ ਪਰਿਵਾਰ ਸਮੇਤ ਮਾਤਾ ਅਮਰ ਕੌਰ ਸੇਵਾ ਸੋਸਾਇਟੀ ਪਿੰਡ ਧਨੋਆ ਦੀ ਹਾਜ਼ਰੀ ਚ ਗੁਰਦੁਆਰਾ ਗਰਨਾ ਸਾਹਿਬ ਬੋਦਲ ਵਿਖੇ ਫਲਦਾਰ ਬੂਟੇ ਲਗਾ ਆਪਣਾ ਜਨਮ ਦਿਨ ਮਨਾਇਆ। ਇੰਜਨੀਅਰ ਸਤਨਾਮ ਸਿੰਘ ਧਨੋਆ ਨੇ ਦੱਸਿਆ ਕਿ ਉਹ ਆਪਣੇ ਸਾਥੀਆਂ ਸਮੇਤ ਪਿਛਲੇ ਲੰਮੇ ਸਮੇਂ ਤੋਂ ਧਰਤੀ ਤੇ ਰੁੱਖਾਂ ਦੀ ਘਾਟ ਰਹੀ ਤਾਦਾਦ ਕਰਕੇ ਪੈਦਾ ਹੋ ਰਹੇ ਸੰਕਟ ਦੇ ਮੱਦੇਨਜ਼ਰ ਵੱਖ ਵੱਖ ਥਾਵਾਂ ਤੇ ਛਾਂਦਾਰ ਅਤੇ ਫਲਦਾਰ ਬੂਟੇ ਲਗਾ ਰਹੇ ਹਨ।







# ਖਟਕੜ ਕਲਾਂ ਵਿਖੇ ਵਿਚਾਰ ਚਰਚਾ ਅਤੇ ਕਵੀ ਦਰਬਾਰ





**ਬੰਗਾ -(ਰੇਸ਼ਮ ਕਰਨਾਣਵੀ)** ਪ੍ਰਗਤੀਸ਼ੀਲ ਲੇਖਕ ਸੰਘ ਜ਼ਿਲਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ, ਚਾਚਾ ਸ਼ਹੀਦ ਸਵਰਨ ਸਿੰਘ ਅਤੇ ਸਾਥੀ ਬੀ.ਕੇ. ਦੱਤ ਦੀ ਯਾਦ ਨੂੰ ਸਮਰਪਿਤ ਕਿਸਾਨ ਸੰਘਰਸ਼ ਦੇ ਪੈਰਸੰਗ ਵਿਚ ਵਿਚਾਰ ਚਰਚਾ ਅਤੇ ਕਵੀ ਦਰਬਾਰ ਕਰਵਾਇਆ ਗਿਆ।

ਇਹ ਸਮਾਗਮ ਬੀਬੀ ਅਮਰ ਕੌਰ ਯਾਦਗਾਰੀ ਹਾਲ, ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ ਖਟਕੜ ਕਲਾਂ ਵਿਖੇ ਕੀਤਾ ਗਿਆ। ਇਸ ਸਮਾਗਮ ਦੇ ਪੈਰਧਾਨਗੀ ਮੰਡਲ ਵਿਚ ਪੈਰੋ. ਜਗਮੋਹਣ ਸਿੰਘ, ਪੈਰੋ ਸੁਰਜੀਤ ਜੱਜ, ਪ੍ਰੋ. ਬਲਦੇਵ ਸਿੰਘ ਬੱਲੀ, ਸ਼ਾਇਰ ਸੁਨੀਲ ਚੰਦਿਆਣਵੀ ਅਤੇ ਹਰਬੰਸ ਹੀਉਂ ਸ਼ਾਮਿਲ ਹੋਏ। ਪੈਰੋ ਜਗਮੋਹਣ ਸਿੰਘ ਨੇ ਬੀਬੀ ਅਮਰ ਕੌਰ, ਸ਼ਹੀਦ ਸਵਰਣ ਸਿੰਘ ਅਤੇ ਬੈਕਟੇਸ਼ਵਰ ਦੱਤ ਦੀਆਂ ਕੁਰਬਾਨੀਆਂ ਦੀ ਚਰਚਾ ਕਰਦੇ ਹੋਏ ਨੌਜਵਾਨਾਂ, ਔਰਤਾਂ ਅਤੇ ਕੁੜੀਆਂ ਨੂੰ ਆਪਣੇ ਇਤਿਹਾਸਕ ਵਿਰਸੇ ਨਾਲ ਜੋੜਣ ਦੀ ਲੋੜ ਵੱਲ ਧਿਆਨ ਕੇਂਦਰਿਤ ਕਰਨ ਲਈ ਵਿਚਾਰ ਪੈਰਗਟ ਕੀਤੇ। ਪੈਰੋ. ਸੁਰਜੀਤ ਜੱਜ ਨੇ ਕਿਹਾ ਕਿ ਚਲ ਰਿਹਾ ਕਿਸਾਨ ਘੋਲ ਕੋਈ ਆਰ ਪਾਰ ਦੀ ਲੜਾਈ ਨਹੀਂ ਹੈ। ਹੋਰ ਘੋਲਾਂ ਲਈ ਰਾਹ ਦਰਸਾਵਾ ਹੈ।

ਇਸ ਘੋਲ ਤੋਂ ਬਾਅਦ ਵੀ ਘੋਲ ਚਲਦੇ ਰਹਿਣਗੇ। ਇਸ ਘੋਲ ਨੇ ਹਾਕਮਾਂ ਦੀਆਂ ਬਹੁਤ ਸਾਰੀਆਂ ਚਾਲਾਂ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ। ਪੈਰੋ. ਬਲਦੇਵ ਸਿੰਘ ਬੱਲੀ ਨੇ ਆਜ਼ਾਦੀ ਸੰਗਰਾਮ ਦੇ ਜੁਝਾਰੂਆਂ ਨੂੰ ਸਮਰਪਿਤ ਇਸ ਸਮਾਗਮ ਲਈ ਪੈਰਬੰਧਕਾਂ ਨੂੰ ਮੁਬਾਰਕਾਂ ਦਿੱਤੀਆਂ।

ਇਸ ਸਮਾਗਮ ਦੌਰਾਨ ਅਧਿਆਪਕਾ ਰੇਸ਼ਮ ਕੌਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਅਤੇ ਮੀਤੂ ਬੰਗਾ ਨੂੰ ਫਾਊਂਡੇਸ਼ਨ ਵੱਲੋਂ ਟੈਰਾਈ ਸਾਈਕਲ ਭੇਂਟ ਕੀਤੇ ਗਏ। ਇਸ ਸਮੇਂ ਹੋਏ ਕਵੀ ਦਰਬਾਰ ਵਿਚ ਸੁਰਜੀਤ ਜੱਜ, ਸੁਨੀਲ ਚੰਦਿਆਣਵੀ, ਨਵਤੇਜ ਗੜ੍ਹਦੀਵਾਲਾ, ਕੁਲਵਿੰਦਰ ਬੱਛੋਆਣਾ, ਤਲਵਿੰਦਰ ਸ਼ੇਰਗਿੱਲ, ਸੋਹਣ ਆਦੋਆਣਾ, ਰੇਸ਼ਮ ਕਰਨਾਣਵੀ, ਦੀਪ ਕਲੇਰ, ਜਸਵੰਤ ਖਟਕੜ, ਪਰਮਜੀਤ ਕਾਹਮਾ, ਕੈਰਿਸ਼ਨ ਹੀਉਂ, ਧਰਮਿੰਦਰ ਮਸਾਣੀ, ਤਰਸੇਮ ਸਾਕੀ, ਸੀਤਲ ਰਾਮ ਬੰਗਾ, ਸ਼ਿਗਾਰਾ ਲੰਗੇਰੀ, ਪਰਮਿੰਦਰ ਕਲੇਰਾਂ, ਰਵੀ ਗੁਰਦਾਸਪੁਰੀ ਆਦਿ ਨੇ ਆਪਣੀਆਂ ਕਾਵਿ-ਰਚਨਾਵਾਂ ਸੁਣਾਈਆਂ। ਇਸ ਸਮਾਗਮ ਵਿੱਚ ਪੈਰਿੰਸੀਪਲ ਸਵਿੰਦਰ ਪਾਲ ਕਮਲਾ ਨਹਿਰੂ ਕਾਲਜ ਫਗਵਾੜਾ, ਪੈਰੋ. ਐਚ. ਐਮ. ਸਿੰਘ, ਪਰਮਜੀਤ ਕੌਰ, ਡਾ. ਸਰਗਮ ਪ੍ਰੀਤ, ਹਰਪੈਰੀਤ ਕੌਰ ਅਰੋੜਾ, ਪਰਮਜੀਤ ਚਾਹਲ ਐਡਵੋਕੇਟ, ਡਾ. ਬਲਦੇਵ ਸਿੰਘ ਬੀਕਾ, ਕਸ਼ਮੀਰੀ ਲਾਲ ਮੰਗੂਵਾਲ, ਗੁਰਜੀਤ ਸਿੰਘ ਦੁਸਾਂਝ, ਸੋਹਣ ਸਿੰਘ ਟੋਨੀ, ਤਾਰਾ ਸਿੰਘ ਚੇੜਾ, ਸੰਤੋਖ ਜੱਸੀ, ਰਵਿੰਦਰ ਸਿੰਘ ਝਿੱਕਾ, ਗੁਰਨਾਮ ਸਿੰਘ ਅੰਬਾਲਵੀਂ, ਉਂਕਾਰ ਸਿੰਘ ਸਾਹਲੋਂ, ਅਮਰਜੀਤ ਸਿੰਘ, ਕੁਲਵਿੰਦਰ ਕੌਰ ਆਦਿ ਹਾਜ਼ਰ ਹੋਏ।

----

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਪਾਦਰੀ ਸਟੈਨ ਸਵਾਮੀ ਦੇ ਕਤਲ ਤੇ ਰੋਸ ਵਿਅਕਤ

**ਹੁਸ਼ਿਆਰਪੁਰ (ਬਿਊਰੋ)-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਅਹਿਮ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪਾਦਰੀ ਸਟੈਨ ਸਵਾਮੀ ਦੇ ਜੇਲ੍ਹ ਵਿੱਚ ਹੋਏ ਕਤਲ ਸਬੰਧੀ ਪੇਸ਼ ਕੀਤੇ ਗਏ ਮਤੇ ਤੇ ਡਾ. ਕਰਮਜੀਤ ਸਿੰਘ, ਮਦਨ ਵੀਰਾ, ਡਾ. ਅਵਤਾਰ ਹੋਠੀ, ਡਾ. ਜਸਵੰਤ ਰਾਏ, ਸੁਰਿੰਦਰ ਕੰਗਵੀ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਇਕੱਲਾ ਸਟੈਨ ਸਵਾਮੀ ਦਾ ਹੀ ਨਹੀਂ ਸਗੋਂ ਹਰ ਇਨਸਾਫ ਪਸੰਦ ਅਤੇ ਮਾਨਵੀ ਭਾਵਨਾਵਾਂ ਵਾਲੇ ਲਬਰੇਜ਼ ਵਿਅਕਤੀ ਦਾ ਕਤਲ ਹੈ।

ਸਵਾਮੀ ਹੁਰੀਂ ਸਾਰੀ ਉਮਰ ਨਿੱਜਵਾਦ ਤੋਂ ਉਪਰ ਉੱਠ ਕੇ ਆਦਿਵਾਸੀਆਂ ਅਤੇ ਦਲਿਤਾਂ ਦੇ ਹੱਕਾਂ ਲਈ ਸੰਘਰਸ਼ ਕਰਦੇ ਰਹੇ।ਅੱਜ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਇੱਕ ਪਚਾਸੀ ਸਾਲ ਦੇ ਪਾਰਕਿਨਸਨ ਗ੍ਰਸਤ ਬਿਮਾਰੀ ਨਾ.ਲ ਜੂਝ ਰਹੇ ਵਿਅਕਤੀ ਤੋਂ ਇੰਨਾ ਖਤਰਾ ਕਿਵੇਂ ਹੋ ਸਕਦਾ ਸੀ। ਜੇਲ੍ਹ ਵਿੱਚ ਉਸਨੂੰ ਸਿੱਪਰ ਤੱਕ ਮੁਹੱਈਆ ਨਾ ਕਰਵਾਇਆ ਜਾ ਸਕਿਆ।



ਅਸੀਂ ਕਿਸ ਤਰ੍ਹਾਂ ਦੇ ਲੋਕਤੰਤਰ ਵਿੱਚ ਰਹਿ ਰਹੇ ਹਾਂ?ਸਾਹਿਤਕਾਰਾਂ ਨੇ ਜਿੱਥੇ ਸਵਾਮੀ ਦੇ ਕਤਲ ਦੀ ਨਿੰਦਾ ਕੀਤੀ ਉੱਥੇ ਨਾ.ਲ ਹੀ ਕਿਹਾ ਕਿ ਦੇਸ਼ ਧ੍ਰੋਹ ਦੇ ਨਾਂ ਹੇਠ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਤੇ ਸਮਾਜਿਕ ਕਾਰਕੁੰਨਾਂ ਨੂੰ ਬਿਨਾ ਸ਼ਰਤ ਰਿਹਾਅ ਕੀਤਾ ਜਾਵੇ।

ਸਭਾ ਦੇ ਮੈਂਬਰਾਂ ਵਲੋਂ ਸ਼੍ਰੀ ਕੇ.ਸੀ. ਸੁਲੇਖ ਦੀਆਂ ਦੋ ਕਿਤਾਬਾਂ "ਮੇਰਾ ਜੀਵਨ ਸਫਰ-ਅੰਬੇਡਕਰ ਮਿਸ਼ਨ ਕੀ ਰਾਹ ਪਰ" ਅਤੇ "ਅੰਧੇਰੇ ਮੇਂ ਅੰਬੇਡਕਰੀ ਕਿਰਣੇਂ" ਲੋਕ-ਅਰਪਣ ਕੀਤੀਆਂ ਗਈਆਂ।ਡਾ. ਜਸਵੰਤ ਰਾਏ ਨੇ ਲੇਖਕ ਅਤੇ ਕਿਤਾਬਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸੁਲੇਖ ਸਾਹਿਬ ਡਾ. ਅੰਬੇਡਕਰ ਦੇ ਕਰੀਬੀ ਸਾਥੀ ਰਹੇ ਜਿਹੜੇ ਹੁਣ ਵੀ ਪਚੱਨਵੇਂ ਸਾਲ ਦੀ ਉਮਰ ਵਿੱਚ ਉਨ੍ਹਾਂ ਵਲੋਂ ਦੱਸੇ ਹੋਏ ਰਸਤੇ ਨੂੰ ਪ੍ਰਣਾਏ ਹੋਏ ਸਮਾਜ ਲਈ ਬੜੀ ਸ਼ਿੱਦਤ ਨਾਲ ਪੜ੍ਹਨ ਲਿਖਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਦੀਆਂ ਇਹ ਦੋਵੇਂ ਲਿਖਤਾਂ ਸੰਘਰਸ਼ੀ ਜੀਵਨ, ਵਿਗਿਆਨਕ ਸੋਚ, ਅੰਬੇਡਕਰੀ ਮਿਸ਼ਨ, ਦਲਿਤਾਂ, ਔਰਤਾਂ ਅਤੇ ਘੱਟ ਗਿਣਤੀਆਂ ਦੇ ਜੀਵਨ ਦਰਸ਼ਨ ਨੂੰ ਬਿਆਨ ਕਰਦੀਆਂ ਹਨ। ਉਪਰੰਤ ਰਚਨਾਵਾਂ ਦੇ ਦੌਰ ਵਿੱਚ ਕੁਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ, ਤ੍ਰਿਪਤਾ ਕੇ ਸਿੰਘ, ਸਤੀਸ਼ ਕੁਮਾਰ, ਪ੍ਰਿੰ. ਗੁਰਦਿਆਲ ਸਿੰਘ ਫੁਲ, ਪ੍ਰਿੰ. ਸਤਵੰਤ ਕੌਰ ਕਲੋਟੀ, ਹਰਵਿੰਦਰ ਸਾਹਬੀ, ਸੋਮਦੱਤ ਦਿਲਗੀਰ, ਦਰਸ਼ਨ ਸਿੰਘ ਦਰਸ਼ਨ, ਲਖਵਿੰਦਰ ਰਾਮ, ਰਾਜ ਕੁਮਾਰ ਨੇ ਹਾਜ਼ਰੀ ਲਗਵਾਈ। ਪ੍ਰਧਾਨਗੀ ਭਾਸ਼ਣ ਵਿੱਚ ਮਦਨਵੀਰਾ ਨੇ ਪੇਸ਼ ਕੀਤੀਆਂ ਰਚਨਾਵਾਂ ਤੇ ਭਾਵਪੂਰਤ ਟਿੱਪਣੀਆਂ ਕੀਤੀਆਂ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਚਲਾਈ।

# ਛੇਵੇਂ ਤਨਖਾਹ ਕਮਿਸ਼ਨ ਦੇ ਵਿਰੋਧ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ ਲਈ ਸਰਕਾਰ ਦਾ ਪੁਤਲਾ ਫੂਕਿਆ



**ਹੁਸ਼ਿਆਰਪੁਰ-** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਵਲੋਂ ਚੇਅਰਮੈਨ ਸ. ਜਸਬੀਰ ਸਿੰਘ ਪਾਲ, ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਅਤੇ ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਰਾਏ ਦੇ ਦਿਸ਼ਾ ਨਿਰਦੇਸ਼ ਅਤੇ ਤਹਿਸੀਲ ਪ੍ਰਧਾਨ ਸ. ਜਰਨੈਲ ਸਿੰਘ ਸੀਕਰੀ ਦੀ ਅਗਵਾਈ ਵਿੱਚ ਛੇਵੇਂ ਪੇ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਾਉਣ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਾਉਣ ਲਈ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਵਿਖੇ ਰੋਸ ਧਰਨੇ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਚਾਰ ਸਾਲ ਤੱਕ ਅੱਖਾਂ ਮੀਟ ਕੇ ਘੂਕ ਸੁੱਤੀ ਰਹੀ ਹੈ ਅਤੇ ਹੁਣ ਲਿੱਪਾ ਪੋਚੀ ਕਰਕੇ ਆਮ ਲੋਕਾਂ ਨੂੰ ਵਰਾਉਣ ਦੀ ਕੋਸ਼ਿਸ਼ ਕਰ ਰਹੀ ਹੈ।


ਵਿਦਿਆਰਥੀਆਂ ਦਾ ਵਜ਼ੀਫਾ, ਸ਼ਗਨ ਸਕੀਮਾਂ ਦੇ ਪੈਸੇ, ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ, 10-10-14 ਦਾ ਗੈਰ ਸੰਵਿਧਾਨਕ ਪੱਤਰ ਰੱਦ ਕਰਾਉਣ, 85ਵੀਂ ਸੰਵਿਧਾਨਕ ਸੋਧ ਸਹੀ ਤਰ੍ਹਾਂ ਨਾਲ ਲਾਗੂ ਕਰਾਉਣ, ਬੈਕ ਲਾਗ ਪੂਰਾ ਪਰਾਉਣ, ਪ੍ਰਾਈਵੇਟ ਖੇਤਰ ਵਿੱਚ ਰਾਖਵਾਂਕਰਨ ਲਾਗੂ ਕਰਾਉਣ, ਮਜ਼ਦੂਰ ਵਰਗ ਦਾ ਕਰਜ਼ਾ ਛੇਤੀ ਤੋਂ ਛੇਤੀ ਮੁਆਫ ਕਰਾਉਣ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਆਦਿ ਮੰਗਾਂ ਨੂੰ ਲੈ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਦਲਿਤ ਸਮਾਜ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਸੁਹਿਰਦਤਾ ਨਾ ਦਿਖਾਈ ਤਾਂ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ , ਕਸਬਿਆਂ ਅਤੇ ਸ਼ਹਿਰਾਂ ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰਕੇ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ।




ਉਪਰੰਤ ਮੁਲਾਜ਼ਮਾਂ ਨੇ ਰੋਸ ਪ੍ਰਦਰਸ਼ਨ ਕਰਦਿਆਂ ਮਿੰਨੀ ਸਕੱਤਰੇਤ ਦੇ ਸਾਹਮਣੇ ਪੰਜਾਬ ਸਰਕਾਰ ਦਾ ਪੁਤਲਾ ਅਤੇ ਪੇ ਕਮਿਸ਼ਨ ਦੀਆਂ ਕਾਪੀਆਂ ਸਾੜੀਆਂ।ਇਸ ਮੌਕੇ ਸੂਬਾ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁਲ, ਲੈਕ. ਬਲਦੇਵ ਸਿੰਘ ਧੁੱਗਾ, ਲੈਕ. ਬਲਜੀਤ ਸਿੰਘ, ਯੋਧਾ ਮੱਲ, ਕੁਲਵੰਤ ਸਿੰਘ, ਪ੍ਰਭਜੋਤ ਸਿੰਘ, ਲਖਵਿੰਦਰ ਰਾਮ, ਗੁਲਜਾਰੀ ਲਾਲ, ਰਿੰਕੂ ਭਾਟੀਆ, ਸੁਖਵੀਰ ਸਿੰਘ, ਸਚਿਨ, ਉਂਕਾਰ ਸਿੰਘ, ਰੇਸ਼ਮ ਸਿੰਘ, ਸੁਖਵੀਰ ਸਿੰਘ, ਰੇਸ਼ਮ ਸਿੰਘ, ਸੁਰਜੀਤ ਸਿੰਘ, ਜਸਬੀਰ ਸਿੰਘ, ਜਸਪਾਲ ਸਿੰਘ, ਪ੍ਰਿੰ. ਦਰਸ਼ਨ ਸਿੰਘ, ਕਸ਼ਮੀਰ ਸਿੰਘ, ਜਸਵੀਰ ਸਿੰਘ, ਲਹਿੰਬਰ ਰਾਮ ਝਮਟ, ਪ੍ਰੋ. ਅਮਨ ਕੁਮਾਰ, ਐਡਵੋਕੇਟ ਹਨੀ ਆਜ਼ਾਦ, ਪ੍ਰੋ. ਕਸ਼ਮੀਰ ਸਿੰਘ ਲੱਧੜ, ਧਰਮਿੰਦਰ ਸਿੰਘ ਭੁਲਾਰਾਇ, ਗੁਰਜਿੰਦਰ ਸਿੰਘ, ਗੁਰਮੁਖ ਸਿੰਘ, ਬਲਦੇਵ ਸਿੰਘ, ਪ੍ਰਿੰ ਸੁਰਿੰਦਰ ਸਿੰਘ ਆਦਿ ਸੈਕੜੇ ਵਰਕਰ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**

# ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ ਉਡਾਰੀਆਂ ਅਤੇ ਸਾਧੂ ਸਿੰਘ ਸੰਘਾ ਦਾ ਨਾਵਲ ਤਿੜਕਦੀ ਹਵੇਲੀ ਸਾਹਿਤਕਾਰਾਂ, ਪੱਤਰਕਾਰਾਂ ਅਤੇ ਕਵੀਆਂ ਦੀ ਹਾਜ਼ਰੀ ਵਿੱਚ ਫਰਿਜਨੋ ਵਿਖੇ ਲੋਕ ਅਰਪਣ




























**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜਨੋ (ਕੈਲੀਫੋਰਨੀਆਂ) 17 ਜੁਲਾਈ 2021 –** ਲੰਘੇ ਸ਼ੁੱਕਰਵਾਰ ਫਰਿਜਨੋ ਦੇ ਨੌਰਥ ਪੁਆਇੰਟ ਈਵੈਂਟ ਸੈਂਟਰ (ਕਰੈਹੀ ਹਾਊਸ ਰੈਸਟੋਰੈਂਟ)ਵਿਖੇ ਸਥਾਨਿਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ "ਇੰਡੋ- ਯੂ.ਐਸ. ਏ. ਹੈਰੀਟੇਜ਼ ਫਰਿਜਨੋ ਵੱਲੋਂ ਸਾਧੂ ਸਿੰਘ ਸੰਘਾ ਦਾ ਨਾਵਲ "ਤਿੜਕਦੀ ਹਵੇਲੀ" ਅਤੇ ਰਣਜੀਤ ਗਿੱਲ ਦਾ ਪਲੇਠਾ ਕਾਵਿ ਸੰਗ੍ਰਹਿ "ਉਡਾਰੀਆਂ" ਲੋਕ ਅਰਪਣ ਕੀਤੇ ਗਏ। ਇਹ ਸਮਾਗਮ ਉੱਘੇ ਕਾਰੋਬਾਰੀ ਚਰਨਜੀਤ ਸਿੰਘ ਬਾਠ ਵੱਲੋਂ ਸਪਾਂਸਰ ਕੀਤਾ ਗਿਆ। ਇਸ ਮੌਕੇ ਪੰਜਾਬੀ ਸਹਿਤ ਸਭਾ ਕੈਲੀਫੋਰਨੀਆ ਦੇ ਮੈਂਬਰ ਉਚੇਚੇ ਤੌਰ ਤੇ ਸੈਕਰਾਮੈਂਟੋ ਤੋਂ ਪਹੁੰਚੇ ਹੋਏ ਸਨ। ਇਸ ਮੌਕੇ ਮੁੱਖ ਮਹਿਮਾਨ ਡਾਕਟਰ ਪਿਰਥੀਪਾਲ ਸਿੰਘ ਸੋਹੀ ਅਤੇ ਪ੍ਰੋਫੈਸਰ ਹਰਿੰਦਰ ਕੌਰ ਸੋਹੀ ਸਰੀ ਕਨੇਡਾ ਤੋਂ ਘੁੰਡ ਚੁਕਾਈ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਖ਼ਾਸ ਸੱਦੇ ਤੇ ਆਏ ਹੋਏ ਸਨ। ਇਹ ਦੋਵੇਂ ਕਿਤਾਬਾਂ ਲੋਕਲ ਸ਼ਾਇਰਾਂ ,ਸਾਹਿਤਕਾਰਾਂ, ਪੱਤਰਕਾਰਾਂ ਅਤੇ ਰੇਡੀਓ ਹੋਸਟਾਂ ਦੀ ਹਾਜ਼ਰੀ ਵਿੱਚ ਫਰਿਜਨੋ ਦੇ ਪਤਵੰਤਿਆਂ ਵੱਲੋਂ ਲੋਕ ਅਰਪਣ ਕੀਤੀਆ ਗਈਆਂ।

ਪ੍ਰੋਗਰਾਮ ਦਾ ਆਗਾਜ਼ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਸ਼ਾਇਰਾਨਾਂ ਅੰਦਾਜ਼ ਵਿੱਚ ਕੀਤਾ। ਉਪਰੰਤ ਸਾਧੂ ਸਿੰਘ ਸੰਘਾ ਨੇ ਆਏ ਸੱਜਣਾਂ ਦਾ ਸਵਾਗਤ ਕੀਤਾ ਅਤੇ ਵਾਰੋ ਵਾਰੀ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪ੍ਰਿਥੀਪਾਲ ਸਿੰਘ ਸੋਹੀ ਨੂੰ ਸਟੇਜ਼ 'ਤੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪ੍ਰਿਥੀਪਾਲ ਸੋਹੀ ਨੇ ਦੋਵਾਂ ਕਿਤਾਬਾਂ ਤੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਕਿਹਾ ਕਿ ਸਰਲ ਭਾਸ਼ਾ ਵਿੱਚ ਲਿਖੀਆਂ ਇਹ ਦੋਵੇਂ ਕਿਤਾਬਾਂ ਸਾਨੂੰ ਸਾਰਿਆ ਨੂੰ ਜ਼ਰੂਰ ਪੜੵਹਨੀਆਂ ਚਾਹੀਦੀਆਂ ਹਨ। ਉਹਨਾਂ ਕਿਹਾ ਕਿ ਜਦੋ ਅਸੀਂ ਰਣਜੀਤ ਗਿੱਲ ਦੀ ਪੁਸਤਕ ਉਡਾਰੀਆਂ ਪੜਦੇ ਹਾਂ ਤਾਂ ਇੰਝ ਲਗਦਾ ਹੈ ਕਿ ਜਿਵੇਂ ਇਨਕਲਾਬੀ ਰੰਗ ਵਿੱਚ ਰੰਗਿਆ ਰਣਜੀਤ ਗਿੱਲ ਸੰਤ ਰਾਮ ਉਦਾਸੀ ਤੇ ਅਵਤਾਰ ਪਾਸ਼ ਦੇ ਵਿਚਕਾਰ ਆ ਖੜੋਤਾ ਹੋਵੇ। ਇਸੇ ਤਰੀਕੇ ਸਾਧੂ ਸਿੰਘ ਸੰਘਾ ਦੇ ਨਾਵਲ ਤਿੜਕਦੀ ਹਵੇਲੀ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹ ਨਾਵਲ 1925 ਤੋ ਲੈਕੇ ਗਰੀਨ ਰੈਵੂਲਲੇਸ਼ਨ ਤੱਕ ਦੀ ਦੋ ਪੀੜੀਆਂ ਦੀ ਕਹਾਣੀ ਹੈ।

ਇਸ ਵਿੱਚ ਦਰਸਾਇਆ ਗਿਆ ਹੈ ਕਿ ਰਿਸ਼ਤਿਆਂ ਦੇ ਤਿੜਕਣ ਨਾ.ਲ, ਹਵੇਲੀ ਵੀ ਤਿੜਕਦੀ ਹੈ। ਨਾਵਲ ਦੀ ਵਿਲੱਖਣਤਾ ਬਿਆਨ ਕਰਦੀ ਹੈ ਕਿ, ਕਿਵੇਂ ਹਵੇਲੀ ਉਸਰਦੀ ਹੈ ਤੇ ਸਮੇਂ ਫੇਰ ਨਾ.ਲ ਢਹਿੰਦੀ ਹੈ, ਤੇ ਫਿਰ ਉਸਰਦੀ ਹੈ। ਉਹਨਾਂ ਕਿਹਾ ਕਿ ਸਾਧੂ ਸਿੰਘ ਸੰਘਾ ਦੇ ਇੱਕੋ ਨਾਵਲ ਨੇ ਉਹਨਾਂ ਨੂੰ ਪੰਜਾਬੀ ਦੇ ਚੋਟੀ ਦੇ ਨਾਵਲਕਾਰਾਂ ਦੀ ਲਾਈਨ ਵਿੱਚ ਲਿਆ ਖੜਾ ਕੀਤਾ ਹੈ। ਇਸ ਮੌਕੇ ਇੰਡੋ ਯੂ ਐਸ ਏ ਹੈਰੀਟੇਜ਼ (ਫਰਿਜ਼ਨੋ) ਦੇ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ। ਰਣਜੀਤ ਗਿੱਲ ਅਤੇ ਸਾਧੂ ਸਿੰਘ ਸੰਘਾ ਨੇ ਜਸਵਿੰਦਰ ਸਿੰਘ (ਨਿਊ ਇੰਡੀਆ ਸਵੀਟਸ ਐਂਡ ਸਪਾਈਸਜ਼) ਜਗੀਰ ਸਿੰਘ ਗਿੱਲ (ਗਿੱਲ ਕੈਰੀਅਰ), ਤੇ ਹਰਮਨ ਬਾਵਾ ਜੀ ਦਾ, ਵਿਸ਼ੇਸ਼ ਪਰਬੰਧਾਂ ਲਈ ਧੰਨਵਾਦ ਕੀਤਾ। ਹੋਰ ਬੋਲਣ ਵਾਲੇ ਬੁਲਾਰਿਆਂ ਵਿੱਚ, ਹਰਨਾਮ ਸਿੰਘ ਪੰਨੂ , ਡਾ. ਅਰਜਨ ਸਿੰਘ ਜੋਸ਼ਨ, ਗੁਰਦੀਪ ਸਿੰਘ ਅਣਖੀ, ਹਰਜਿੰਦਰ ਢੇਸੀ , ਸ਼ਾਇਰ ਹਰਜਿੰਦਰ ਕੰਗ, ਸ਼ਾਇਰ ਦਿਲ ਨਿੱਝਰ, ਮਨਰੀਤ ਕੌਰ (ਪ੍ਰਧਾਨ ਪੰਜਾਬੀ ਸਹਿਤ ਸਭਾ ਕੈਲੀਫੋਰਨੀਆ), ਹਾਕਮ ਸਿੰਘ ਢਿੱਲੋ, ਕਰਮ ਸੰਘਾ, ਅਜੈਬ ਸਿੰਘ ਸੰਘਾ, ਨਾਜ਼ਰ ਸਹੋਤਾ, ਅਮਰਜੀਤ ਦੌਧਰ, ਜਥੇਦਾਰ ਜੁਗਰਾਜ ਸਿੰਘ ਦੌਧਰ, ਅਰਜਣ ਸਿੰਘ ਜੋਸ਼ਨ,ਬਬਲਾ ਮਲੂਕਾ, ਪਸ਼ੌਰਾ ਸਿੰਘ ਢਿਲੋਂ, ਦਲਜੀਤ ਰਿਆੜ ,ਗੁਰਜਤਿੰਦਰ ਰੰਧਾਵਾ, ਗੁਲਿੰਦਰ ਗਿੱਲ, ਜਗਸੀਰ ਬਰਾੜ , ਭੋਲਾ ਬਰਾੜ, ਜਸਪਾਲ ਸਿੰਘ ਬਿਲਾਸਪੁਰ, ਆਦਿ ਦੇ ਨਾਮ ਜਿਕਰਯੋਗ ਹਨ।

ਕਿਤਾਬਾਂ ਰਲੀਜ਼ ਕਰਨ ਮਗਰੋਂ ਕਵੀ ਦਰਬਾਰ ਹੋਇਆ। ਕਵੀ ਦਰਬਾਰ ਦੀ ਸਟੇਜ਼ ਸਕੱਤਰਤਾ ਗਾਇਕ ਗੋਗੀ ਸੰਧੂ ਨੇ ਬਾ-ਖ਼ੂਬੀ ਨਿਭਾਈ। ਕਵੀ ਦਰਬਾਰ ਦਾ ਆਗਾਜ਼ ਧਮਲਾ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਖ਼ੂਬਸੂਰਤ ਗੀਤ ਨਾਲ ਕੀਤਾ। ਇਸ ਮੌਕੇ ਜੋਤੀ ਸਿੰਘ, ਦਲਜੀਤ ਕੌਰ, ਕਮਲ ਬੰਗਾ, ਕਾਕਾ ਅਮਨਜੋਤ ਸਿੰਘ, ਬਾਈ ਸੁਰਜੀਤ, ਅਵਤਾਰ ਗਰੇਵਾਲ, ਪੱਪੀ ਭਦੌੜ ਆਦਿ ਗਾਇਕਾਂ ਅਤੇ ਸ਼ਾਇਰਾਂ ਨੇ ਆਪਣੇ ਗੀਤਾਂ ਅਤੇ ਕਵਿਤਾਵਾਂ ਨਾਲ ਖ਼ੂਬ ਰੰਗ ਬੰਨਿਆ। ਅੰਤ ਅਮਿੱਟ ਪੈੜਾ ਛੱਡਦਾ ਕਰੈਹੀ ਹਾਊਸ ਰੈਸਟੋਰੈਂਟ ਦੇ ਰਾਤਰੀ ਦੇ ਸੁਆਦਿਸ਼ਟ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

ਇਸ ਮੌਕੇ ਇੰਡੋ ਯੂ. ਐਸ. ਏ. ਹੈਰੀਟੇਜ (ਫਰਿਜ਼ਨੋ) ਦੇ ਸਮੂਹ ਮੈਂਬਰਾਂ ਜਿਨ੍ਹਾਂ ਵਿੱਚ ਪ੍ਰਧਾਨ ਨਿਰਮਲ ਸਿੰਘ ਗਿੱਲ ਧਨੌਲਾ ਸਕੱਤਰ ਹੈਰੀ ਮਾਨ, ਖ਼ਜ਼ਾਨਚੀ ਮਨਜੀਤ ਸਿੰਘ ਕੁਲਾਰ ਅਤੇ ਪ੍ਰਬੰਧਕੀ ਬੋਰਡ ਮੈਂਬਰ ਸਤਵੰਤ ਸਿੰਘ ਵਿਰਕ, ਰਾਜਿੰਦਰ ਸਿੰਘ ਬਰਾੜ ਸੰਤੋਖ ਸਿੰਘ ਢਿੱਲੋਂ, ਹਾਕਮ ਸਿੰਘ ਢਿਲੋਂ ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਸਿੰਘ ਕਾਹਲ਼ੋਂ, ਜਗੀਰ ਸਿੰਘ ਗਿੱਲ ਪੁਸ਼ਪਿੰਦਰ ਸੁਨੈਨਾ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਵਿਸ਼ੇਸ਼ ਤੌਰ 'ਤੇ ਮਹਿਮਾਨਾਂ ਨਾਲ ਮਸਰੂਫ ਰਹੇ।

# ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ ਉਡਾਰੀਆਂ ਅਤੇ ਸਾਧੂ ਸਿੰਘ ਸੰਘਾ ਦਾ ਨਾਵਲ ਤਿੜਕਦੀ ਹਵੇਲੀ ਸਾਹਿਤਕਾਰਾਂ, ਪੱਤਰਕਾਰਾਂ ਅਤੇ ਕਵੀਆਂ ਦੀ ਹਾਜ਼ਰੀ ਵਿੱਚ ਫਰਿਜਨੋ ਵਿਖੇ ਲੋਕ ਅਰਪਣ













'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਲੀਡਰਸ਼ਿਪ ਡੇਰਾ ਸੱਚਖੰਡ ਬੱਲਾਂ ਹੋਈ ਨਤਮਸਤਕ



**ਜਲੰਧਰ, (ਚੁੰਬਰ) –** ਅੱਜ ਸ਼ੈਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਸਾਂਝੇ ਤੌਰ ਤੇ ਡੇਰਾ ਸੱਚਖੰਡ ਬੱਲਾਂ ਨਤਮਸਤਕ ਹੋ ਕੇ ਸ਼ੈਰੀਮਾਨ ਸੰਤ ਨਿਰੰਜਣ ਦਾਸ ਜੀ ਮਹਾਰਾਜ ਤੋਂ ਕੌਮ ਦੀ ਚੜੈਹਦੀ ਕਲਾ ਲਈ ਆਸ਼ੀਰਵਾਦ ਪ੍ਰਾਪਤ ਕੀਤਾ।



ਇਸ ਮੋਕੇ ਸ਼੍ਰੀ ਪਵਨ ਕੁਮਾਰ ਟੀਨੂੰ ਵਿਧਾਇਕ ਆਦਮਪੁਰ ਨਾਲ ਸ. ਚਰਨਜੀਤ ਸਿੰਘ ਅਟਵਾਲ ਸਾਬਕਾ ਸਪੀਕਰ ਵਿਧਾਨ ਸਭਾ, ਸ. ਸੋਹਣ ਸਿੰਘ ਠੰਡਲ ਸਾਬਕਾ ਮੰਤਰੀ, ਬੀਬੀ ਮਹਿੰਦਰ ਕੌਰ ਜੋਸ਼ ਸਾਬਕਾ ਮੰਤਰੀ, ਡਾ ਸੁਖਵਿੰਦਰ ਸੁੱਖੀ ਵਿਧਾਇਕ ਹਲਕਾ ਬੰਗਾ, ਬਲਦੇਵ ਖਹਿਰਾ ਵਿਧਾਇਕ ਫਿਲੋਰ, ਸ਼੍ਰੀ ਵਿਦੇ ਦਾਨਵ, ਸੇਠ ਸਤਪਾਲ ਮੱਲ, ਬਲਵਿੰਦਰ ਕੁਮਾਰ ਬਸਪਾ, ਵਿਜੇ ਬੱਧਣ ਐਡਵੋਕੇਟ, ਸੁਭਾਸ਼ ਸੋਂਧੀ, ਚੰਦਨ ਗਰੇਵਾਲ, ਰਾਜ ਕੁਮਾਰ, ਅਤਿਕਾਏ ਦਿਲਬਾਗ ਲੁਧਿਆਣਾ, ਧਰਮਪਾਲ ਲੇਸੜੀਵਾਲ, ਮਦਨ ਲਾਲ ਮੱਦੀ, ਰਾਕੇਸ਼ ਬੱਗਾ, ਲਲਿਤ ਅੰਬੇਡਕਰੀ ਅਤੇ ਹਰਜਿੰਦਰ ਬਿੱਲਾ ਹਾਜ਼ਿਰ ਸਨ ।

# ਕਿਸਾਨ ਅੰਦੋਲਨ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਦੀ ਸਵਾਰਥੀ ਰਾਜਨੀਤੀ ਅਨੁਚਿਤ- ਕੁਮਾਰੀ ਮਾਇਆਵਤੀ

**ਲਖਨਊ (ਬਿਊਰੋ)–** ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਨੇਤਾ ਕੁਮਾਰੀ ਮਾਇਆਵਤੀ ਨੇ ਲਗਾਤਾਰ ਪੰਜਾਬ ਦੀ ਰਾਜਨੀਤੀ ਦੇ ਹਰ ਛੋਟੇ ਘਟਨਾਕ੍ਰਮ ਉਪਰ ਨਜ਼ਰ ਬਣਾਕੇ ਰੱਖੀ ਹੋਈ ਹੈ, ਜਿਸ ਸਬੰਧੀ ਤਾਜ਼ਾ ਟੀਵੀਟ ਰਹੀ ਓਹਨਾ ਨੇ ਕਿਸਾਨ ਅੰਦੋਲਨ ਨੂੰ ਲੈਕੇ ਕਾਂਗਰਸ ਦੀ ਦੀ ਸਵਾਰਥੀ ਨੀਤੀ ਤੇ ਜੋਰਦਾਰ ਹੱਲਾ ਬੋਲਿਆ ਹੈ। ਕੁਮਾਰੀ ਮਾਇਆਵਤੀ ਨੇ ਕਿਹਾ ਹੈ ਕਿ ਪੰਜਾਬ ਦੇ ਕਾਂਗਰਸੀ ਮੁੱਖਮੰਤਰੀ ਵਲੋਂ ਕਿਸਾਨ ਅੰ-ਦੋਲਨ ਸਬੰਧੀ ਕਈ ਸੰਕਾਵਾਂ ਨੂੰ ਲੈਕੇ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵ-ਾਉਣ ਲਈ ਆਪਣੀ ਜਾਨ ਦੀ ਕੁਰਬਾਨੀ ਦੇ ਰਹੇ



ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਤੇ ਉਸਦੀ ਆੜ ਵਿਚ ਚੋਣ ਰਾਜਨੀਤੀ ਕਰਨਾ ਅਨੁਚਿਤ ਹੈ।

ਬਾਰਡਰ ਵਾਲੇ ਸੂਬੇ ਪੰਜਾਬ ਦੀ ਸਰਕਾਰ ਨੂੰ ਜਿਹਨਾਂ ਵੀ ਚੁਣੌਤੀਆਂ ਦਾ&; ਸਾਹਮਣਾ ਕਰਨਾ ਪੈ ਰਿਹਾ ਹੈ ਉਹਨਾਂ ਪ੍ਰਤੀ ਗੰਭੀਰ ਹੋਕੇ ਕੇਂਦਰ ਤੋਂ ਸਹਿਜੋਗ ਲੈਣਾ ਗਲਤ ਨਹੀਂ ਹੈ, ਲੇਕਿਨ ਇਸਦੀ ਆੜ ਵਿੱਚ ਕਿਸਾਨ ਅੰਦੋਲਨ ਨੂੰ ਬਦਨਾਮ ਕਰਨਾ ਅਤੇ ਚੋਣਾਵੀ ਸਵਾਰਥ ਦੀ ਰਾਜਨੀਤੀ ਨੂੰ ਜਨਤਾ ਖੂਬ ਸਮਝਦੀ ਹੈ। ਕਾਂਗਰਸ ਨੂੰ ਅਜਿਹਾ ਕਰਕੇ ਕੋਈ ਵੀ ਲਾਭ ਮਿਲਣ ਵਾਲਾ ਨਹੀਂ ਹੈ।

# ਪੰਜਾਬ ਦੇ ਗਰੀਬਾਂ ਨੂੰ ਕਾਂਗਰਸ ਭਾਜਪਾ ਤੇ ਆਪ ਗੁਲਾਮੀ ਯੁੱਗ ਵਿੱਚ ਧੱਕਣਾ ਚਾਹੁੰਦੀਆਂ- ਜਸਵੀਰ ਸਿੰਘ ਗੜ੍ਹੀ

**ਸੰਗਰੂਰ (ਬਿਊਰੋ)--** ਬਹੁਜਨ ਸਮਾਜ ਪਾਰਟੀ ਵਲੋਂ ਅੱਜ 'ਸੰਵਿਧਾਨ ਕੇ ਸਨਮਾਨ ਮੇ ਬੀ ਐਸ ਪੀ ਮੈਦਾਨ ਮੇ' ਦੇ ਨਾਹਰੇ ਨਾਲ ਆਪ ਆਗੂ ਵਲੋਂ ਕੀਤੀ ਸੰਵਿਧਾਨ ਵਿਰੋਧੀ ਟਿੱਪਣੀ ਅਤੇ ਉਸੇ ਆਪ ਆਗੂ ਨੂੰ ਬਰਖ਼ਾਸਤ ਨਾ ਕਰਨ ਖਿਲਾਫ ਵਿਸ਼ਾਲ ਰੋਸ਼ ਰੈਲੀ ਕੱਢੀ ਗਈ ਜਿਸ ਦੀ ਅਗਵਾਈ ਬਸਪਾ ਪੰਜਾਬ ਪੈਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਖੁਦ ਸਾਇਕਲ ਚਲਾਕੇ ਕੀਤੀ। ਸੈਂਕੜੇ ਗੱਡੀਆਂ, ਮੋਟਰਸਾਈਕਲਾਂ ਦਾ ਕਾਫ਼ਲਾ ਸਨਮਾਨ ਵਿਚ ਅੰਦੋਲਨ ਛੇੜ ਚੁੱਕੀ ਹੈ ਜੋ ਕਿ ਸੰਗਰੂਰ ਮਾਰਚ ਇਸ ਲੜੀ ਦਾ ਤੀਜਾ ਪ੍ਰੋਗਰਾਮ ਹੈ।

ਸ ਗੜੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਚੌਥਾ ਪ੍ਰੋਗਰਾਮ ਵਿਸ਼ਾਲ ਮੋਟਰ ਸਾਈਕਲ ਰੈਲੀ ਭਗਵਾਨ ਵਾਲਮੀਕਿ ਤੀਰਥ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਸ਼ਹੀਦ ਉਧਮ ਸਿੰਘ ਜੀ ਦੀ ਸ਼ਹੀਦੀ ਦਿਹਾੜੇ ਮੌਕੇ 31 ਜੁਲਾਈ ਨੂੰ ਹੋਵੇਗੀ। ਓਹਨਾ ਕਿਹਾ



ਸਵੇਰੇ ਤੋਂ ਹੀ ਪੁਲਿਸ ਲਾਈਨ ਅੱਗੇ ਇਕੱਠ ਹੋਇਆ ਤੇ ਭਰ ਦੁਪਹਿਰ ਨੂੰ ਬਰਨਾਲਾ ਚੌਕ- ਬੱਸ ਸਟੈਂਡ ਵੱਡਾ ਚੌਕ , ਭਗਵਾਨ ਵਾਲਮੀਕਿ ਚੌਂਕ , ਮਿਲਕ ਪਲਾਂਟ ਤੋਂ ਹੁੰਦਾ ਡਰੀਮ ਲੈਂਡ ਕਾਲੋਨੀ ਦੇ ਬਾਹਰ ਰੋਸ ਮੁਜ਼ਾਹਰਾ ਕਰਨ ਲਈ ਬੈਠ ਗਿਆ।



ਕਾਫ਼ਲੇ ਦਾ ਵਿਸ਼ਾਲ ਇਕੱਠ ਨੀਲੇ-ਪੀਲੇ ਝੰਡਿਆਂ ਨਾਲ ਸਜਿਆ ਹੋਇਆ ਸੀ ਤੇ ਅਕਾਸ਼ ਗੂੰਜਦੇ ਨਾਹਰੇ ਲੱਗ ਰਹੇ ਸਨ। ਕੇਹਰ ਦੇ ਬਾਰਿਸ਼ ਵਿੱਚ ਨੌਜਵਾਨ ਸੂਬਾ ਪੈਰਧਾਨ ਨੇ ਬਸਪਾ ਕੇਡਰ ਵਿੱਚ ਜਿਸ ਤਰੀਕੇ ਨਾਲ ਜੋਸ਼ ਭਰਿਆ, ਕਿ ਕਹਿਰ ਦੀ ਬਾਰਿਸ਼ ਵਿੱਚ ਭਗਵੰਤ ਮਾਨ ਦੀ ਕੋਠੀ ਘੇਰਕੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸ ਮੌਕੇ ਸ ਗੜੀ ਨੇ ਸੰਬੋਧਨ ਹੁੰਦੇ ਕਿਹਾ ਕਿ ਕਾਂਗਰਸ ਭਾਜਪਾ ਨੇ ਅਨੁਸੂਚਿਤ ਜਾਤਾਂ ਤੇ ਪੱਛੜੇ ਵਰਗਾ ਲਈ ਗੈਰਪੰਥਕ, ਅਪਵਿੱਤਰ ਤੇ ਹਰਾਮੀ ਸ਼ਬਦਾਂ ਦੀ ਵਰਤੋਂ ਕਰਕੇ ਦਲਿਤ-ਪਛੜੇ ਵਰਗਾ ਵਿਰੋਧੀ ਜਾਤੀਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਓਥੇ ਹੀ ਆਪ ਆਗੂ ਦੀ ਸੰਵਿਧਾਨ ਵਿਰੋਧੀ ਟਿੱਪਣੀ ਨੇ ਆਪ ਪਾਰਟੀ ਦੀ ਭਗਵਾਂਧਾਰੀ ਸੋਚ ਦਾ ਮੁਜ਼ਾਹਰਾ ਕੀਤਾ ਹੈ। ਕਾਂਗਰਸ ਦੇ ਸਾਂਸਦ ਰਵਨੀਤ ਬਿੱਟੂ, ਭਾਜਪਾ ਦੇ ਕੇਂਦਰੀ ਮੰਤਰੀ ਹਰਦੀਪ ਪੁਰੀ ਤੇ ਆਪ ਦੀ ਅਨਮੋਲ ਗਗਨ ਮਾਨ ਨੂੰ ਦਲਿਤਾਂ ਦੇ ਸਨਮਾਨ ਵਿੱਚ ਕਾਂਗਰਸ ਭਾਜਪਾ, ਆਪ ਨੇ ਬਰਖ਼ਾਸਤ ਨਹੀਂ ਕੀਤਾ ਹੈ। ਬਸਪਾ ਪੂਰੇ ਪੰਜਾਬ ਵਿੱਚ ਦਲਿਤਾਂ ਪੱਛੜੇ ਵਰਗਾਂ ਦੇ

ਸਰਕਾਰ ਨੂੰ ਪੰਜਾਬੀਆਂ ਦੀ ਸਿਹਤ ਰੁਜਗਾਰ ਸਹੂਲਤਾਂ ਦਿੰਦੇ ਹੋਏ ਮਹਿੰਗਾਈ ਨੂੰ ਕੰਟਰੋਲ ਕਰਨ ਦੇ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਤੇ ਸੂਬਾ ਜਨਰਲ ਸਕੱਤਰ ਚਮਕੌਰ ਸਿੰਘ ਵੀਰ, ਸ਼ੈਰੀ ਗੁਰਲਾਲ ਸੈਲਾ, ਹਰਜੀਤ ਸਿੰਘ ਲੌਂਗੀਆ, ਗੋਬਿੰਦ ਸਿੰਘ ਲੌਂਗੋਵਾਲ, ਸੰਤ ਬਲਬੀਰ ਸਿੰਘ ਘੁੰਨਸ, ਸ਼ੈਰੀ ਕੁਲਦੀਪ ਸਰਦੂਲਗੜ, ਸ਼੍ਰੀ ਜੋਗਾ ਸਿੰਘ ਪਨੋਂਦੀਆ, ਬਲਦੇਵ ਮਹਿਰਾ, ਰਾਜਾ ਰਾਜਿੰਦਰ ਸਿੰਘ, ਸੰਤ ਬਾਬਾ ਟੇਕ ਸਿੰਘ, ਸਤਨਾਮ ਸਿੰਘ ਰਾਹੀਂ, ਗਗਨਦੀਪ ਸਿੰਘ ਸਿਵੀਆ, ਅਜੀਤ ਸਿੰਘ ਭੈਣੀ, ਜਗਜੀਤ ਛਰਬੜ, ਦਰਸ਼ਨ ਸਿੰਘ ਝਲੂਰ, ਰਣਧੀਰ ਸਿੰਘ ਨਾਗਰਾ, ਹਵਾ ਸਿੰਘ ਹਨੇਰੀ, ਅਮਰੀਕ ਸਿੰਘ ਕੈਂਥ, ਸਰਬਜੀਤ ਸਿੰਘ ਖੇੜੀ, ਪਰਮਜੀਤ ਕੌਰ ਵਿਰਕ, ਤਜਿੰਦਰ ਸਿੰਘ ਸੰਗਰੇਰੀ, ਇਕਬਾਲ ਸਿੰਘ ਝੂੰਦਾਂ, ਸ਼ਮਸ਼ਾਦ ਅੰਸਾਰੀ, ਡਾ ਹਰਜੋਤ ਸਿੰਘ, ਗੁਰਬਖਸ ਸਿੰਘ, ਬੰਤਾ ਸਿੰਘ ਕੈਂਪਰ, ਡਾ ਜਗਤਾਰ ਸਿੰਘ ਬਾਲੀਆਂ, ਜਗਰੂਪ ਸਿੰਘ ਪੱਖੋਂ, ਦਰਸ਼ਨ ਸਿੰਘ ਬਾਜਵਾ, ਜਗਜੀਤ ਸਿੰਘ ਖੇਡੇਬਾਦ, ਗੁਰਮੁਖ ਸਿੰਘ ਭਿੰਡਰਾਂ, ਸ਼੍ਰੀ ਆਂਚਲ ਗਰਗ, ਬਲੌਰ ਸਿੰਘ ਲੌਂਗੋਵਾਲ, ਸ਼ੇਰ ਸਿੰਘ ਬਾਲੇਵਾਲ, ਹਰਬੰਸ ਸਿੰਘ ਸ਼ੇਰਪੁਰੀ, ਜਸਵਿੰਦਰ ਸਿੰਘ ਦੀਦਰਗੜ, ਨਿਰਮਲ ਸਿੰਘ ਮੱਟੂ, ਨਿੱਕਾ ਸਿੰਘ ਹਸਨਪੁਰ, ਤਾਰਾ ਸਿੰਘ ਰੋਹੀੜਾ, ਭੋਲਾ ਸਿੰਘ ਧਰਮਗੜੈਹ, ਸੋਮਾ ਸਿੰਘ ਗੰਡੇਵਾਲ, ਜੀਵਨ ਸਿੰਘ ਚੋਪੜਾ, ਰਾਮ ਸਿੰਘ ਲੌਂਗੋਵਾਲ, ਤਰਸੇਮ ਸਿੰਘ ਮੰਡਵੀ, ਓਮ ਪ੍ਰਕਾਸ਼ ਸਿੰਘ ਆਦਿ ਸ਼ਾਮਿਲ ਸਨ।

# ਬਸਪਾ ਵਲੋਂ ਡੀ ਪੀ ਆਈ ਪਾਰਟੀ ਤੇ ਪਰਸੋਤਮ ਚੱਢਾ ਜੀ ਦਾ ਧੰਨਵਾਦ- ਜਸਵੀਰ ਸਿੰਘ ਗੜ੍ਹੀ

**ਨਵਾਂਸ਼ਹਿਰ (ਬਿਊਰੋ)--** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦੇ ਬਿਆਨ ਕੀਤਾ ਹੈ ਕਿ ਪੰਜਾਬ ਦੀ ਡੇਮੋਕ੍ਰੇਟਿਕ ਪਾਰਟੀ ਆਫ ਇੰਡੀਆ ਅਤੇ ਸੰਸਥਾਪਕ ਪ੍ਰਧਾਨ ਸ਼੍ਰੀ ਪਰਸੋਤਮ ਚੱਢਾ ਵਲੋ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਤੇ ਧੰਨਵਾਦ ਕੀਤਾ ਹੈ। ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਗਠਜੋੜ ਸੱਤਾ ਵਿੱਚ ਆਕੇ ਡੀਪੀਆਈ ਪਾਰਟੀ ਦਾ ਸਨਮਾਨ ਗਠਜੋੜ ਦੇ ਟਕਸਾਲੀ ਵਰਕਰਾਂ ਵਾਂਗ ਹੀ ਕਰਵਾਉਣ ਲਈ ਵਚਨਬੱਧ ਰਹੇਗੀ। ਸ ਗੜ੍ਹੀ ਨੇ ਅਪੀਲ ਕੀਤੀ ਕਿ ਬਸਪਾ ਦਾ ਅੰਦੋਲਨ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਹੈ ਜਿਸ ਲਈ ਬਹੁਜਨ ਅੰਦੋਲਨ ਦੇ ਮਹਾਂਪੁਰਸ਼ਾਂ ਨੇ ਸੱਤਾ ਪ੍ਰਾਪਤੀ ਦਾ ਰਸਤਾ ਚੁਣਿਆ ਹੈ। ਇਸ ਰਸਤੇ ਵਿਚ ਕਾਂਗਰਸ ਭਾਜਪਾ ਅਤੇ ਆਪ ਪਾਰਟੀ ਬਹੁਜਨ ਸਮਾਜ ਨੂੰ ਅੱਪਵਿਤਰ ਤੇ ਗੈਰ ਪੰਥਕ ਐਲਾਨ ਕੇ ਮੁੜ ਦੇਸ਼ ਦੇ ਦਲਿਤਾਂ ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀਆਂ ਨੂੰ ਜ਼ੁਲਮ ਜ਼ਿਆਦਤੀ ਦੇ ਕਾਲੇ ਯੁੱਗ ਵਿਚ ਸੁੱਟਣਾ ਚਾਹੁੰ-ਦੀਆਂ ਹਨ, ਜਿਸਦਾ ਵਿਚਾਰਧਾਰਕ ਮੁਕਾਬਲਾ ਬਹੁਜਨ ਸਮਾਜ ਪਾਰਟੀ ਕਰ ਰਹੀ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਸ਼੍ਰੀ ਪਰਸ਼ੋਤਮ ਚੱਢਾ ਅਤੇ ਸ਼੍ਰੀ ਕ੍ਰਿਸ਼ਨ ਲਾਲ ਜੀ ਹਾਜ਼ਰਿ ਸਨ। ਬਸਪਾ ਪੰਜਾਬ ਪ੍ਰਧਾਨ ਨੇ ਸ਼੍ਰੀ ਪਰਸ਼ੋਤਮ ਚੱਢਾ ਜੀ ਨੂੰ ਧੰਨਵਾਦ ਕੀਤਾ।

# ਭਾਜਪਾ ਦੂਜੀਆਂ ਪਾਰਟੀਆਂ ਦੇ ਕਬਾੜ ਦੇ ਸਹਾਰੇ ਨਾਲ 2022 ਜਿੱਤਣ ਦੇ ਸੁਪਨੇ ਲੈ ਰਹੀ -ਗੜ੍ਹੀ

**ਨਵਾਂਸ਼ਹਿਰ (ਬਿਊਰੋ)--** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕਿ ਭਾਜਪਾ ਦੂਜੀਆਂ ਪਾਰਟੀ ਦੇ ਕਬਾੜ ਦੇ ਜਰੀਏ 117 ਸੀਟਾਂ ਪੰਜਾਬ ਵਿਚ ਲੜਨ ਲਈ ਤਰਲੋਮੱਛੀ ਹੋ ਰਹੀ ਹੈ। ਵੱਖਰੇ ਪੰਜਾਬ ਦੀ ਹੋਂਦ 1962 ਜਨਸੰਘ ਦੇ ਜ਼ਮਾਨੇ ਤੋਂ ਭਾਜਪਾ



ਕਦੀ ਪੰਜਾਬ ਵਿੱਚ 117 ਵਿਧਾਨ ਸਭਾ ਅਤੇ 13 ਮੈਂਬਰ ਪਾਰਲੀਮੈਂਟ ਸੀਟਾਂ ਨਹੀਂ ਲੜ ਸਕੀ ਹੈ। ਅੱਜ ਭਾਜਪਾ ਕੋਲ ਸੰਸਾਰ ਦੀ ਸਭ ਤੋਂ ਵੱਧ ਝੂਠ ਨਾਲ ਸਿਰਜੀ ਮੈਂਬਰਸ਼ਿਪ ਹੈ, ਜਦੋਂ ਕਿ ਭਾਜਪਾ ਬੇਨਕਾਬ ਹੋ ਜਾਂਦੀ ਹੈ ਜਦੋਂ ਅੱਜ 117 ਬੰਦੇ ਵੀ ਪੰਜਾਬ ਲਈ ਚੋਣ ਲੜਨ ਲਈ ਤਿਆਰ ਨਹੀਂ ਹਨ। ਭਾਜਪਾ ਕਿਰਕਿਰੀ ਤੋਂ ਬਚਣ ਲਈ ਦੂਜੀਆਂ ਪਾਰਟੀਆਂ ਦੇ ਕਬਾੜ ਮਾਲ ਨੂੰ ਆਪਣੇ ਵਿੱਚ ਸ਼ਾਮਿਲ ਕਰਵਾਕੇ ਧਨਬਲ਼ ਨਾਲ ਦੁਸ਼ਪਾਰਚਾਰ ਕਰਕੇ ਆਪਣੀ ਹੋਂਦ ਦਰਸ਼ਾਉਣ ਦਾ ਝੂਠਾ ਸਵਾਂਗ ਕਰ ਰਹੀ ਹੈ ਜਿਸਦੀ ਤਾਜ਼ਾ ਉਦਾਹਰਨ 2002 ਤੋਂ ਬਸਪਾ ਦਾ ਵੀਹ ਸਾਲ ਪੁਰਾਣਾ ਕਬਾੜ ਮਾਲ ਆਪਣੇ ਵਿੱਚ ਸ਼ਾਮਿਲ ਕਰਵਾਕੇ ਮੁੰਗੇਰੀ ਲਾਲ ਦੇ ਹਸੀਨ ਸਪਨੇ ਸਿਰਜ ਰਹੀ ਹੈ, ਜਦੋਂ ਕਿ ਬਸਪਾ ਦੇ ਨਾਮ ਹੇਠ ਆਪਣੇ ਵਿੱਚ ਸ਼ਾਮਲ ਕਰਵਾਇਆ ਕਬਾੜ ਮਾਲ ਪਿਛਲੇ 20 ਸਾਲਾਂ ਤੋਂ ਬਿਨਾ ਅਹੁਦੇਦਾਰੀ ਤੋਂ ਸੀ ਅਤੇ ਵੱਖ ਵੱਖ ਪਾਰਟੀਆਂ ਖਾਸ ਕਰਕੇ ਕਾਂਗਰਸ ਵਿੱਚ ਆਪਣੀਆਂ ਦੁਕਾਨਾਂ ਸਜਾਕੇ ਭਾਜਪਾ ਦੀ ਬੰਦ ਦੁਕਾਨ ਦਾ ਹਿੱਸਾ ਬਣੇ ਹਨ, ਜਿਹੜੇ ਕਦੀ ਵੀ ਕਿਸੀ ਪਾਰਟੀ ਦੇ ਵਫਾਦਾਰ ਨਹੀਂ ਰਹੇ ਅਤੇ ਭਾਜਪਾ ਝੂਠ ਬੋਲਕੇ ਓਹਨਾ ਨੂੰ ਬਸਪਾ ਦਾ ਦੱਸ ਰਹੀ ਹੈ। ਭਾਜਪਾ ਨੂੰ ਜਲਦੀ ਹੀ ਬਸਪਾ ਪੰਜਾਬ ਵਿੱਚ ਸਬਕ ਸਿਖਾਉਣ

## ਵੀਡਿਓ ਬਾਈਟ 20 ਜੁਲਾਈ

# ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦਾ ਸੰਬੋਧਨ

* ਬਹੁਜਨ ਸਮਾਜ ਪਾਰਟੀ ਘੇਰੇਗੀ ਅੱਜ ਆਪ ਪਾਰਟੀ ਦੇ ਸੂਬਾ ਪ੍ਰਧਾਨ ਸਾਂਸਦ ਭਗਵੰਤ ਮਾਨ ਦਾ ਘਰ*
* ਕੋਠੀ ਦਾ ਘਿਰਾਓ ਬਸਪਾ ਵਲੋਂ ਆਪ ਆਗੂ ਅਨਮੋਲ ਗਗਨ ਮਾਨ ਦੀ ਸੰਵਿਧਾਨ ਵਿਰੋਧੀ ਟਿਪਣੀ ਖਿਲਾਫ ਕੀਤਾ ਜਾਵੇਗਾ*
* ਸੰਵਿਧਾਨ ਕੇ ਸਨਮਾਨ ਮੇ ਬੀ ਐਸ ਪੀ ਮੈਦਾਨ ਮੇ*
* ਇਸ ਤੋਂ ਪਹਿਲਾਂ ਕਾਂਗਰਸ ਦੇ ਸਾਂਸਦ ਰਵਨੀਤ ਬਿੱਟੂ, ਭਾਜਪਾ ਦੇ ਕੇਂਦਰੀ ਮੰਤਰੀ ਹਰਦੀਪ ਪੁਰੀ ਖਿਲਾਫ ਬਸਪਾ ਨੇ ਅੰਦੋਲਨ ਛੇੜ ਰੱਖਿਆ ਹੈ*
* ਬਸਪਾ ਨੇ ਇਸ ਤੋਂ ਪਹਿਲਾਂ ਮੋਰਿੰਡਾ ਤੋਂ ਚਮਕੌਰ ਸਾਹਿਬ ਤੱਕ ਅਤੇ ਦੂਜਾ ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਅਨੰਦਪੁਰ ਸਾਹਿਬ ਤੱਕ ਵਿਸ਼ਾਲ ਮੋਟਰ ਸਾਈਕਲ ਰੈਲੀ ਕੱਢ ਚੁਕੇ ਹਨ*
* ਬਸਪਾ ਦਾ ਪ੍ਰਧਾਨ ਨੌਜਵਾਨ ਆਗੂ ਬੜੀ ਤੇਜ਼ੀ ਨਾਲ ਚੱਲਣ ਵਾਲਾ ਸੰਭਲਕੇ ਬੋਲਣ ਵਾਲਾ ਆਗੂ ਹੈ ਤੇ ਪੰਜਾਬ ਦੇ ਰਾਜਨੀਤਿਕ ਹਾਲਾਤ ਬਦਲਣ ਦੇ ਸਮਰਥ ਹੈ।

## ਨਿਊਜ਼ੀਲੈਂਡ ਖਬਰਨਾਮਾ (ਹਰਜਿੰਦਰ ਸਿੰਘ ਬਸਿਆਲਾ)

# ਤੀਜੀਆਂ ਨਿਊਜ਼ੀਲੈਂਡ ਸਿੱਖ ਖੇਡਾਂ 27-28 ਨਵੰਬਰ ਨੂੰ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਹੋਣਗੀਆਂ

**ਔਕਲੈਂਡ 18 ਜੁਲਾਈ–** ਸਾਲ 2019 ਦੇ ਵਿਚ ਪਹਿਲੀ ਵਾਰ ਸ਼ੁਰੂ ਹੋਈਆਂ 'ਨਿਊਜ਼ੀਲੈਂਡ ਸਿੱਖ ਖੇਡਾਂ' ਆਪਣੇ ਤੀਜੇ ਸਾਲ ਦੇ ਸਫ਼ਰ ਉਤੇ ਹਨ। ਅੱਜ ਬਰੂਸ ਪੁਲਮਨ ਪਾਰਕ ਟਾਕਾਨੀਨੀ ਦੇ ਕਾਨਫਰੰਸ ਹਾਲ ਦੇ ਵਿਚ ਹੋਏ ਇਕ ਭਰਵੇਂ ਇਕੱਠ ਦੇ ਵਿਚ ਸਾਲ 2021 ਦੀਆਂ ਤੀਜੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਦਾ ਐਲਾਨ ਕਰ ਦਿੱਤਾ ਗਿਆ। ਇਹ ਖੇਡਾਂ ਇਸ ਸਾਲ 27 ਅਤੇ 28 ਨਵੰਬਰ (ਦਿਨ ਸ਼ਨੀਵਾਰ ਅਤੇ ਐਤਵਾਰ) ਨੂੰ ਪਹਿਲਾਂ ਵਾਲੇ ਸਥਾਨ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਹੋਣਗੀਆਂ। ਦੋ ਦਿਨਾਂ ਇਨੈਹਾਂ ਖੇਡਾਂ ਦੇ ਵਿਚ ਸਭਿਆਚਾਰਕ ਸਟੇਜ ਵੀ ਲੱਗਣੀ ਹੈ ਅਤੇ ਪੂਰਾ ਮੇਲੇ ਵਰਗਾ ਮਾਹੌਲ ਸਿਰਜਿਆ ਜਾਣਾ ਹੈ। ਇਸਦੇ ਨਾਲ ਹੀ 22 ਨਵੰਬਰ ਤੋਂ 28 ਨਵੰਬਰ ਤੱਕ ਦੂਜਾ ਪੰਜਾਬੀ ਭਾਸ਼ਾ ਹਫਤਾ ਵੀ ਮਨਾਇਆ ਜਾਵੇਗਾ।

ਤਰੀਕਾਂ ਦੀ ਘੁੰਢ ਚੁਕਾਈ ਦੇ ਇਸ ਸਮਾਮਗ ਦੀ ਸ਼ੁਰੂਆਤ ਸ. ਪਰਮਿੰਦਰ ਸਿੰਘ ਅਤੇ ਸ. ਸ਼ਰਨਜੀਤ ਸਿੰਘ ਨੇ ਸਾਂਝੇ ਰੂਪ ਵਿਚ ਆਏ ਸਾਰੇ ਭਾਈਚਾਰੇ ਦੇ ਲੋਕਾਂ ਨੂੰ ਜੀ ਆਇਆਂ ਆਖ ਕੇ ਕੀਤੀ। ਇਸਦੇ ਨਾਲ ਹੀ ਹਾਊਸਕੀਪਿੰਗ ਰੂਲਜ ਦੱਸਦਿਆਂ ਸਮਾਗਮ ਦੀ ਆਰੰਭਤਾ ਕੀਤੀ ਗਈ। ਸਿੱਖ ਖੇਡਾਂ ਦੀ ਸਮੁੱਚੀ ਕਮੇਟੀ ਨੂੰ ਵਾਰੀ–ਵਾਰੀ ਬੁਲਾ ਕੇ ਵਿਸ਼ੇਸ਼ ਸੀਟਾਂ ਉਤੇ ਬੈਠਣ ਲਈ ਕਿਹਾ ਗਿਆ। ਖੇਡਾਂ ਦੀ ਟੈਕਨੀਕਲ ਟੀਮ ਦੇ ਨਾਲ ਜਾਣ–ਪਛਾਣ ਕਰਵਾਈ ਗਈ। ਨਵਤੇਜ ਰੰਧਾਵਾ ਨੇ ਪਿਛਲੇ ਦੋ ਸਾਲਾਂ ਦਾ ਤੱਤਸਾਰ ਪੇਸ਼ ਕੀਤਾ। ਸ. ਹਰਜਿੰਦਰ ਸਿੰਘ ਬਸਿਆਲਾ ਨੇ ਤੀਜੀਆਂ ਖੇਡਾਂ ਦੇ ਲਈ ਵਿਸ਼ੇਸ਼ ਤੌਰ 'ਤੇ ਲਿਖੀ ਕਵਿਤਾ ਪੇਸ਼ ਕੀਤੀ।

ਕਮਲਪੈਰੀਤ ਸਿੰਘ ਵੱਲੋਂ ਤਿਆਰ ਵੀਡੀਓ ਕਲਿ–ਪਾਂ ਦਾ ਇਕ ਸੰਗੈਰਹਿ ਸਕਰੀਨ ਉਤੇ ਚਲਾ ਕੇ ਪਿਛਲੇ ਦੋ ਸਾਲਾਂ ਦੀਆਂ ਖੇਡਾਂ ਉਤੇ ਪੰਛੀ ਝਾਤ ਪਵਾਈ ਗਈ। ਨਿਊਜ਼ੀਲੈਂਡ ਸਿੱਖ ਖੇਡਾਂ ਦੀ ਕਮੇਟੀ ਦੇ ਪੈਰਧਾਨ ਸ. ਦਲਜੀਤ ਸਿੰਘ ਸਿੱਧੂ ਨੇ ਉਦਘਾਟਨੀ ਭਾਸ਼ਣ ਦਿੱਤਾ। ਉਪਰੰਤ ਸਮੁੱਚੀ ਕਮੇਟੀ ਦੀ




ਮੌਜੂਦਗੀ ਦੇ ਵਿਚ ਇਕ ਛੋਟੇ ਬੱਚੇ ਤੇਗ ਸਿੰਘ ਬੈਂਸ ਵੱਲੋ ਬਟਨ ਦਬਾ ਕੇ ਤੀਜੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਦੀਆਂ ਤਰੀਕਾਂ ਨੂੰ ਸਕਰੀਨ ਉਤੇ ਪੈਰਗਟ ਕਰ ਦਿੱਤਾ ਗਿਆ। ਸਿੱਖ ਖੇਡਾਂ ਦਾ ਮੁੱਖ ਉਦੇਸ਼ ਸਿਹਤਮੰਦ ਰਹਿੰਦਿਆਂ ਸਿੱਖ ਖੇਡਾਂ, ਸਿੱਖ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣਾ ਅਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਨਾਲ ਜੁੜੇ ਰਹਿਣਾ ਹੈ। ਸੰਬੋਧਨ ਕਰਨ ਵਾਲਿਆਂ ਦੇ ਵਿਚ ਗੁਰਦੁਆਰਾ ਦਸਮੇਸ਼ ਦਰਬਾਰ ਤੋਂ ਸ. ਪ੍ਰਿਥੀਪਾਲ ਸਿੰਘ ਬਸਰਾ, ਗੁਰਦੁਆਰਾ ਸੈਰੀ ਗੁਰੂ ਰਵਿਦਾਸ ਸਭਾ ਬੰਬੇ ਹਿਲ ਤੋਂ ਹੰਸ ਰਾਜ, ਗੁਰਦੁਆਰਾ ਬੇਗਮਪੁਰਾ ਸਾਹਿਬ ਤੋਂ ਸੈਰੀ, ਗੁਰਦੁਆਰਾ ਸਾਹਿਬ ਨਾਨਕਸਰ, ਗੁਰਦੁਆਰਾ ਸਾਹਿਬ ਸਿੱਖ ਸੰਗਤ. ਗੁਰਦੁਆਰਾ ਸਾਹਿਬ ਦੁੱਖ ਨਿਵਾਰਨ ਤੋਂ ਵੀ ਹਾਜ਼ਰੀ ਲਗਵਾਈ ਗਈ। ਇੰਡੋ ਸਪਾਈਸ ਤੋਂ ਸ. ਤੀਰਥ ਸਿੰਘ ਅਟਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਾਲ ਦੀ ਤਰੈਹਾਂ ਪੂਰੀ ਸਪੁਰੋਟ ਰਹੇਗੀ ਅਤੇ ਇਸ ਵਾਰ ਐਤਵਾਰ 28 ਨਵੰਬਰ ਨੂੰ ਦੁਪਹਿਰ 3 ਤੋਂ 4 ਵਜੇ ਤੱਕ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਰੋਟਰੀ ਕਲੱਬ ਤੋਂ ਸ. ਕੁਲ–ਬੀਰ ਸਿੰਘ ਨੇ ਪੂਰਨ ਹਮਾਇਤ ਦਿੰਦਿਆ ਇਨੈਹਾਂ ਖੇਡਾਂ ਦੀ ਸਫਲਤਾ ਲਈ ਸ਼ੁੱਭਾ ਇਛਾਵਾਂ ਦਿੱਤੀਆਂ। ਸਾਬਕਾ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਨੇ ਇਨੈਹਾਂ ਖੇਡਾਂ ਨੂੰ ਭਾਈਚਾਰੇ ਵੱਲੋਂ ਸਲਾਹਿਆ ਗਿਆ ਵੱਡਾ ਉਦਮ ਦੱਸਿਆ। ਮੈਡਮ ਇੰਦੂ ਬਾਜਵਾ ਨੇ ਪੈਰਭਾਵਸ਼ਾਲੀ ਸ਼ਬਦਾਂ ਨਾਲ ਪੂਰਨ ਹਮਾਇਤ ਦਿੱਤੀ। ਕਬੱਡੀ ਫੈਡਰੇਸ਼ਨ ਵੱਲੋਂ ਹਰਪੈਰੀਤ ਸਿੰਘ ਗਿੱਲ ਰਾਏਸਰ, ਵਾਇਕਾਟੋ ਸ਼ਹੀਦ–ਏ–ਆਜ਼ਿਮ ਸਪੋਰਟਸ ਐਂਡਕਲਚਰਲ ਟੈਰਸਟ ਵੱਲੋਂ ਸ.ਜਰਨੈਲ ਸਿੰਘ ਰਾਹੋਂ ਜੋ ਕਿ ਬੱਸ ਭਰ ਕੇ ਹਮਿਲਟਨ ਤੋਂ ਪਹੁੰਚੇ ਹੋਏ ਸਨ, ਨੇ ਆਖਿਆ ਕਿ ਉਹ ਇਨੈਹਾਂ ਖੇਡਾਂ ਦੇ ਵਿਚ ਜਿੱਥੇ ਦਰਜਨਾਂ ਖਿਡਾਰੀ ਲੈ ਕੇ ਆ ਰਹੇ ਹਨ ਉਥੇ ਉਹ ਬੱਸਾਂ ਭਰਕੇ ਹੋਰ ਦਰਸ਼ਕ ਵੀ ਨਾਲ ਲੈ ਕੇ ਆਉਣਗੇ। ਮਨਪੈਰਤੀ ਕੌਰ ਸਿੱਧੂ ਅਤੇ ਖੁਸ਼ਮੀਤ ਕੌਰ ਸਿੱਧੂ ਨੇ ਵੀ ਆਪਣੇ ਵਿਚਾਰ ਰ ਖ । ਖੁਸ਼ਮੀਤ ਕੌਰ ਹੋਰਾਂ ਹਾਕੀ ਨੂੰ ਵੀ ਬਰੂਸ ਪੁਲਮਨ ਪਾਰਕ ਵਿਖੇ ਹੀ ਕਰਾਉਣ ਦਾ ਸੁਝਾਅ ਦਿੱਤਾ। ਮੈਟਰੋ ਕਲੱਬ ਤੋਂ ਰਾਣਾ ਹਰਸਿਮਰਨਜੀਤ ਸਿੰਘ ਨੇ ਕਿਹਾ ਕਿ ਉਨੈਹਾਂ ਦੀ ਸਮੁੱਚੀ ਟੀਮ ਸੇਵਾ ਲਈ ਹਾਜ਼ਿਰ ਰਹੇਗੀ। ਇਨੈਹਾਂ ਸਿੱਖ ਖੇਡਾਂ ਦੇ ਵਿਚ ਦਸਤਾਰ ਸਜਾਉਣ ਦਾ ਮੁਕਾਬਲਾ ਵੀ ਕਰਵਾਇਆ ਜਾਵੇਗਾ। ਬੇਅ ਆਫ ਪਲੈਂਟੀ ਕਲੱਬ ਤੋਂ ਸ. ਚਰਨਜੀਤ ਸਿੰਘ ਦੁੱਲਾ ਹੋਰਾਂ ਕਿਹਾ ਕਿ ਉਨੈਹਾਂ ਦੇ ਕੱਲਬ ਦੇ ਖਿਡਾਰੀਆਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਵੱਡੀ ਗਿਣਤੀ ਦੇ ਵਿਚ ਖਿਡਾਰੀ ਆਉਣਗੇ। ਮਾਲਵਾ ਸਪੋਰਟਸ ਕਲੱਬ ਤੋਂ ਸ. ਜਗਦੀਪ ਸਿੰਘ ਵੜੈਚ ਨੇ ਵੀ ਮਾਲਵਾ ਕਲੱਬ ਦੀ ਤਰਫ ਤੋਂ ਖੇਡਾਂ ਦੀ ਸਫਲਤਾ ਲਈ ਪੂਰਨ ਸਹਿਯੋਗ ਦੇਣ ਦੀ ਗੱਲ ਕੀਤੀ ਅਤੇ ਕਿਹਾ ਕਿ ਕਲੱਬ ਪਹਿਲੇ ਦਿਨ ਤੋਂ ਇਨੈਹਾਂ ਖੇਡਾਂ ਦੀ ਹਮਾਇਤ ਵਿਚ ਡਟਿਆ ਰਹੇਗਾ। ਅਖੀਰ ਦੇ ਵਿਚ ਸ. ਗੁਰਵਿੰਦਰ ਸਿੰਘ ਔਲਖ ਨੇ ਆਏ ਸਾਰੇ ਮਹਿਮਾਨਾਂ ਦਾ ਅਤੇ ਮੀਡੀਆ ਕਰਮੀਆਂ ਦਾ

# ਨਿਊਜ਼ੀਲੈਂਡ ਸਰਕਾਰ ਨੇ 'ਇੰਸ਼ੈਸ਼ੀਅਲ ਸਕਿਲਜ਼ ਵੀਜ਼ਾ' ਹੋਲਡਰਾਂ ਦੀ ਵੀਜ਼ਾ ਮਿਆਦ ਵਧਾਈ

**ਔਕਲੈਂਡ 18 ਜੁਲਾਈ–** ਨਿਊਜ਼ੀਲੈਂਡ ਸਰਕਾਰ ਨੇ 'ਇੰਸ਼ੈਸ਼ਈਅਲ ਸਕਿਲਜ਼ ਵੀਜ਼ਾ' (ਅਤਿ ਜਰੂਰੀ ਮੁਹਾਰਿਤ ਵਾਲੇ ਵੀਜ਼ਿਆਂ) ਦੀ ਮਿਆਦ ਜੋ ਕਿ 12 ਮਹੀਨਿਆ ਦੀ ਸੀ, ਨੂੰ ਵਧਾ ਕੇ ਹੁਣ ਵੱਧ ਤੋਂ ਵੱਧ ਹੁਣ 24 ਮਹੀਨੇ ਕਰ ਦਿੱਤਾ ਹੈ। ਇਸ ਕੰਮ ਵਾਸਤੇ ਮੰਜ਼ੂਰਸ਼ੁਦਾ ਰੁਜ਼ਗਾਰ ਦਾਤਾ (ਐਕਰੀਡੇਟਿਡ ਇੰਪਲਾਇਰ–1ਫਫਗਕਦਜਵਕਦ 5ਠਬ;ਰਖਕਗ ਰੁਰਗਾ ੜਜਤ ਦਾ ਜੋ ਨਵਾਂ ਕਾਨੂੰਨ ਪਹਿਲੀ ਨਵੰਬਰ ਤੋਂ ਲਾਗੂ ਹੋਣ ਵਾਲਾ ਸੀ, ਨੂੰ ਹਾਲ ਦੀ ਘੜੀ ਅਗਲੇ ਸਾਲ ਦੇ ਅੱਧ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। 19 ਜੁਲਾਈ 2021 ਤੋਂ ਹੁਣ ਇੰਸ਼ੈਸ਼ਲੀਅਲ ਸਕਿਲ ਵੀਜ਼ੇ ਵਾਲੇ ਉਸੇ ਥਾਂ ਉਤੇ ਕੰਮ ਕਰਦੇ ਰਹਿਣ ਲਈ ਆਪਣਾ ਵੀਜ਼ਾ ਵਧਾਉਣ ਵਾਸਤੇ ਅਪਲਾਈ ਕਰ ਸਕਦੇ ਹਨ। ਔਸਤਨ ਤਨਖਾਹ ਦੇ ਹੇਠਾਂ ਤਨਖਾਹ ਪੈਰਾਪਤ ਕਰਨ ਵਾਲਿਆਂ ਲਈ ਇਸ ਵੀਜ਼ੇ ਦੀ ਮਿਆਦ 12 ਤੋਂ 24 ਮਹੀਨੇ ਕਰ ਦਿੱਤੀ ਗਈ ਹੈ, ਜਦ ਕਿ ਔਸਤਨ ਤੋਂ ਉਪਰ ਵਾਲਿਆਂ ਦੀ ਵੀਜ਼ਾ ਮਿਆਦ ਤਿੰਨ ਸਾਲ ਹੀ ਰੱਖੀ ਹੋਈ ਹੈ।

ਅਰਜ਼ੀਆਂ ਦਾ ਕੰਮ ਕੀਤਾ ਸੌਖਾ: 19 ਜੁਲਾਈ ਤੋਂ




28 ਅਗਸਤ ਤੱਕ ਅਰਜ਼ੀਆਂ ਕਾਗਜ਼ ਉਤੇ ਲਈਆਂ ਜਾਣਗੀਆਂ ਜਦ ਕਿ 30 ਅਗਸਤ ਤੋਂ ਇਹ ਕੰਮ ਆਨ ਲਾਈਨ ਕੀਤਾ ਜਾਵੇਗਾ। ਜਿਹੜੇ ਰੁਜ਼ਗਾਰ ਦਾਤਾਵਾਂ ਕੋਲ ਕੰਮ ਕਰਦੇ ਕਾਮੇ ਵੀਜ਼ਾ ਵਧਾਉਣਾ ਚਾਹੁੰਦੇ ਹੋਣ ਉਨੈਹਾਂ ਨੂੰ ਇਹ ਸਾਬਿਤ ਨਹੀਂ ਕਰਨਾ ਹੋਏਗਾ ਕਿ ਉਨੈਹਾਂ ਨੂੰ ਉਸ ਵਰਗਾ ਹੋਰ ਕਾਮਾ ਨਹੀਂ ਮਿਲ ਰਿਹਾ। ਜੇਕਰ ਕੋਈ ਖਾਲੀ ਜਗਾ ਭਰਨੀ ਹੋਏਗੀ ਤਾਂ ਉਸਨੂੰ ਅਜਿਹਾ ਕਰਨਾ ਹੋਏਗਾ, ਜਾਂ ਫਿਰ ਉਥੇ ਜਿੱਥੇ ਉਸਦਾ ਵਰਕਰ ਬਦਲੀ ਹੋ ਕੇ ਜਾ ਰਿਹਾ ਹੋਵੇਗਾ। ਜੇਕਰ ਕਾਮਾ ਉਸੇ ਥਾਂ ਉਤੇ ਕੰਮ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਨਵਾਂ ਐਗਰੀਮੈਂਟ ਵੀ ਨਹੀਂ ਬਨਾਉਣਾ ਪਵੇਗਾ। ਕਿਸੇ ਮੈਡੀਕਲ ਅਤੇ ਪੁਲਿਸ ਕਲੀਅਰਿੰਸ ਸਰਟੀਫਿਕੇਟ ਦੀ ਲੋੜ ਨਹੀਂ ਪਵੇਗੀ ਪਰ ਪਹਿਲਾਂ ਦਿੱਤਾ ਹੋਣਾ ਚਾਹੀਦਾ। ਅੰਤ ਕਹਿ ਸਕਦੇ ਹਾਂ ਕਿ ਸਰਕਾਰ ਚਾਹੁੰਦੀ ਹੈ ਕਿ ਕਰੋਨਾ ਦੇ ਚਲਦਿਆਂ ਉਹ ਜਿਆਦਾ ਪੰਗਿਆਂ ਵਿਚ ਨਹੀਂ ਪੈਣਾ ਚਾਹੁੰਦੀ ਅਤੇ ਨਾ ਹੀ ਬਹੁਤਾ ਕਿਸੀ ਨੂੰ ਤੰਗ ਪੈਰੇਸ਼ਾਨ ਕਰਨਾ ਚਾਹੁੰਦੀ ਹੈ, ਸੋ ਮਤਲਬ ਇਹ ਕਿ ਜਿੱਥੇ ਟਿਕੇ ਹੋ ਕੰਮ ਕਰਦੇ ਰਹੋ।

# ਨਿਊਜ਼ੀਲੈਂਡ ਦੇ ਕਿਸਾਨ ਆਪਣੀਆਂ ਸਮੱਸਿਆਵਾਂ ਲੈ ਕੇ ਨਿਕਲੇ ਹਾਈਵੇਅ ਸੜਕਾਂ 'ਤੇ









**ਔਕਲੈਂਡ 18 ਜੁਲਾਈ–** ਨਿਊਜ਼ੀਲੈਂਡ ਦੀ ਲੇਬਰ ਸਰਕਾਰ ਨੇ ਆਮ ਨੌਕਰੀ ਪੇਸ਼ਾ ਵਾਲਿਆਂ ਦੀਆਂ ਜੇਬਾਂ ਦੇ ਵਿਚ ਤਾਂ ਕਰੋਨਾ ਦੇ ਚਲਦਿਆਂ ਕੁਝ ਨਾ ਕੁਝ ਪਾਉਣ ਦੀ ਕੋਸ਼ਿਸ ਕੀਤੀ ਪਰ ਕਿਸਾਨਾਂ ਦੇ ਖੀਸਿਆਂ ਦੇ ਵਿਚ ਨਾ–ਮਾਤਰ ਹੀ ਕੁਝ ਗਿਆ। ਕਾਮਿਆ ਦੀ ਖਾਤਿਰ ਤਾਂ ਸਬ ਸਿਡੀਆਂ ਮਿਲ ਗਈਆਂ ਪਰ ਜਿਹੜੀਆਂ ਫਸਲਾਂ ਦਾ ਨੁਕਸਾਨ ਹੋਇਆ ਉਸਦੀ ਭਰਪਾਈ ਵਾਸਤੇ ਕੁਝ ਖਾਸ ਨਾ ਕੀਤਾ ਗਿਆ। ਕਿਸਾਨ ਪਹਿਲਾਂ ਹੀ ਕਾਮਿਆਂ ਦੀ ਘਾਟ ਕਾਰਨ ਪੈਰੇਸ਼ਾਨੀ ਦੇ ਵਿਚ ਚੱਲ ਰਹੇ ਸਨ ਅਤੇ ਉਪਰੋਂ ਸਰਕਾਰ ਦੀ ਸਖਤ ਹੁੰਦੀ ਜਾ ਰਹੀ ਨਿਯਮਾਂਵਾਲੀ ਵੀ ਉਨੈਹਾਂ ਦੇ ਸਿਰ ਉਤੇ ਪੈ ਰਹੀ ਸੀ। ਅਜਿਹੇ ਕੁਝ ਕਾਰਨ ਕਰਕੇ ਹੁਣ ਨਿਊਜ਼ੀਲੈਂਡ ਦੇ ਕਿਸਾਨਾਂ ਨੇ ਅੱਜ ਦੇਸ਼ ਦਾ ਸਭ ਤੋਂ ਵੱਡਾ ਵਿਰੋਧ ਪੈਰਦਰਸ਼ਨ ਕਰਨ ਦਾ ਬੀੜਾ ਚੁੱਕਿਆ ਹੈ।

ਨਿਊਜ਼ੀਲੈਂਡ ਦੇ 50–55 ਵੱਖ–ਵੱਖ ਥਾਵਾਂ ਉਤੇ ਕਿਸਾਨ ਆਪਣੇ ਵੱਡੇ–ਛੋਟੇ ਟਰੈਕਟਰ ਲੈ ਕੇ ਵਿਰੋਧ ਪੈਰਦਰਸ਼ਨ ਕਰਨ ਦੇ ਵਾਸਤੇ ਸੜਕਾਂ ਜਿਹਨਾਂ ਵਿਚ ਮੋਟਰ ਵੇਅ, ਹਾਈ ਵੇਅ, ਐਕਸਪੈਰੈਸ ਵੇਅ ਅਤੇ ਸ਼ਹਿਰੀ ਸੜਕਾਂ ਦੇ ਵਿਚ ਨਿਕਲ ਪਏ ਹਨ। ਇਹ ਵਿਰੋਧ ਪੈਰਦਰਸ਼ਨ ਸਾਫ ਪਾਣੀ, ਸਵਦੇਸ਼ੀ ਜੈਵਿਕ ਵਿਭਿੰਨਤਾ, ਵਾਹਨ ਅਤੇ ਵਾਤਾਵਰਣ ਬਦਲਾਅ ਨੂੰ ਲੈ ਕੇ ਬਣ ਰਹੇ ਨਿਯਮਾਂ ਦੇ ਸਬੰਧ ਵਿਚ ਕੀਤਾ ਗਿਆ। ਵੱਡੇ–ਵੱਡੇ ਟਰੈਕਟਰ, ਯੂਟ, ਕਿਸਾਨਾਂ ਦੇ ਕੁੱਤੇ ਅਤੇ ਹੋਰ ਵੱਡੇ ਵਾਹਨ ਅੱਜ ਔਕਲੈਂਡ ਸ਼ਹਿਰ ਦੀਆਂ ਸੜਕਾਂ ਉਤੇ ਲੰਬੀ ਕਤਾਰ ਦੇ ਵਿਚ ਟਹਿਲਦੇ ਨਜ਼ਰ ਆਏ। ਲੋਕਾਂ ਨੇ ਸੜਕਾਂ ਕੰਢੇ ਖੜਕੇ ਹਾਰਨ ਮਾਰ ਕੇ ਉਹਨਾਂ ਦਾ ਸਮਰਥਨ ਕੀਤਾ। ਕਿਸਾਨਾਂ ਨੇ ਆਪਣੇ ਟਰੈਕਟਰ ਉਤੇ ਦੇਸ਼ ਦਾ ਰਾਸ਼ਟਰੀ ਝੰਡਾ ਲਾਇਆ ਹੋਇਆ ਸੀ।




ਕਲਮੀ ਰਮਜ਼ਾਂ–3, ਪੰਜਾਬੀ ਲਿਖਾਰੀ ਸਭਾ ਸਿਆਟਲ ਦੀਆਂ ਸੰਪਾਦਿਤ ਰਚਨਾਵਾਂ ਕਿਤਾਬ ਵਿਚੋਂ ਲੇਖ ਛਾਪਣ ਲਈ ਅਸੀਂ ਕਿਤਾਬ ਦੇ ਸੰਪਾਦਕ ਸ. ਜੇ. ਬੀ. ਸਿੰਘ (ਪ੍ਰਧਾਨ, ਹੁਣ ਸਾਬਕਾ ਪ੍ਰਧਾਨ), ਪਬਲੀਸ਼ਰ (ਪ੍ਰੀਤ ਪਬਲੀਕੇਸ਼ਨ, ਨਾਭਾ) ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ, ਇਸ ਦੇ ਨਾਲ ਹੀ ਸਭਾ ਦੇ ਸਕੱਤਰ ਸ੍ਰੀ ਬਲਿਹਾਰ ਸਿੰਘ ਲ੍ਹੇਲ ਦੇ ਧੰਨਵਾਦੀ ਹਾਂ, ਜਿਹਨਾਂ ਰਾਹੀਂ ਇਹ ਕਿਤਾਬ ਸਾਨੂੰ ਲੇਖ ਛਾਪਣ ਲਈ ਪ੍ਰਾਪਤ ਹੋਈ ਸੀ।

**ਸੰਪਾਦਕ 'ਦੇਸ਼ ਦੁਆਬਾ' ਹਫਤਾਵਾਰੀ**

# ਈਰੋਡ ਵੈਂਕਟੱਪਾ ਰਾਮਾਸਾਮੀ (ਪੇਰੀਅਰ-1)




ਹਰਦੀਪ ਸਿੰਘ ਚੁੰਬਰ
91-94636-01616

ਪੇਰੀਅਰ ਰਾਮਾਸਵਾਮੀ ਨਿਇਕਰ ਅਤੇ ਹੋਰ ਦੱਖਣ ਭਾਰਤ ਦੇ ਬੈਕਵਰਡ ਸਮਾਜ ਦੇ ਲੋਕਾਂ ਦੀ ਮਿਹਨਤ ਕਾਰਨ ਹੀ ਤਾਮਿਲਨਾਡੂ ਵਿੱਚ ਬੈਕਵਰਡ ਸਮਾਜ ਅੱਜ 50 ਪ੍ਰਤੀਸ਼ਤ ਰਿਜਰਵੇਸ਼ਨ ਲੈ ਰਿਹਾ ਹੈ, ਸ਼ਾਇਦ ਉੱਤਰੀ ਭਾਰਤ ਇਸ ਰਾਜ ਦੀ 100 ਸਾਲ ਤਕ ਵੀ ਬਰਾਬਰੀ ਨਾ ਕਰ ਸਕੇ। ਇਸ ਨੂੰ ਜਾਣ ਲੈਣ ਲਈ ਬੈਕਵਰਡ ਸਮਾਜ ਦੇ ਮਹਾਨ ਨੇਤਾ ਨੂੰ ਜਾਣ ਲੈਣਾ ਜਰੂਰੀ ਹੈ, ਉਹ ਕੌਣ ਸਨ, ਕਿਦਾਂ ਕੀਤਾ, ਭਾਰਤ ਵਿੱਚ ਕਿਦਾਂ ਹੋ ਸਕਦਾ ਹੈ। ਕੀ ਭਾਰਤ ਦੇ ਸਾਰੇ ਰਾਜਾਂ ਵਿੱਚ ਹੋ ਸਕਦਾ ਹੈ। ਇਹ ਇੱਕ ਆਰਟੀਕਲ ਵਿੱਚ ਪੂਰਾ ਕਰਨਾ ਮੁਸ਼ਕਿਲ ਹੈ। ਇਸ ਨੂੰ ਜਾਣਨ ਲਈ ਲੜੀਵਾਰ ਪੜਨਾ ਪਵੇਗਾ।ਇਸ ਦੀ ਸੁਰੂਆਤ ਫੂਲੇ ਦੰਮਪਤੀ ਨੇ ਕੀਤੀ ਸੀ।

ਅਮੀਰਾਂ ਦੇ ਲਾਭ ਲਈ ਜਾਂ ਗਰੀਬਾਂ ਵੰਚਿਤਾਂ ਦੇ ਕੁੱਝ ਰਾਹਤ, ਜੀਵਨ ਸੁਧਾਰ ਦਾ ਕੰਮ ਕਰਨ ਵਾਲੇ ਇਨਸਾਨ ਨੂੰ ਮਹਾਤਮਾਂ ਕਿਹਾ ਜਾ ਸਕਦਾ ਹੈ। ਨਿਸ਼ਚਿਤ ਤੌਰ ਤੇ ਹਰ ਕੋਈ ਗਰੀਬ ਲੋੜ ਬੰਦ ਲਈ ਕੰਮ ਕਰਨ ਵਾਲੇ ਨੂੰ ਹੀ ਕਹੇਗਾ। ਇਸ ਦੇ ਸ਼ਰੇ ਫੂਲੇ ਜੀ ਹੀ ਜਾਵੇਗਾ। ਭਾਰਤ ਵਿੱਚ ਅਸਲੀ ਮਹਾਤਮਾ ਦਾ ਜੋ ਦਰਜਾ ਜੋਤੀਬਾ ਫੂਲੇ ਜੀ ਦਾ ਹੈ ਕਿਸੇ ਦਾ ਨਹੀਂ ਹੋ ਸਕਦਾ। ਉਸ ਨੇ ਔਰਤ ਅਤੇ ਵੰਚਿਤ ਸਮਾਜ ਨੂੰ ਪੜਾਉਣ ਦਾ ਕੰਮ ਭਾਰਤ ਵਿੱਚ ਪਹਿਲ ਕੀਤੀ। ਕਈ ਹੋਰ ਸਮਾਜ ਸੁਧਾਰ ਦੇ ਕੰਮ ਕੀਤੇ। ਬ੍ਰਿਟਿਸ਼ ਸਰਕਾਰ ਨੇ ਉਹਨਾ ਨੂੰ ਮਹ-ਾਤਮਾ ਦੇ ਨਾਮ ਨਾਲ ਸਤਿਕਾਰਿਆ।ਉਹ ਅਧੂਨਿਕ ਭਾਰਤ ਦੇ ਪਿਤਾਮਾਂ ਹਨ, ਫੂਲੇ ਦੰਮਪਤੀ ਨੇ ਦੱਬੇ ਕੁਚਲੇ ਵੰਚਿਤ ਸਮਾਜ ਨੂੰ ਪੜਾਇਆ ਸਵਾਰਿਆ ਜੀਣ ਦਾ ਰਾਹ ਦਿਖਾਇਆ, ਨਵੀਂ ਨੀਂਹ ਰੱਖੀ।

20ਵੀਂ ਸਦੀ ਵਿੱਚ ਹੋਏ ਮਹਾਨ ਨੇਤਾ ਇਹਨਾ ਬੈਕਵਰਡ ਸਮਾਜ ਦੇ ਨੇਤਾ ਪੇਰੀਅਰ ਰਾਮਾਸਵਾਮੀ ਨਿਇਕਰ, ਅਨੁਸੂਚਿਤ ਜਾਤੀ ਦੇ ਡਾ. ਅੰਬੇਡਕਰ ਦਾ ਰਾਹ ਫੂਲੇ ਸੋਚ ਨੂੰ ਅੱਗੇ ਤੋਰਿਆ। ਉਹ ਸਮਾਜਿਕ ਬਦਲਾਵ ਕਰ ਪਾਏ। ਉਹਨਾ ਤੋਂ ਬਾਅਦ ਪ੍ਰਮੁੱਖ ਹਨ ਜਿਹਨਾ ਦਾ ਅਧੂਨਿਕ ਭਾਰਤ ਉੱਤੇ ਵਿਸ਼ੇਸ਼ ਪ੍ਰਭਾਵ ਹੈ, ਉਹ ਸਨਬਲਵਭਾਈ ਪਟੇਲ। ਇਹਨਾ ਦਾ ਉਤਰ ਭਾਰਤ ਦੇ ਬੈਕਵਰਡ ਸਮਾਜ ਨੂੰ ਕੁੱਝ ਲਾਭ ਅਤੇ ਨੁਕਸਾਨ ਹੋਇਆ, ਇਹ ਸੱਤਾ ਵਿੱਚ ਰਹੇ ਆਪਣੇ ਸਮਾਜ ਲਈ ਖਾਸ ਨਹੀ ਕਰ ਪਾਏ।

ਬੈਕਵਰਡ ਸਮਾਜ ਨੂੰ ਉੱਪਰ ਉਠਾਉਣ ਵਿੱਚਈਰੋਡ ਵੈਂਕੁਟੱਪਾ ਪੇਰੀਅਰ ਰਾਮਾਸਵਾਮੀ ਨਿਇਕਰ ਦਾ ਦਖਣ ਭਾਰਤ ਅਤੇ ਤਾਮਿਲ ਸਮਾਜ ਵਿੱਚ ਖਾਸ ਪ੍ਰਭਾਵ ਸੀ, ਜਿਸ ਕਾਰਨ ਅਜਾਦੀ ਤੋਂ ਪਹਿਲਾਂ ਹੀ 1927 ਤੋਂ ਮਦਰਾਸ ਵਿੱਚ ਬੈਕਵਰਡ ਸਮਾਜ ਲਈ 44 ਪ੍ਰਤੀਸ਼ਤ ਬ੍ਰਾਹਮਣ, ਇਸ ਨੂੰ ਅੱਗੇ ਵਧਾਉਣ ਲਈ ਉਹਨਾ ਦੇ ਸਾਥੀ ਸ੍ਰੀ ਕਰੁਨਾਨਿਧੀ ਅਤੇ ਹਰ ਨੇਤਾਵਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ।



ਅਨੁਸੂਚਿਤ ਜਾਤੀ ਦੇ ਨੇਤਾ ਡਾ. ਭੀਮ ਰਾਓ ਅੰਬੇਡਕਰ ਵੰਚਿਤ ਲੋਕਾਂ ਦੀ ਲੜਾਈ ਲੜ ਰਹੇ ਸਨ। ਬਹੁਤ ਕੋਸ਼ਿਸਾਂ ਕਰਕੇ ਉਹਨਾ ਅੰਗਰੇਜਾਂ ਕੋਲੋਂ ਕਮਿਊਨਲ ਅਵਾਰਡ ਲੈ ਵੰਚਿਤਾਂ ਨੂੰ ਬਰਾਬਰ ਕਰਨ ਦੀ ਕੋਸ਼ਿਸ ਕੀਤੀ ਸੀ ਜਿਹੜਾ ਸ੍ਰੀਮਾਨ ਗਾਂਧੀ ਨੇ ਮਰਨ ਵਰਤ ਰੱਖ ਹਿੰਦੂ ਭਾਵਨਾਵਾਂ ਭੜਕਾ ਕੇ ਡਾ. ਅੰਬੇਡਕਰ ਉਤੇ ਦਬਾ ਬਣਾਇਆ, ਵਾਪਸ ਕਰਵਾ ਦਿਤਾ। ਲੇਕਿਨ ਡਾ. ਅੰਬੇਡਕਰ ਦੀ ਅਣਥੱਕ ਮਿਹਨਤ ਦਾ ਸਦਕਾ ਹੀ ਵੰਚਿਤ ਕੁੱਝ ਰਾਹਤ ਲੈ ਪਾਏ ਹਨ।

ਬੈਕਵਰਡ ਸਮਾਜ ਦੇ ਵਿੱਚ ਜਨਮੇ ਬਲਵਭਾਈ ਪਟੇਲ ਨੂੰ ਤਾਂ ਪਤਾ ਹੀ ਨਹੀਂ ਸੀ ਬੈਕਵਰਡ ਸਮਾਜ ਕੀ ਹੁੰਦਾ ਹੈ। ਬਲਵਭਾਈ ਪਟੇਲ ਦੀ ਮਾਨਸਿਕਤਾ ਉੱਤਰ ਭਾਰਤ ਦੇ ਬੈਕਵਰਡ ਸਮਾਜ ਦੀ ਸਮਾਜਿਕ ਸਮਝ ਦੀ ਮਾਨਸ਼ਿਕਤਾ ਹੈ। ਉਹ ਬ੍ਰਾਹਮਣਵਾਦ ਦੇ ਪ੍ਰਭਾਵ ਥੱਲੇ ਆਪਣਾ ਅਸਤਿਤਵ ਗੁਆ ਚੁੱਕੇ ਹਨ। 54% ਦੇ ਕਰੀਬ ਅਬਾਦੀ 14 ਤੋਂ 27 ਪ੍ਰਤੀਸ਼ਤ ਰਿਜਰਵੇਸ਼ਨ ਲਈ ਅਜਾਦੀ ਦੀ ਪੌਣੀ ਸਦੀ ਬਾਅਦ ਵੀ ਖੁਆਰ ਹੋ ਰਹੀ ਹੈ। ਇਹ ਉਹਨਾ ਦੇ ਗਾਂਗਰਸ ਦੇ ਪਿਛਲਗੂ ਹੋਣ ਕਾਰਨ ਹੈ।

ਉੱਤਰੀ ਭਾਰਤ ਵਿੱਚ ਬੈਕਵਰਡ ਅਤੇ ਅਨੁਸੂਚਿਤ ਵਰਗ ਨੂੰ ਲੜਾਕੇ ਰਾਜਨੀਤੀ ਕੀਤੀ ਜਾਂਦੀ ਆ ਰਹੀ ਹੈ। ਡਾ. ਅੰਬੇਡਕਰ ਨੂੰ ਸੰਵਿਧਾਨ ਕਮੇਟੀ ਤੋਂ ਬਾਹਰ ਰਖਣ ਲਈ ਬਲਵਭਾਈ ਪਟੇਲ ਨੇ ਕਿਹਾ ਸੀ ਕਿ ਉਸ ਲਈ ਸੰਵਿਧਾਨ ਸਭਾ ਦੇ ਸਾਰੇ ਖਿੜਕੀ ਦਰਵਾਜੇ ਬੰਦ ਹੋ ਚੁੱਕੇ ਹਨ। ਸ੍ਰੀ ਬਲਵਭਾਈ ਪਟੇਲ ਵਰਗੇ ਬੈਕਵਰਡ ਸਮਾਜ ਦੇ ਨੇਤਾਵਾਂ ਦੀ ਸਮਾਜਿਕ ਸਮਝ ਦੇ ਕਰਨ ਹੀ ਉੱਤਰੀ ਭਾਰਤ ਦਾ ਲੋੜਬੰਦ ਬੈਕਵਰਡ ਅਤੇ ਅਨੁਸੂਚਿਤ ਵਰਗ ਦਾ ਨੁਕਸਾਨ ਹੋਇਆ।

ਆਜ਼ਾਦੀ ਤੋਂ ਪਹਿਲਾਂ ਤਾਮਿਲ ਨਾਡੂ ਵਿੱਚ ਰਿਜਰਵੇਸ਼ਨ

ਮਦਰਾਸ ਪ੍ਰੈਜੀਡੈਂਸੀ ਬ੍ਰਿਟਿਸ਼ ਰਾਜ ਵਿਚ ਪਹਿਲਾ ਪ੍ਰੈਜੀਡੈਂਸੀ ਸੀ ਜਿਸ ਨੇ ਰਾਖਵੇਂਕਰਨ ਦੀ ਵਰਤੋਂ ਦੱਬੇ-ਕੁਚਲਿਆਂ ਲਈ ਨਿਆਂ ਨੂੰ ਯਕੀਨੀ ਬਣਾਉਣ ਦੇ ਤੌਰ ਤੇ ਕੀਤੀ। ਸਰਕਾਰ ਵਿਚ ਬ੍ਰਾਹਮਣਾਂ ਦੇ ਦਬਦਬੇ ਬਾਰੇ ਸਿਕਾਇਤਾਂ ਆਈਆਂ ਸਨ, ਜਿਥੇ ਉਹ ਸੰਖਿਆ ਦੇ ਅਧਾਰ ਤੋਂ ਅੱਗੇ ਜਾ ਵੱਧ ਕੋਟਾ ਲੈ ਕੇ ਦੂਜਿਆਂ ਉੱਤੇ ਭਾਰੂ ਪੈਂਦੇ ਸਨ। ਪ੍ਰਸ਼ਾਸਨ ਵਿਚ ਬ੍ਰਾਹਮਣ ਉਨ੍ਹਾਂ ਦੇ ਉੱਚ ਵਿਦਿਅਕ ਮੌਕਿਆਂ ਦੇ ਕਾਰਨ ਵਿਚ ਉਨ੍ਹਾਂ ਦੇ ਉੱਤਮ ਸਥਾਨਾਂ ਉੱਤੇ ਕਬਜਾਧਾਰੀ ਜਾਤੀ ਕਾਰਨ ਦਬਦਬਾ ਸੀ।

ਪੀ. ਥਿਆਗਰਾਇਆ ਚੇੱਤੀ ਅਤੇ ਟੀ.ਐੱਮ. ਨਾਇਰ ਨੇ 1916 ਵਿਚ ਮਦਰਾਸ ਪ੍ਰੈਜੀਡੈਂਸੀ ਵਿਚ ਸਰਕਾਰੀ ਕਰਮਚਾਰੀਆਂ ਵਿਚ ਗੈਰ-ਬ੍ਰਾਹਮਣਾਂ ਦੀ ਵਕਾਲਤ ਕਰਨ ਲਈ, ਸਾਊਥ ਇੰਡੀਅਨ ਲਿਬਰਲ ਫੈਡਰੇਸ਼ਨ ਦੀ ਸਥਾਪਨਾ ਕੀਤੀ, ਜਿਸ ਨੂੰ ਜਸਟਿਸ ਪਾਰਟੀ ਵਜੋਂ ਜਾਣਿਆ ਜਾਂਦਾ ਹੈ। ਮਦਰਾਸ ਪ੍ਰੈਜ਼ੀਡੈਂਸੀ ਦੇ ਮੁੱਖ ਮੰਤਰੀ, ਅਕਰਮ ਸੁਬਾਰੋਇੱਲੂ ਰੈਡੀ ਨੇ 1921 ਵਿੱਚ ਰਿਜ਼ਰਵੇਸ਼ਨ ਸਥਾਪਤ ਕਰਨ ਦੇ ਸਰਕਾਰੀ ਆਦੇਸ਼ ਨਾਲ ਕੰਮ ਕੀਤਾ। ਸਰਕਾਰੀ ਆਦੇਸ਼ ਦਾ ਤੁਰੰਤ ਵਿਰੋਧ ਕੀਤਾ ਗਿਆ ਅਤੇ ਇਸਨੂੰ ਰੋਕਣਾ ਪਿਆ।

ਸਮਾਜ ਸੁਧਾਰਕ ਪੈਰੀਅਰ ਈ.ਵੀ. ਰਾਮਾਸਾਮੀ, ਜੋ ਉਸ ਸਮੇਂ ਕਾਂਗਰਸ ਵਿਚ ਸਨ, ਨੇ ਆਪਣੀ ਪਾਰਟੀ 'ਤੇ ਰਾਖਵਾਂਕਰਨ ਦੀ ਵਕਾਲਤ ਕਰਨ ਲਈ ਦਬਾਅ ਪਾਇਆ। ਪਾਰਟੀ ਵੱਲੋਂ ਸਰਕਾਰ ਦੇ ਆਦੇਸ਼ਾਂ ਨੂੰ ਲਾਗੂ ਕਰਨ ਵਿਚ ਸਮਰਥਨ ਹਾਸਲ ਕਰਨ ਲਈ ਤਾਮਿਲਨਾਡੂ ਵਿਚ ਰੈਲੀ ਕਰਨ ਤੋਂ ਬਾਅਦ ਉਸ ਨੇ ਅਸਤੀਫ਼ਾ ਦੇ ਦਿੱਤਾ ਸੀ। 'ਕਮਿਊਨਲ ਗਵਰਨਮੈਂਟ ਆਰਡਰ' ਵਜੋਂ ਜਾਣੇ ਜਾਂਦੇ ਸਰਕਾਰੀ ਆਦੇਸ਼ ਨੂੰ ਸਿਰਫ 1927 ਵਿਚ ਮਦਰਾਸ ਪ੍ਰੈਜ਼ੀਡੈਂਸੀ ਦੇ ਮੁੱਖ ਮੰਤਰੀ ਪੀ. ਸੁਬਾਰਾਯਣ ਦੁਆਰਾ ਲਾਗੂ ਕੀਤਾ ਗਿਆ ਸੀ।

ਸਰਕਾਰੀ ਆਦੇਸ਼ ਦੇ ਅਨੁਸਾਰ, ਗੈਰ-ਬ੍ਰਾਹਮਣ ਹਿੰਦੂਆਂ ਨੂੰ ਸਾਰੇ ਅਹੁਦਿਆਂ ਦਾ 44% ਪ੍ਰਾਪਤ ਹੋਣਾ ਸੀ, ਜਦੋਂ ਕਿ ਬ੍ਰਾਹਮਣ, ਮੁਸਲਮਾਨ, ਈਸਾਈ ਅਤੇ ਐਂਗਲੋ-ਇੰਡੀਅਨ ਹਰੇਕ ਨੂੰ 16% ਅਤੇ ਅਨੁਸੂਚਿਤ ਜਾਤੀਆਂ ਨੂੰ 8% ਪ੍ਰਾਪਤ ਹੋਣੇ ਸਨ। ਹਾਲਾਂਕਿ, ਇਹ ਸੰਖਿਆ ਉਨ੍ਹਾਂ ਦੀ ਆਬਾਦੀ ਦੇ ਹਿੱਸੇ ਨੂੰ ਸਹੀ ਤਰ੍ਹਾਂ ਨਹੀਂ ਦਰਸਾਉਂਦੀ ਸੀ, ਪਾਰੀਅਰ ਨੇ ਇਸ ਨੂੰ ਇਕ 'ਸਮਝੌਤਾ' ਦੱਸਦਿਆਂ ਇਸ ਨੂੰ ਸਵੀਕਾਰ ਕਰ ਲਿਆ। ਇਹ ਆਦੇਸ਼, ਜੋ ਅੰਗਰੇਜ਼ੀ ਸਿਖਿਅਕਤਾ 'ਤੇ ਅਧਾਰਤ ਸੀ, ਉਸ ਸਮੇਂ ਲਗਭਗ 7% ਸੀ। ਇਹ ਹੁਕਮ ਉਸ ਸਮੇਂ ਤੋਂ 1950 ਤੱਕ ਲਾਗੂ ਸੀ ਅਤੇ ਵਿਦਿਅਕ ਅਦਾਰਿਆਂ ਵਿੱਚ ਰੁਜ਼ਗਾਰ ਅਤੇ ਦਾਖਲੇ ਲਈ ਲਾਗੂ ਕੀਤਾ ਗਿਆ ਸੀ।

(ਚਲਦਾ)

# ਸਟੈਨ ਸਵਾਮੀ 2018 ਭੀਮ ਕੋਰੇਗਾਓਂ ਹਿੰਸਾ ਦੇ ਦੋਸ਼ੀ, ਦੋਸ਼ ਕਦੀ ਸਿੱਧ ਹੀ ਨਹੀਂ ਹੋਏ



ਹਰਦੀਪ ਸਿੰਘ ਚੁੰਬਰ
91-94636-01616

ਸਟੈਨਿਸਲਸ ਲੌਰਡੂਸਵਾਮੀ ਸਟੈਨ ਸਵਾਮੀ ਦੇ ਨਾਮ ਨਾਲ ਮਸ਼ਹੂਰ, ਇੱਕ ਭਾਰਤੀ ਰੋਮਨ ਕੈਥੋਲਿਕ ਜਾਜਕ ਸੀ, ਜੇਸਯੂਟ ਆਰਡਰ ਦਾ ਮੈਂਬਰ ਸੀ, ਅਤੇ ਕਈ ਦਹਾਕਿਆਂ ਤੋਂ ਇੱਕ ਕਬਾਇਲੀ ਅਧਿਕਾਰ ਕਾਰਕੁਨ ਸੀ। ਸਵਾਮੀ ਭਾਰਤ ਵਿਚ ਅੱਤਵਾਦ ਦੇ ਦੋਸ਼ ਲਗਾਉਣ ਵਾਲਾ ਸਭ ਤੋਂ ਵੱਡੀ ਉਮਰ ਦਾ ਵਿਅਕਤੀ ਸੀ।

8 ਅਕਤੂਬਰ 2020 ਨੂੰ ਸਵਾਮੀ ਨੂੰ 2018 ਭੀਮ ਕੋਰੇਗਾਓਂ ਹਿੰਸਾ ਵਿੱਚ ਕਥਿਤ ਭੂਮਿਕਾ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਨਾਲ ਜੋੜਨ ਲਈ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਰਾਸ਼ਟਰੀ ਜਾਂਚ ਏਜੰਸੀ ਦੁਆਰਾ ਗੈਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਉੱਤੇ ਦੋਸ਼ ਆਇਦ ਕੀਤਾ ਗਿਆ ਸੀ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਅਤੇ ਕੇਰਲ ਦੇ ਮੁੱਖ ਮੰਤਰੀ ਪਿਨਾਰਯ ਵਿਜਯਾਨ ਦੋਵਾਂ ਨੇ ਸਵਾਮੀ ਲਈ ਨਿਆਂ ਦੀ ਮੰਗ ਕੀਤੀ ਹੈ।ਸਵਾਮੀ ਅਤੇ ਹੋਰ ਕਾਰਕੁਨਾਂ ਖ਼ੈਲਾਫ਼ ਕੇਸ ਹਿੰਸਾ ਨਾਲ ਜੁੜਿਆ ਹੈ ਜੋ ਜਨਵਰੀ 2018 ਵਿੱਚ ਮਹਾਰਾਸ਼ਟਰ ਰਾਜ ਦੇ ਭੀਮ ਕੋਰੇਗਾਓਂ ਪਿੰਡ ਵਿੱਚ ਵਾਪਰਿਆ ਸੀ। ਉਸ ਦਿਨ ਸੈਂਕੜੇ ਹਜ਼ਾਰਾਂ ਦਲਿਤ ਉਸ ਯੁੱਧ ਦੀ 200 ਵੀਂ ਵਰੈਹੇਗੰਢਲਈ ਇਕੱਠੇ ਹੋਏ ਸਨ ਜਿਸ ਵਿੱਚ ਉਨੈਹਾਂ ਨੇ ਬੈਰਿਟਿਸ਼ ਫ਼ੌਜਾਂ ਦੇ ਨਾਲ ਇੱਕ ਉੱਚ ਜਾਤੀ ਦੇ ਬੈਰਾਹਮਣਵਾਦੀ ਸ਼ਾਸਕਾਂ ਨੂੰ ਹਰਾਇਆ ਸੀ।

**ਸੁਰੂਆਤੀ ਜਿੰਦਗੀ**

ਸਵਾਮੀ ਦਾ ਜਨਮ 26 ਅਪੈਰੈਲ 1937 ਨੂੰਦੱਖਣੀ ਰਾਜ ਤਾਮਿਲਨਾਡੂ ਤੋਂ ਇੱਕ ਕਿਸਾਨ ਪਿਤਾ ਅਤੇ ਘਰੇਲੂ ਕੰਮ ਕਾਰੀ ਮਾਂ ਦੋ ਘਰ ਹੋਇਆ ਸੀ ਅਤੇ ਤਾਮਿਲਨਾਡੂ ਦੇ ਤੈਰਿਚੀ ਦਾ ਰਹਿਣ ਵਾਲਾ ਸੀ। 1970 ਵਿੱਚ, ਉਸਨੇ ਧਰਮ ਸ਼ਾਸਤਰ ਦਾ ਅਧਿਐਨ ਕੀਤਾ ਅਤੇ ਫਿਲਪੀਨਜ਼ ਵਿੱਚ ਸਮਾਜ ਸ਼ਾਸਤਰ ਵਿੱਚ ਮਾਸਟਰ ਦੀ ਡਿਗਰੀ ਪੈਰਾਪਤ ਕੀਤੀ, ਜਿੱਥੇ ਉਸਨੂੰ ਪੈਰਸ਼ਾਸਨ ਵਿਰੁੱਧ ਕਈ ਵਿਰੋਧ ਪੈਰਦਰਸ਼ਨਾਂ ਅਤੇ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪਿਆ। ਆਪਣੀ ਅਗਲੀ ਪੜਾਈ ਦੌਰਾਨ, ਉਸਨੇ ਬੈਰਾਜ਼ੀਲ ਦੇ ਕੈਥੋਲਿਕ ਆਰਚਬਿਸ਼ਪ ਹੋਲਡਰ ਕੈਮਾਰਾ ਨਾਲ ਦੋਸਤੀ ਕੀਤੀ, ਜਿਸਦਾ ਗਰੀਬ ਲੋਕਾਂ ਨਾਲ ਕੰਮ ਕਰਨਾ ਉਸ ਨੂੰ ਪ੍ਰਭਾਵਤ ਕਰਦਾ ਸੀ।

**ਸਵਾਮੀ ਜੀ ਦੀ ਕਾਰਜਸ਼ੀਲਤਾ**

ਸਵਾਮੀ 1975 ਤੋਂ 1986 ਤੱਕ ਜੈਸੀਟ-ਸੰਚਾਲਿਤ ਇੰਡੀਅਨ ਸੋਸ਼ਲ ਇੰਸਟੀਚਿ .ਟ, ਬੈਂਗਲੁਰੂ ਦਾ ਸਾਬਕਾ ਡਾਇਰੈਕਟਰ ਸੀ। ਉਨੈਹਾਂ ਨੇ ਸੰਵਿਧਾਨ ਦੀ ਪੰਜਵੀਂ ਸ਼ਡਿਊਲ ਨੂੰ ਲਾਗੂ ਨਾ ਕਰਨ ੋਤੇ ਸਵਾਲ ਚੁੱਕੇ ਹਨ, ਜੋ ਰਾਜ ਵਿੱਚ ਆਪਣੀ ਸੁਰੱਖਿਆ, ਕਲਿਆਣ ਅਤੇ ਵਿਕਾਸ ਲਈ ਸਿਰਫ ਇੱਕ ਕਬਾਇਲੀ ਕਮਿਊਨਿਟੀ ਮੈਂਬਰਾਂ ਨਾਲ ਇੱਕ ਕਬੀਲਾ ਸਲਾਹਕਾਰ ਪਰਿਸ਼ਦ ਦੀ ਸਥਾਪਨਾ ਨੂੰ ਦਰਸਾਉਂਦੀ ਹੈ। ਆਪਣੀ ਗ੍ਰਿਫਤਾਰੀ ਤੋਂ ਦੋ ਦਿਨ ਪਹਿਲਾਂ ਪੈਰਸਾਰਿਤ ਕੀਤੇ ਗਏ ਇੱਕ ਵੀਡੀਓ ਵਿੱਚ ਸਵਾਮੀ ਨੇ ਸੁਝਾਅ ਦਿੱਤਾ ਸੀ ਕਿ ਉਸਦੀ ਗੈਰਿਫਤਾਰੀ ਉਸਦੇ ਕੰਮ ਨਾਲ ਜੁੜੀ ਹੋਈ ਹੈ, ਕਿਉਂਕਿ ਇਸ ਵਿੱਚ ਸਰਕਾਰੀ ਨੀਤੀਆਂ ਖ਼ੈਲਾਫ਼ ਅਸਹਿਮਤੀ ਸ਼ਾਮਲ ਹੈ। ਉਸ ਦੇ ਹਵਾਲੇ ਨਾਲ ਕਿਹਾ ਗਿਆ ਹੈ,ਜੋ ਮੇਰੇ ਨਾਲ ਹੋ ਰਿਹਾ ਹੈ ਮੇਰੇ ਲਈ ਉਹ ਵਿਲੱਖਣ ਨਹੀਂ ਹੈ। ਇਹ ਇਕ ਵਿਸ਼ਾਲ ਪੈਰਕਿਰਿਆ ਹੈ ਜੋ ਦੇਸ਼ ਭਰ ਵਿਚ ਹੋ ਰਹੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਪੈਰਮੁੱਖ ਬੁੱਧੀਜੀਵੀ, ਵਕੀਲ, ਲੇਖਕ, ਕਵੀ, ਕਾਰਕੁੰਨ, ਵਿਦਿਆਰਥੀ, ਨੇਤਾ, ਇਹ ਸਾਰੇ ਕੈਦ ਹਨ ਕਿਉਂ ਕਿ ਉਨੈਹਾਂ ਨੇ ਆਪਣੀ ਅਸਹਿਮਤੀ ਜਤਾਈ ਹੈ ਜਾਂ ਭਾਰਤ ਦੀ ਸੱਤਾਧਾਰੀ ਤਾਕਤਾਂ ਬਾਰੇ ਸਵਾਲ ਖੜੇ ਕੀਤੇ ਹਨ। ਅਸੀਂ ਪੈਰਕਿਰਿਆ ਦਾ ਹਿੱਸਾ ਹਾਂ। ਇੱਕ ਤਰੈਹਾਂ ਨਾਲ, ਮੈਂ ਇਸ ਪੈਰਕਿਰਿਆ ਦਾ ਇੱਕ ਹਿੱਸਾ ਬਣਕੇ ਖੁਸ਼ ਹਾਂ। ਮੈਂ ਮੂਕ ਦਰਸ਼ਕ ਨਹੀਂ, ਬਲਕਿ ਖੇਡ ਦਾ ਹਿੱਸਾ ਹਾਂ, ਅਤੇ ਕੁਝ ਵੀ ਭੁਗਤਾਨ ਕਰਨ ਲਈ ਤਿਆਰ ਹਾਂ। ਉਸਨੇ ਜਨਜਾਤੀਆਂ ਦੇ 2018 ਦੀ ਬਗਾਵਤ ਨਾਲ ਖੁੱਲੈਹ ਕੇ ਹਮਦਰਦੀ ਕੀਤੀ, ਉਨੈਹਾਂ ਦੇ ਸਰੋਤਾਂ ਅਤੇ ਸਾਂਝੀ ਜ਼ਮੀਨ ਉੱਤੇ ਉਨੈਹਾਂ ਦੇ ਅਧਿਕਾਰਾਂ ਦਾ ਜ਼ੋਰ ਦਿੱਤਾ। ਉਸਨੇ ਨਿਯਮਿਤ ਤੌਰ ੋਤੇ ਲੇਖ ਲਿਖੇ ਕਿ ਕਿਵੇਂ ਵੱਡੀਆਂ ਕਾਰਪੋਰੇਸ਼ਨਾਂ ਫੈਕਟਰੀਆਂ ਅਤੇ ਖਾਣਾਂ ਲਈ ਆਦਿਵਾਸੀ ਜ਼ਮੀਨਾਂ ਉੱਤੇ ਕਬਜ਼ਾ ਕਰ ਰਹੀਆਂ ਹਨ

**ਸਵਾਮੀ ਜੀ ਦੀ ਜੇਲ ਵਿੱਚ ਸਰਗਰਮੀ–** ਤਲੋਜਾ ਕੇਂਦਰੀ ਜੇਲੈਹ ਵਿਚ ਬੰਦ ਹੁੰਦਿਆਂ ਸਵਾਮੀ ਨੇ ਆਪਣੇ ਜੈਸੀਟ ਸਾਥੀ ਨੂੰ ਲਿਖੀ ਚਿੱਠੀ ਵਿਚ ਕੈਦੀਆਂ ਦੀ ਦੁਰਦਸ਼ਾ ਬਾਰੇ ਚਾਨਣਾ ਪਾਉਂਦਿਆਂ ਕਿਹਾ, "ਬਹੁਤ ਸਾਰੇ ਅਜਿਹੇ ਕਮਜੋਰ ਧਿਰਾਂ ਨੂੰ ਪਤਾ ਨਹੀਂ ਹੁੰਦਾ ਕਿ ਉਨੈਹਾਂ ਉੱਤੇ ਕੀ ਦੋਸ਼ ਲਾਇਆ ਗਿਆ ਹੈ। ਉਸ ਨੇ ਆਪਣਾ ਦੋਸ਼ ਪੱਤਰ ਨਹੀਂ ਵੇਖਿਆ ਅਤੇ ਬਿਨਾਂ ਕਿਸੇ ਕਾਨੂੰਨੀ ਜਾਂ ਹੋਰ ਸਹਾਇਤਾ ਦੇ ਸਾਲਾਂ ਲਈ ਜੇਲ ਵਿੱਚਹੁਣੇ ਰਹਿ ਗਏ ਹਨੌਉਸਨੇ ਪੱਤਰ ਨੂੰ ਖ਼ਤਮ ਕਰਦਿਆਂ ਇਹ ਕਿਹਾ੍ਹੋ, ਪਰ ਅਸੀਂ ਹਾਲੇ ਵੀ ਕੋਰਸ ਵਿੱਚ ਗਾਵਾਂਗੇ। ਇੱਕ ਪਿੰਜਰਾ ਪੰਛੀ ਅਜੇ ਵੀ ਉਥੇ ਹੈ। ਗਾ ਸਕਦਾ ਹੈ।

**ਗ੍ਰਿਫਤਾਰੀ ਅਤੇ ਵਿਰੋਧ–** ਸਵਾਮੀ ਨੂੰ 2018 ਭੀਮ ਕੋਰੇਗਾਓਂ ਹਿੰਸਾ ਵਿੱਚ ਫਸਾਇਆ ਗਿਆ ਸੀ, ਜਦੋਂ ਕਿ ਉਸਨੇ ਦਾਅਵਾ ਕੀਤਾ ਕਿ ਉਹ ਉਕਤ ਅਵਧੀ ਦੌਰਾਨ ਪੁਣੇਵਿੱਚ ਨਹੀਂ ਸੀ, ਅਤੇ ਉਸ ਉੱਤੇ ਮਾਓਵਾਦੀਆਂ ਨਾਲ ਹਮਦਰਦੀ ਦਾ ਦੋਸ਼ ਲਾਇਆ ਗਿਆ ਸੀ। ਇਹ ਦੋਸ਼ ਲਾਇਆ ਗਿਆ ਸੀ ਕਿ ਤਕਰੀਬਨ 3,000 ਮਰਦਾਂ ਅਤੇ ਔਰਤਾਂ ਦੀ ਰਿਹਾਈ ਲਈ ਲੜਨ ਲਈ ਉਸ ਅਤੇ ਸੁਧਾ ਭਾਰਦਵਾਜ ਦੁਆਰਾ ਸਥਾਪਤ ਕੀਤੀ ਗਈ ਜ਼ੁਲਮ ਕੈਦੀ ਏਕਤਾ ਕਮੇਟੀ (ਪੀਪੀਐਸਸੀ), ਜਿਹਨਾਂ ਨੂੰ ਨਕਸਲੀਆਂ ਦਾ ਲੇਬਲ ਲਗਾਇਆ ਗਿਆ ਸੀ ਅਤੇ ਕੈਦ ਵਿੱਚ ਪਾ ਦਿੱਤਾ ਗਿਆ ਸੀ, ਮਾਓਵਾਦੀ ਇੱਕ ਮੋਰਚਾਫੰਡ ਇਕੱਠਾ ਕਰਨ ਦਾ ਦੋਸ ਲਾਇਆ । ਜੇਸੁਇਟਸ ਨੇ ਫਰਿਅਰ ਸਟੈਨ ਸਵਾਮੀ ਦੇ ਮਾਓਵਾਦੀ ਹੋਣ ਦੇ ਦੋਸ਼ ਨੂੰ ਨਕਾਰਦਿਆਂ ਕਿਹਾ ਹੈ ਕਿ ਇਹ ਜੇਸਯੂਟ ਦੇ ਆਦੇਸ਼ ਦੇ ਵਿਰੁੱਧ ਸੀ। ਉਹ ਸੀ ਐਨਆਈਏ ਨੇ 8 ਅਕਤੂਬਰ 2020 ਨੂੰ ਜੈਸੀਟ ਸੋਸ਼ਲ ਐਕਸ਼ਨ ਸੈਂਟਰ ਬਾਗੈਚਾ ਤੋਂ ਗੈਰਿਫਤਾਰ ਕੀਤਾਅਤੇ ਗੈਰਕ-ਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1967 ਦੇ ਅਧੀਨ ਚਾਰ-ਜਸ਼ੀਟ ਦਾਇਰ ਕੀਤੀ ਗਈ ਸੀ, ਜਿਸ ਦੇ ਤਹਿਤ ਜ਼ਮਾਨਤ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਕੇਸ ਦੀ ਸ਼ੁਰੂਆਤ ਪੁਣੇ ਪੁਲਿਸ ਦੁਆਰਾ ਕੀਤੀ ਗਈ ਸੀ ਪਰ ਬਾਅਦ ਵਿੱਚ ਉਸਨੂੰ ਐਨਆਈਏ ਦੇ ਹਵਾਲੇ ਕਰ ਦਿੱਤਾ ਗਿਆ। ਉਸਨੂੰ ਪਹਿਲਾਂ ਇਸੇ ਤਰੈਹਾਂ ਦੇ ਦੋਸ਼ਾਂ ਵਿੱਚ ਜੂਨ 2018 ਵਿੱਚ ਰਾਂਚੀ ਵਿੱਚ ਗੈਰਿਫਤਾਰ ਕੀਤਾ ਗਿਆ ਸੀ।ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀਯੂਸੀ-ਐਲ), ਆਲ ਇੰਡੀਆ ਕੈਥੋਲਿਕ ਯੂਨੀਅਨ, ਕੈਥੋਲਿਕ ਬਿਸ਼ਪਸ ਕਾਨਫਰੰਸ ਆਫ ਇੰਡੀਆ, ਕੇਰਲ ਕੈਥੋਲਿਕ ਬਿਸ਼ਪਸ ਕਾਨਫਰੰਸ (ਕੇਸੀਬੀਸੀ), ਕੇਰਲ ਲਾਤੀਨੀ ਕੈਥੋਲਿਕ ਐਸੋਸੀਏਸ਼ਨ (ਕੇਐਲਸੀਏ) ਸਮੇਤ ਹੋਰਾਂ ਵਿਚ ਪੂਰੇ ਭਾਰਤ ਵਿਚ ਵਿਰੋਧ ਪੈਰਦਰਸ਼ਨ ਹੋਏ। ਕੇਰਲ ਜੇਸੁਇਟ ਪੈਰੋਵਿੰਸ਼ੀਅਲ, ਫੈਡਰੇਸ਼ਨ ਆਫ ਏਸ਼ੀਅਨ ਬਿਸ਼ਪਜ਼ ਕਾਨਫਰੰਸ (ਐੱਫ.ਏ.ਬੀ.ਸੀ.), ਅਤੇ ਇੰਟਰਨੈਸ਼ਨਲ ਜੇਸੁਇਟ ਕ-ਮਊਨਿਟੀ, ਉਸ ਦੀ ਰਿਹਾਈ ਦੀ ਮੰਗ ਕਰਦੀ ਰਹੀ ਹੈ।ਰਾਂਚੀ ਕੈਥੋਲਿਕ ਚਰਚ ਨੇ ਵੀ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਸਨੂੰ ਗੈਰਿਫਤਾਰ ਕੀਤੇ ਜਾਣ ਦੇ ਤਰੀਕੇ ਨਾਲ ਉਹ "ਦੁਖੀ ਅਤੇ ਪੈਰੇਸ਼ਾਨ" ਸੀ। ਗੈਰਿਫਤਾਰੀਆਂ ਨੂੰ ਕਬਾਇਲੀ ਭਾਈਚਾਰੇ ਵਿਚ ਰਾਜਨੀਤਿਕ ਤੌਰ ੋਤੇ ਪੈਰੇਰਿਤ ਕਰਾਰ ਦਿੱਤਾ ਗਿਆ ਹੈ ਕਿਉਂਕਿ ਉਨੈਹਾਂ ਦੇ ਕੰਮ, ਅੰਡਰਟੇਲਜ ਦੀ ਰਿਹਾਈ, ਸਤਾਏ ਗਏ ਕੈਦੀ ਏਕਤਾ ਕਮੇਟੀ ਦੂਜਿਆਂ ਵਿੱਚ ਸਾਥ ਸੀ। ਦੂਜੇ ਘੱਟਗਿਣਤੀ ਧਰਮਾਂ ਦੇ ਨੇਤਾਵਾਂ ਨੇ ਵੀ ਉਸ ਦੀ ਗੈਰਿਫਤਾਰੀ ਦਾ ਵਿਰੋਧ ਕੀਤਾ ਹੈ। 21 ਅਕਤੂਬਰ 2020 ਨੂੰ ਇੱਕ ਵਿਰੋਧ ਵਿੱਚ, ਵਿਰੋਧੀ ਰਾਜਨੀਤਿਕ ਪਾਰਟੀਆਂ ਜਿਵੇਂ ਸ਼ਸ਼ੀ ਥਰੂਰ, ਸੀਤਾਰਾਮ ਯੇਚੁਰੀ, ਡੀ ਰਾਜਾ, ਸੁਪੈਰੀਆ ਸੁਲੇਅਤੇ ਕਨੀਮੋਝੀ ਦੇ ਨਾਲ ਨਾਲ ਅਰਥ ਸ਼ਾਸਤਰੀ ਜੀਨ ਡੈਰੇਜ਼, ਡਾ ਜੋਸਫ ਮਾਰੀਆਨਾਸ ਕੁਜੂਰ, ਰਾਂਚੀ ਸਥਿਤ ਜ਼ੇਵੀਅਰ ਇੰਸਟੀਚਿਊਟ ਦੇ ਡਾਇਰੈਕਟਰ ਸਮਾਜਿਕ ਵਿਗਿਆਨ ਕਾਰਕੁਨ ਦਯਾਮਣੀ ਬਾਰਲਾ ਅਤੇ ਰੁਪਾਲੀ ਜਾਧਵ ਅਤੇ ਵਕੀਲ ਮਿਹਰ ਦੇਸਾਈ ਨੇ ਸਟੈਨ ਦੀ ਰਿਹਾਈ ਦੀ ਮੰਗ ਕੀਤੀ।

**ਜ਼ਮਾਨਤ ਦੀ ਮੰਗ ਅਤੇ ਜੇਲ–** 23 ਅਕਤੂਬਰ 2020 ਨੂੰ, ਐਨਆਈਏ ਦੀ ਵਿਸ਼ੇਸ਼ ਅਦਾਲਤ ਨੇ ਮੈਡੀਕਲ ਦੇ ਅਧਾਰ ੋਤੇ ਅੰਤਰਿਮ ਜ਼ਮਾਨਤ ਨੂੰ ਰੱਦ ਕਰ ਦਿੱਤਾ ਸੀ। 6 ਨਵੰਬਰ 2020 ਨੂੰ, ਸਵਾਮੀ ਨੇ ਵਿਸ਼ੇਸ਼ ਅਦਾਲਤ ਵਿੱਚ ਇੱਕ ਸਟੈਰਾ ਅਤੇ ਸਿੱਪਰ ਦੀ ਬੇਨਤੀ ਕਰਦਿਆਂ ਇੱਕ ਅਰਜ਼ੀ ਦਾਖਲ ਕੀਤੀ ਕਿਉਂਕਿ ਉਹ ਪਾਰਕਿੰਸਨ ਰੋਗ ਕਾਰਨ ਇੱਕ ਗਲਾਸ ਰੱਖਣ ਵਿੱਚ ਅਸਮਰਥ ਸੀ। ਐਨਆਈਏ ਨੇ ਅਰਜ਼ੀ ਦਾ ਜਵਾਬ ਦੇਣ ਲਈ 20 ਦਿਨਾਂ ਦੀ ਬੇਨਤੀ ਕੀਤੀ। ਐਨਆਈਏ ਨੇ 26 ਨਵੰਬਰ 2020 ਨੂੰ ਜਵਾਬ ਦਿੱਤਾਕਿ ਉਨੈਹਾਂ ਕੋਲ ਮਾਲਕ ਦਾ ਸਟੈਰਾ-ਸਿੱਪਰ ਨਹੀਂ ਹੈ। ਸਵਾਮੀ ਨੇ ਦੂਜੀ ਵਾਰ ਜ਼ਮਾਨਤ ਲਈ ਅਰਜ਼ੀ ਦਿੱਤੀ ਕਿ ਉਹ 83 ਸਾਲ ਦੇ ਸਨ ਅਤੇ ਪਾਰਕਿਨਸਨ ਬਿਮਾਰੀ ਤੋਂ ਪੀੜਤ ਸਨ। ਅਦਾਲਤ ਨੇ ਅਗਲੀ ਸੁਣਵਾਈ 4 ਦਸੰਬਰ 2020 ਤੱਕ ਮੁਲਤਵੀ ਕਰ ਦਿੱਤੀ ਅਤੇ ਜੇਲ ਅਧਿਕਾਰੀਆਂ ਨੂੰ ਸਟੈਰਾ-ਸਿੱਪਰ ਅਤੇ ਗਰਮ ਪਾਣੀ ਦੀ ਵਰਤੋਂ ਕਰਨ ਲਈ ਕਿਹਾ। ਗਿਰਫਤਾਰ ਕੀਤੇ ਜਾਣ ਦੇ 50 ਦਿਨਾਂ ਬਾਅਦ ਅਤੇ ਨਾਗਰਿਕਾਂ ਦੁਆਰਾ ਜਨਤਕ ਰੋਸ ਦੇ ਦੌਰਾਨ, ਤਲੋਜਾ ਜੇਲ ਦੇ ਅਧਿਕਾਰੀਆਂ ਨੇ ਸਵਾਮੀ ਨੂੰ ਇੱਕ ਸਿਪਰ ਮੁਹੱਈਆ ਕਰਵਾਇਆ। ਕਾਰਕੁਨ ਵਰਵਰਾ ਰਾਓ, ਵਰਨਨ ਗੋਂਸਲਸ ਅਤੇ ਅਰੁਣ ਫੇਰੇਰਾ ਸਟੈਨ ਸਵਾਮੀ ਦੇ ਨਾਲ ਤਲੋਜਾ ਜੇਲੈਹ ਵਿਚ ਬੰਦ ਹਨ। ਸਵਾਮੀ ਨੇ ਨਵੰਬਰ 2020 ਵਿਚ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ ਜਿਸ ਨੂੰ ਐਨਆਈਏ ਦੀ ਵਿਸ਼ੇਸ਼ ਅਦਾਲਤ ਨੇ 22 ਮਾਰਚ 2021 ਨੂੰ ਰੱਦ ਕਰ ਦਿੱਤਾ ਸੀ। 28 ਮਈ 2021 ਨੂੰ ਬੰਬੇ ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਸਵਾਮੀ ਦੀ ਤੇਜ਼ੀ ਨਾਲ ਵਿਗੜ ਰਹੀ ਸਿਹਤ ਦੇ ਮੱ-ਦੇਨਜ਼ਰ ਹੁਕਮ ਦੇ ਉਸੇ ਦਿਨ, 15 ਦਿਨਾਂ ਲਈ ਸਵਾਮੀ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਸੀ।ਉਸਨੂੰ ਬਾਂਦਰਾ ਦੇ ਹੋਲੀ ਫੈਮਲੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

**ਬਿਮਾਰੀ ਅਤੇ ਮੌਤ–** ਸਵਾਮੀ ਪਾਰਕਿੰਸਨ ਰੋਗ ਅਤੇ ਉਮਰ ਨਾਲ ਸਬੰਧਤ ਹੋਰ ਬਿਮਾਰੀਆਂ ਤੋਂ ਪੀੜਤ ਸਨ।ਉਹ ਜੇਲੈਹ ਵਿੱਚ ਰਹਿੰਦਿਆਂ ਕਈ ਵਾਰ ਡਿੱਗ ਪਿਆ।ਉਸ ਦੇ ਕੰਨਾਂ ਤੋਂ ਸੁਣਨ ਦੀ ਘਾਟ ਸੀ ਅਤੇ ਉਸਦੀ ਸਰਜਰੀ ਹੋਈ। ਨਵੰਬਰ 2020 ਵਿਚ, ਸਵਾਮੀ ਲਈ ਸਟੈਰਾ ਅਤੇ ਸਿਪਰ ਦਾ ਪ੍ਰਬੰਧ ਕਰਨ ਵਿਚ ਦੇਰੀ ਦੇ ਜਵਾਬ ਵਿਚ, ਸੋਸ਼ਲ ਮੀਡੀਆ ਉਪ-ਭੋਗਤਾਵਾਂ ਨੇ ਸਟੈਰਾ ਅਤੇ ਸਿੱਪਰਾਂ ਨੂੰ ਔਨਲਾਈਨ ਮੰਗਵਾਇਆ, ਜਿਨੈਹਾਂ ਨੂੰ ਐਨਆਈਏ ਦੇ ਮੁੰਬਈ ਦਫਤਰ ਅਤੇ ਤਲੋਜਾ ਜੇਲ ਭੇਜ ਦਿੱਤਾ ਗਿਆ। 18 ਮਈ 2021 ਨੂੰ ਬੰਬੇ ਹਾਈ ਕੋਰਟ ਨੂੰ ਸੌਂਪੇ ਗਏ ਇੱਕ ਨੋਟ ਵਿੱਚ, ਇਹ ਦੱਸਿਆ ਗਿਆ ਕਿ ਸਵਾਮੀ ਜੇਲ ਵਿੱਚ ਬੁਰੀ ਤਰੈਹਾਂ ਬਿਮਾਰ ਸੀ। ਅਦਾਲਤ ਨੇ ਸਵਾਮੀ ਦੀ ਜਾਂਚ ਲਈ ਇੱਕ ਮਾਹਰ ਕਮੇਟੀ ਦੇ ਗਠਨ ਦਾ ਆਦੇਸ਼ ਦਿੱਤਾ।21 ਮਈ 2021 ਨੂੰ ਵੀਡੀਓ ਕਾਨਫਰੰਸਿੰਗ ਬਾਰੇ ਅਦਾਲਤ ਵਿਚ ਪੇਸ਼ ਹੋਏ, ਸਵਾਮੀ ਨੇ ਜੇ ਜੇ ਹਸਪਤਾਲ ਜਾਂ ਕਿਸੇ ਹੋਰ ਹਸਪਤਾਲ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਸਿਰਫ ਅੰਤਰਿਮ ਜ਼ਮਾਨਤ ਦੀ ਬੇਨਤੀ ਕੀਤੀ ਤਾਂ ਜੋ ਉਹ ਆਪਣੀ ਤੇਜ਼ੀ ਨਾਲ ਵਿਗੜ ਰਹੀ ਸਿਹਤ ਦਾ ਹਵਾਲਾ ਦੇ ਕੇ, ਰਾਂਚੀ ਸਥਿਤ ਆਪਣੀ ਰਿਹਾਇਸ਼ ਵਾਪਸ ਜਾ ਸਕੇ। 21 ਮਈ 2021 ਵਿੱਚ ਸਵਾਮੀ ਨੇ ਕ+ਝਜ਼ਣ-19 ਲਈ ਸਕਾਰਾਤਮਕ ਟੈਸਟ ਕੀਤਾ। 4 ਜੁਲਾਈ 2021 ਨੂੰ, ਸਵਾਮੀ ਦੀ ਸਿਹਤ ਖ਼ਰਾਬ ਹੋਣ ਕਾਰਨ ਉਸ ਨੂੰ ਹੋਲੀ ਫੈਮਲੀ ਹਸਪਤਾਲ, ਮੁੰਬਈ ਵਿਖੇ ਵੈਂਟੀਲੇਟਰ ਸਹਾਇਤਾ ਦਿੱਤੀ ਗਈ। ਬੰਬੇ ਹਾਈ ਕੋਰਟ ਵਿੱਚ ਉਸਦੀ ਜ਼ਮਾਨਤ ਸੁਣਵਾਈ ਤੋਂ ਪਹਿਲਾਂ 5 ਜੁਲਾਈ 2021 ਨੂੰ 84 ਸਾਲ ਦੀ ਉਮਰ ਵਿੱਚ ਮੌਤ ਹੋ ਗਈ।

**ਅਵਾਰਡ–** ਜਨਵਰੀ 2021 ਵਿਚ, ਸਵਾਮੀ ਨੂੰ ਮਨੁੱਖੀ ਅਧਿਕਾਰਾਂ ਲਈ ਮੁਕੰਦਨ ਸੀ। ਮੈਨਨ ਅਵਾਰਡ 2020 ਨਾਲ ਨਿਵਾਜਿਆ ਗਿਆ ਸੀ।

# ਮਹਾਂਨਾਇਕ ਕਮਾਂਡਰ-ਇਨ-ਚੀਫ, ਕੁਯੀਲੀ





ਤਾਮਿਲਨਾਡੂ ਦੇ ਅਪਵਾਦ ਦੇ ਨਾਲ, ਅਠਾਰਵੀਂ ਸਦੀ ਵਿਚ ਬ੍ਰਿਟਿਸ਼ ਵਿਰੁੱਧ ਲੜਾਈਆਂ ਦੀਆਂ ਇਤਿਹਾਸਕ ਜਿੱਤਾਂ ਦੇ ਬਾਵਜੂਦ, ਦੋਵੇਂ ਔਰਤਾਂ ਦੇਸ਼ ਭਰ ਵਿਚ ਪਹਿਚਾਣ ਲਈ ਅਣਜਾਣ ਹਨ। ਇਹਨਾਂ ਵਿੱਚੋਂ ਇੱਕ ਭੁੱਲੇ ਵਿਸ਼ਰੇ ਯੋਧਾ ਦੀ ਕਹਾਣੀ ਸਾਂਝੀ ਕਰਾਂਗੇ। ਭਾਰਤ ਦੇ ਸਕੂਲਾਂ ਦੇ ਇਤਿਹਾਸ ਦੀਆਂ ਕਿਤਾਬਾਂ ਵਿੱਚ ਗਿਣਵੀਆਂ ਹੀ ਵਿਰਾਂਗਣਾਂ ਦੀਆਂ ਗਾਥਾਵਾਂ ਦਰਜ ਹਨ, ਬਹੁਤ ਜਾਣੇ ਅਣਜਾਣੇ ਕਿਤਾਬਾਂ ਦੇ ਪਾਠ ਦਾ ਹਿਸਾ ਨਹੀਂ ਬਣ ਸਕੀਆਂ। ਤੁਸੀਂ ਕਦੇ ਮਹਾਨ ਯੋਧਾ ਸੈਨਾ ਦੀ ਕਮਾਂਡਰ-ਇਨ ਚੀਫ ਕੁਯੀਲੀ ਦਾ ਨਾਮ ਨਹੀਂ ਸੁਣਿਆ ਹੋ ਸਕਦਾ। ਕੁਯੀਲੀ ਦੀ ਮਾਤਾ ਦਾ ਬਚਪਨ ਦਿਹਾਂਤ ਹੋ ਗਿਆ ਸੀ। ਉਹ ਦਲਿਤ ਪਰਿਵਾਰ ਨਾਲ ਸਬੰਧ ਰਖਦੀ ਸੀ।ਉਸ ਨੂੰ ਉਸ ਦੇ ਬਾਪ ਨੇ ਮੋਟੀ ਦਾ ਕੰਮ ਕਰਕੇ ਪਾਲਿਆ ਸੀ। ਇਸ ਮਹਾਨ ਸੈਨਾ ਕਮਾਂਡਰ ਇਨ ਚੀਫ ਕੁਯੀਲੀ ਨੇ ਕੁਰਬਾਨੀ ਦੇ ਕੇ ਰਾਣੀ ਵੇਲੂ ਨਚੀਅਰ ਦਾ ਰਾਜ ਵੀ ਅੰਗਰੇਜਾਂ ਕੋਲੋਂ ਰਾਜ ਜਿੱਤ ਕੇ ਵਾਪਸ ਕਰਵਾਇਆ, ਸਿਵਾਗੰਗਾਈ ਕੋਟਾਈ ਦੇ ਕਿਲੇ ਦਾ ਕਬਜ਼ਾ ਵੀ ਵਾਪਸ ਕਰਵਾ ਲਿਆ ਸੀ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਰਾਣੀ ਦਾ ਰਾਜ ਹਥਿਆ ਲਿਆ ਸੀ, ਫਹ ਜੰਗਲ਼ ਵਿੱਚ ਲੁਕਕੇ ਜੀਣ ਲਈ ਮਜਬੂਰ ਸੀ। ਤੋਂ ਜਿੱਤ ਕੇ ਆਪਣਾ ਰਾਜ ਵਾਪਸ ਲੈ ਲਿਆ ਸੀ!

ਵੇਲੂ ਨਚੀਅਰ 1730 ਵਿੱਚ ਜਨਮੀ ਸਿਵਾਗਾਂਗਈ ਦੀ ਰਾਣੀ, ਭਾਰਤੀ ਇਤਿਹਾਸ ਦੇ ਪਹਿਲੇ ਸੱਤਾਧਾਰੀ ਸਨ ਜਿਹਨਾਂ ਨੇ 1780 ਵਿਚ ਬ੍ਰਿਟਿਸ਼ ਬਸਤੀਵਾਦੀਆਂ ਵਿਰੁੱਧ ਜੰਗ ਛੇੜ ਦਿੱਤੀ ਸੀ, ਵੇਲੂ ਨਚੀਯਾਰ ਰਾਮਾਨਾਥਪੁਰਮ ਦੀ ਰਾਜਕੁਮਾਰੀ ਅਤੇ ਰਾਜਾ ਚੇਲਮੂਥੂ ਵਿਜੇਰਾਗੁਨਾਥ ਸੇਥੂਪੱਥੀ ਦੀ ਇਕਲੌਤੀ ਪੁੱਤਰੀ ਸੀ ਅਤੇ ਰਮਨਾਦ ਰਾਜ ਦੇਰਾਜਾ ਸਕੰਦਮੀ-ਹੂਠਲ ਦੀ ਸੀ। ਉਸ ਦੇ ਪਤੀ ਦੀ ਮੌਤ ਹੋ ਚੁੱਕੀ ਸੀ। ਇਹਨਾਂ ਦੇ ਮੌਤ 1796 ਵਿੱਚ ਹੋਈ ਸੀ। ਇਸ ਨੂੰ ਆਜ਼ਾਦੀ ਦੀ ਪਹਿਲੀਆਂ ਲੜਾਈਆਂ ਵਿੱਚੋਂ ਇੱਕ ਹੈ ।

ਉਸਦੀ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਉਤੇ ਜਿੱਤ ਦਾ ਸ਼ਿਹਰਾ ਅਤੇ ਰਣਨੀਤੀ ਉਸਦੀ ਕਮਾਂਡਰ-ਇਨ-ਚੀਫ਼ ਮਹਾਨ ਕੁਯੀਲੀ ਦੁਆਰਾ ਤਿਆਰ ਕੀਤੀ ਹੋਈ ਸੀ। ਹਾਲਾਂਕਿ ਕਦੇ ਇਸ ਦੀ ਮਹਾਨਤਾ ਅਤੇ ਪੈਰਾਪਤੀ ਨੂੰ ਇਤਿਹਾਸ ਵਿੱਚ ਬਣਦੀ ਮਾਨਤਾ ਅਤੇ ਸਥਾਨ ਨਹੀਂ ਦਿੱਤਾ, ਕੁਯੀਲੀ ਨੇ ਭਾਰਤ ਦੇ ਇਤਿਹਾਸ ਨੂੰ ਆਪਣੇ ਰਾਜ ਦੇ ਹਿਤ ਵਿੱਚ ਢਾਲਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ।

ਵੇਲੂ ਨਚੀਅਰ ਥੀਵਰ ਦੀ ਪਤਨੀ ਅਤੇ ਉਹਨਾਂ ਦੀ ਬਾਲ ਬੇਟੀ ਵੇਲਾਚੀ ਦੀ ਪਤੀ ਦੀ ਅਚਾਨਕ ਮੌਤ ਤੋਂ ਬਾਅਦ ਜਿੰਦਗੀ ਰੁੱਕ ਗਈ ਸੀ। ਵੇਲੂ ਦੀ ਕੁਸ਼ਲ ਬਹਾਦਰ ਅਤੇ ਪੈਰਭਾਵਸ਼ਾਲੀ ਵਿਦਵਤਾਪੂਰਣ ਗਿਆਨ ਵਾਲੀ ਔਰਤ ਸੀ।ਆਪਣੇ ਬੱਚੇ ਅਤੇ ਕੁਝ ਬਚੇ ਦਰਬਾਰੀਆਂ ਦੇ ਨਾਲ, ਉਹ ਡਿੰਡੀਗੁਲ ਦੇ ਵਿਰੂਪਕਸ਼ੀ ਜੰਗਲਾਂ ਵਿੱਚ ਭੱਜ ਗਈ ਸੀ,ਪਰ ਇਹ ਸਹੁੰ ਖਾਧੀ ਕਿ ਇਕ ਦਿਨ ਉਹ ਆਪਣੇ ਪਤੀ ਦੀ ਮੌਤ ਦਾ ਬਦਲਾ ਲੈਣ ਲਈ ਵਾਪਸ ਆਵੇਗੀ ਅਤੇ ਆਪਣੇ ਰਾਜ ਦੇ ਰਾਜਾਂ ਦਾ ਦਾਅਵਾ ਕਰੇਗੀ। ਉਸ ਦਾ ਇਹ ਸੁਪਨਾ ਕੁਯੀਲੀ ਨੇ ਪੂਰਾ ਕੀਤਾ।

### ਕੁਇਲੀ ਦਾ ਪਿਛੋਕੜ

ਕੁਯੀਲੀ, ਜਿਸ ਨੂੰ ਕੁਝ ਲੋਕ ਵੀਰਥਲਾਪਥੀ (ਦਿ ਬਹਾਦਰ ਕਮਾਂਡਰ) ਜਾਂ ਵੀਰਗਾਂਮਈ (ਦਿ ਬਹਾਦਰ ਔਰਤ) ਦੇ ਤੌਰ ਤੇ ਸੰਬੋਧਿਤ ਕਰਦੇ ਹਨ, ਇਕ ਬਹਾਦਰ ਯੋਧਾ ਸੀ ਜੋ ਅਨੁਸੂਚਿਤ ਜਾਤੀ ਦੀ ਅਰੁੰਥਥੀਯਾਰ ਜਾਤੀ ਨਾਲ ਸਬੰਧਤ ਸੀ। ਅਰੁੰਥਥੀਯਾਰ ਜਾਤੀ ਚਮਾਰ ਜਾਤੀ ਦੀ ਉਪ ਜਾਤੀ ਹੈ। ਇਹ ਲੋਕ ਖੇਤੀ, ਮਜਦੂਰੀ, ਚਮੜਾ ਅਤੇ ਜੁੱਤੀਆਂ ਬਨਾਉਣ ਵਰਗੇ ਕਈ ਕੰਮ ਕਰਦੇ ਹਨ। ਕੁਯੀਲੀ ਦਾ ਜਨਮ ਪਿਤਾ ਪਰੀਯਮੂਥਨ ਅਤੇ ਮਾਤਾ ਰਾਕੂ ਦਾ ਘਰ ਹੋਇਆ ਸੀ, ਜੋ ਖੇਤਾਂ ਵਿੱਚ ਕੰਮ ਕਰਦੇ ਸੀ। ਉਸਦੀ ਮਾਂ ਰਾਕੂ, ਜੋ ਬਹਾਦਰੀ ਲਈ ਮਸ਼ਹੂਰ ਸੀ, ਜੰਗਲੀ ਸੈਹਾਨਾਂ ਦੁਆਰਾ ਖੇਤਾਂ ਨੂੰ ਬਰਬਾਦ ਹੋਣ ਤੋਂ ਬਚਾਉਣ ਦੀ ਕੋਸ਼ੈਸ਼ ਕਰਦੇ ਸਮੇ ਮੌਤ ਹੋ ਗਈ ਸੀ। ਰਾਕੂ ਦੀ ਮੌਤ ਤੋਂ ਬਾਅਦ ਬਾਪ ਅਤੇ ਬੇਟੀਬਹੁਤ ਸਮਾਂ ਖੋਤੀ ਮਜਦੂਰੀ ਦਾ ਕੰਮ ਕਰਕੇ ਜੀਵਨ ਤਲਾਉਂਦੇ ਰਹੇ। ਮਾਂ ਦੇ ਬਗੇਰ ਬੇਟੀ ਨੂੰ ਪਾਲਣਾ ਬਾਪ ਲਈ ਕਠਿਨ ਕੰਮ ਸੀ। ਬਹੁਤ ਮਿਹਨਤ ਕਰਨ ਨਾਲ ਗੁਜਾਰਾ ਮੁਸ਼ਕਿਲ ਹੋ ਰਿਹਾ ਸੀ।ਪਰੀਯਮੂਥਨ ਫਿਰ ਕੁਯੀਲੀ ਦੇ ਨਾਲ ਸਿਵਾਗਾਂਗਈਦੇ ਨੇੜੇ ਚਲੇ ਗਏ, ਜਿੱਥੇ ਉਹ ਇਕ ਮੋਚੀ ਦਾ ਕੰਮ ਕਰਨ ਲਗਾ ਸੀ।

ਕਿਸੇ ਮਹਾਨ ਮਨੁੱਖ ਦਾ ਪਾਲਣ ਪੋਸ਼ਣ ਕਰਦੇ ਸਮੇਂ ਉਸ ਦੇ ਬਾਲ ਮਨ ਵਿੱਚ ਬਹਾਦਰੀ ਦੇ ਕਿੱਸੇ ਕਹਾਣੀਆਂ ਘਟਨਾਵਾਂ ਨੂੰ ਭਰੇ ਜਾਣਾ ਹੀ ਬਹੁਤਾ ਕਰਕੇ ਜੀਵਨ ਦੀ ਮੰਜਲ ਨੂੰ ਤਹਿ ਕਰਦੀਆਂ ਹਨ। ਇਹ ਕਿਹਾ ਜਾਂਦਾ ਹੈ ਕਿ ਉਸਨੇ ਕੁਯੀਲੀ ਨੂੰਉਸਦੇ ਬਾਪ ਨੇ ਉਸਦੀ ਮਾਂ ਦੀਆਂ ਬਹੁਤ ਸਾਰੀਆਂ ਦਲੇਰੀ ਭਰੀਆਂ ਕਹਾਣੀਆਂ ਸੁਣਾਕੇ ਪਾਲਿਆ ਸੀ। ਜਿਸ ਨੇ ਉਸ ਨੂੰ ਪੈਰੇਰਿਆ।ਕੁਯੀਲੀ ਬਹੁਤ ਬਹਾਦਰ ਅਤੇ ਹੋਣਹਾਰ ਲੜਕੀ ਸੀ। ਉਸ ਦੀਆ ਬਹਾਦਰੀ ਦੀਆਂ ਕਹਾਣੀਆਂ ਜਲਦੀ ਹੀ ਵੇਲੂ ਨਚੀਅਰ ਦੀ ਰਾਣੀ ਤਕ ਪਹੁੰਚੀਆਂ। ਰਾਣੀ ਨੇ ਕੁਯੀਲੀ ਨੂੰ ਆਪਣੇ ਕੋਲ ਬੁਲਾਇਆ। ਉਸ ਦੀ ਕਾਬਲੀਅਤ ਦੇਖਕੇ ਜਲਦੀ ਹੀ ਵੇਲੂ ਨਚੀਅਰ ਨੇ ਆਪਣੇ ਜਾਸੂਸ ਵਜੋਂ ਨੌਕਰੀ ਦੇ ਕੰਮ ਦਿੱਤਾਸੀ, ਰਾਣੀ ਉਸ ਸਮੇਂ ਅੰਗਰੇਜ ਸਰਕਾਰ ਕੋਲੋਂ ਲੁਕ ਕੇ ਰਹਿ ਰਹੀ ਸੀ। ਉਸਨੇ ਆਪਣੀ ਧੀ ਦੇ ਨਾਲ ਲੈਕੇ ਰਖਿਆ ਹੋਇਆ ਸੀ। ਪੇਰੀਮੂਥਨ ਦੇ ਪੇਸ਼ੇ ਦੇ ਕਾਰਨ ਕੁਦਰਤੀ ਤੌਰ ਤੇ ਕੁਯੀਲੀ ਅਤੇ ਵੇਲੂ ਨਚੀਅਰ ਨੂੰ ਨੇੜੇ ਲੈ ਆਏ ਸਨ। ਕੁਯੀਲੀ ਅਤੇ ਉਸ ਦੇ ਪਿਤਾ ਨੂੰ ਹਰ ਸਮੇਂ ਬਿਨਾ ਕਿਸੇ ਪਾਬੰਦੀ ਦੇ ਵੇਲੂ ਨਚੀਯਰ ਤਕ ਪਹੁੰਚਣ ਦੀ ਆਗਿਆ ਸੀ, ਉਹ ਦੋਨੋ ਜਾਸੂਸੀ ਦੇ ਕੰਮ ਕਨ ਲਗੇ ਸਨ।ਜਦੋਂ ਕਿ ਕੁਯੀਲੀ ਨੇ ਦੇਸ਼ ਤੋਂ ਨਿਕਲੀ ਰਾਣੀ ਦੇ ਦਿਲ ਵਿਚ ਇਕ ਵਿਸ਼ੇਸ਼ ਜਗੈਹਾ ਬਣਾ ਲਈ ਸੀ।




ਸਿਵਾਗਾਂਗਈ ਕਿਲਾ ਪਹਿਲਾਂ ਵੇਲੂ ਨਚੀਅਰ ਦੇ ਸ਼ਾਹੀ ਪਰਿਵਾਰ ਦਾ ਹਿੱਸਾ ਸੀ। ਹੁਣ ਇਸ ਉੱਚੇ ਅੰਗਰੇਜਾਂ ਦਾ ਰਾਜ ਸੀ। ਰਾਣੀ ਵੇਲੂ ਨਚੀਅਰ ਆਪਣੀ ਇਕਲੌਤੀ ਬੱਚੀ ਅਤੇ ਕੁੱਝ ਸ਼ਾਹੀ ਰਾਜ ਦੇ ਨੌਕਰਾਂ ਸਮੇਤ ਜੰਗਲਾਂ ਵਿੱਚ ਛੁਪਕੇ ਰਹਿ ਰਹੀ ਸੀ। ਕੁਯੀਲੀ ਅਤੇ ਉਸ ਦੇ ਪਿਤਾ ਦੇ ਸਿਵਾਗਾਂਗਈ ਦੇ ਕਿਲੇ ਦੇ ਨੇੜੇ ਰਹਿਣ ਕਾਰਨ ਉਹ ਰਾਣੀ ਲਈ ਅੰਗਰੇਜਾਂ ਦੀ ਜਾਸੂਸੀ ਬਹੁਤ ਸਹੀ ਤਰਾਂ ਨਾਲ ਕਰ ਸਕਦੇ ਸਨ। ਅੰਗਰੇਜ ਅਤੇ ਸੈਨਾ ਦੇ ਜੁੱਤਿਆਂ ਦੀ ਮੁਰੰਮਤ ਦਾ ਕੰਮ ਕਰਨ ਦੇ ਕਾਰਨ ਉਹ ਉਹਨੇ ਦੇ ਟਿਕਾਣਿਆਂ ਉੱਤੇ ਜਾ ਸਕਦੇ ਸਨ। ਕੁਯੀਲੀ ਅੰਗਰੇਜ ਸੈਨਾ ਦੀ ਸਿਖਲਾਈ ਅਤੇ ਹਥਿਆਰ ਚਲਾਉਣ ਦੀ ਟਰੇਨਿੰਗ ਨੂੰ ਬਹੁਤ ਗੌਰ ਨਾਲ ਦੇਖਦੀ ਅਤੇ ਘਰ ਜਾਕੇ ਅਭਿਆਸ ਕਰਦੀ। ਜਿਸ ਤਰਾਂ ਇਖਲਵਿਆ ਦਰੋਣ ਦੇ ਸਕੂਲ ਦੀ ਸਿੱਖਿਆ ਨਾਂ ਮਿਲਣ ਜੋਂ ਬਾਅਦ ਵੀ ਮਿਹਨਤ ਨਾ ਦਰੋਣ ਦੇ ਚੇਲਿਆਂ ਨਾਲੋ ਸਰਨ-ਸ਼ਰੇਸ਼ਠ ਤੀਰ ਅੰਦਾਜ ਸੀ ਉਸੇ ਤਰਾਂ ਕੁਯੀਲੀ ਵੀ ਸਰੇਸ਼ਠ ਸ਼ਾਸ਼ਤਰ ਵਿਦਿਆ ਦੀ ਮਾਹਰ ਹੋ ਗਈ ਸੀ। ਦੂਜੇ ਪਾਸੇ ਅੰਗਰੇਜ ਵੀ ਉਹਨਾ ਉੱਤੇ ਭਰੋਸਾ ਵੀ ਕਰਦੇ ਸਨ। ਕੁਯੀਲੀ ਬਹੁਤ ਹੁੱਸ਼ਿਆਰ ਅਤੇ ਯੁੱਧ ਕਲਾ ਦੀ ਮਾਹਰ ਹੋ ਚੁੱਕੀ ਸੀ। ਉਹ ਹਰ ਤਰਾਂ ਦੇ ਦਾਅ ਪੇਚ ਬਹੁਤ ਬਾਖੂਬੀ ਸਿੱਖ ਗਈ ਸੀ।

ਪੁਰਾਤਨ ਇੱਤਿਹਾਸ ਵਿੱਚ ਦਲਿਤ ਵਰਗ ਦੇ ਬਹੁਤ ਸਾਰੇ ਯੋਧੇ ਹੋਏ ਹਨ। ਉਹਨਾਂ ਦੀਆਂ ਕੁਰਬਾਨੀਆਂ ਦਾ ਜਿਕਰ ਅਤੇ ਗੁਣਗਾਣ ਕਰਨ ਲਗੇ ਇਨਸਾਫ ਨਹੀਂ ਹੋਇਆ। ਸਮਾਂ ਬਦਲ ਗਿਆ ਹੈ, ਦਲਿਤਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਖੋਜਿਆ ਵੀ ਜਾ ਰਿਹਾ ਹੈ, ਪੈਰਚਾਰਿਆ ਵੀ ਜਾ ਰਿਹਾ ਹੈ। ਦਿਨੋ ਦਿਨ ਇਸ ਦੇ ਪਾਠਕ, ਸਮਰਥਕ ਵਧ ਰਹੇ ਹਨ। ਬਹੁਤ ਸਾਰੇ ਲੋਕ ਨਿਰਸਵਾਰਥ ਕੰਮ ਕਰ ਰਹੇ ਹਨ। ਇਹ ਹਜਾਰਾਂ ਸਾਲਾਂ ਤੋ ਵੰਚਿੱਤ ਬੇਦਖਲ ਸਮਾਜ ਨਾਲ ਹੋਏ ਅਨਿਆਏ ਨੂੰ ਨਿਆਏ ਦਵਾਉਣ ਦਾ ਕੰਮ ਹੈ। ਕਿਸੇ ਵੀ ਸਾਮਜ, ਤਬਕੇ ਨਾਲ ਨਾਇਨਸਾਫੀ ਕਰਕੇ ਅਤੇ ਪਿੱਛੇ ਛੱਡਕੇ ਦੇਸ਼ ਅਗੇ ਨਹੀਂ ਵਧ ਸਕਦਾ।

ਭਾਰਤ ਜਾਤੀ, ਵਰਣ, ਧਰਮਾਂ ਦਾ ਦੇਸ਼ ਹੈ। ਧਰਮ ਕੋਈ ਵੀ ਹੋਵੇ ਜਾਤੀ ਅਤੇ ਵਰਣ ਭਾਰਤੀ ਮਾਨਸ਼ਿਕਤਾ ਦੀ ਬਿਮਾਰੀ ਹਰ ਇੱਕ ਵਿੱਚ ਮੌਜੂਦ ਹੈ, ਇਸ ਦੀਆਂ ਜੜਾਂ ਹਿੰਦੂ ਧਰਮ ਵਿੱਚ ਹਨ। ਭਾਰਤੀ ਧਰਮਾਂ ਦੇ ਅੰਦਰ ਮਨੁੱਖ ਦਾ ਮਨੁੱਖ ਦੁਆਰਾ ਸ਼ੋਸ਼ਣ ਨੂੰ ਬਰਕਰਾਰ ਰਖਣ ਲਈ ਜਾਤੀ ਵਿਵਸਥਾ ਨੂੰ ਪੱਕਾ ਬਣਾਕੇ ਰਖਣ ਦੀ ਕੋਸ਼ਿਸ ਸ਼ੋਸ਼ਣ ਕਰਨ ਦਾ ਇੱਕ ਹਿੱਸਾ ਹੈ। ਇਸੇ ਨੂੰ ਬੈਰਾਹਮਣਵਾਦ ਕਿਹਾ ਜਾਂਦਾ ਹੈ। ਭਾਰਤ ਦੇ ਸਮਾਜਿਕ ਢਾਂਚੇ ਵਿੱਚ ਜਿਹੜੇ ਸਮਾਜਿਕ ਵਰਗ ਬੈਰਾਹਮਣ, ਕਸ਼ਤਰੀ, ਵੈਸ਼ ਅਤੇ ਐਸਸੀ ਐਸਟੀ ਵਿੱਚ ਨਹੀਂ ਆਉਂਦੇ ਸਾਰੇ ਹੀ ਸ਼ੂਦਰ ਵਰਗ ਰਹੇ ਹਨ। ਲੇਕਿਨ ਬੈਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਸਮਾਜ ਦੇ ਬਾਹਰ ਦਾ ਸਮਾਜ ਵਾਲੇ ਆਵਰਣ ਸਮਾਜ (ਐਸਸੀ, ਐਸਟੀ) ਦੇ ਲੋਕ ਸਨ, ਉਹ ਸ਼ੂਦਰ ਨਹੀਂ ਸਨ। ਇਸ ਐਸਸੀ ਐਸਟੀ ਵਗਰ ਨੂੰ ਅਛੂਤ, ਬੇਦਖਲ, ਵੰਚਿਤ ਵੀ ਕਿਹਾ ਜਾਂਦਾ ਸੀ।ਹੱਥੀਂ ਕੰਮ ਕਰਨ ਵਾਲੇ ਸ਼ੂਦਰ ਸਮਾਜ ਦੇ ਲੋਕ ਸੂਦਰ ਸਮਾਜ ਦੇ ਲੋਕ ਵੰਚਿਤ ਨਹੀਂ ਸਨ। ਅਜਾਦੀ ਤੋਂ ਬਾਅਦ ਜਿਹੜੇ ਲੋਕ ਸ਼ੂਦਰ ਸਮਾਜ ਵਿੱਚਆਉਂਦੇ ਸਨ ਉਹ ਜਰਨਲ ਸਮਾਜ ਵਿੱਚ ਆ ਗਏ ਹਨ ਅਤੇ ਆਵਰਣ ਅਛੂਤ ਸਮਾਜ ਦੇ ਲੋਕ ਐਸਸੀ ਐਸਟੀ ਵਰਗ ਵਿੱਚ ਆ ਗਏ ਹਨ। ਲੇਕਿਨ ਬਹੁਤੇ ਲੋਕ ਐਸਸੀ ਐਸਟੀਸਮਾਜ ਨੂੰ ਹੀ ਸ਼ੂਦਰ ਸਮਾਜ ਕਹਿ ਰਹੇ ਹਨ। ਜਾਤੀਵਾਦ ਸ਼ੋਸ਼ਣ ਕਰਨ ਦਾ ਕਰੂਰ ਢੂੰਗ ਹੈ। ਇਹਨਾਂ ਦੀਆਂ ਕੁਰਬਨੀਆਂ ਵੀ ਅਣਗੌਲੀਆਂ ਹੀ ਕੀਤੀਆਂ ਗਈਆਂ ਹਨ।

ਕੁਰਬਾਨੀ ਦੀ ਮਿਸ਼ਾਲ, ਸ਼ਾਸ਼ਤਰ ਵਿਦਿਆ ਦੀ ਨਿਪੁੰਨ ਕੁਯੀਲੀ ਨੇ ਕਈ ਮੌਕਿਆਂ ਤੇ ਰਾਣੀ ਦੀ ਜਾਨ ਬਚਾਈ। ਰਾਣੀ ਜਦੋਂ ਸੁੱਤੀ ਜਾ ਆਰਾਮ ਕਰ ਰਹੀ ਹੁੰਦੀ ਤਾਂ ਕਈ ਵਾਰ ਘੁਸਪੈਠੀਏ ਨੇ ਉਸ ਨੂੰ ਮਾਰਨ ਦੀ ਕੋਸ਼ੈਸ਼ ਕੀਤੀ, ਕੁਯੀਲੀ ਨੇ ਆਪਣੀ ਜਾਨ ਉੱਤੇ ਖੇਢਕੇ ਕਈ ਬਾਰ ਰਾਣੀ ਦੀ ਜਾਨ ਬਚਾਈ ਅਤੇ ਇਹ ਕੰਮ ਕਰਦੇ ਉਹ ਬੁਰੀ ਤਰੈਹਾਂ ਜ਼ਖਮੀ ਹੋ ਗਈ ਸੀ। ਇਹ ਵੇਖਦਿਆਂ ਹੀ ਵੇਲੂ ਨਚੀਯਰ ਦੀ ਰਾਣੀ ਨੇ ਕੁਯੀਲੀ ਦੇ ਜ਼ਖ਼ਮਾਂ ਨੂੰ ਪੱਟੀ ਕਰਨ ਲਈ ਤੁਰੰਤ ਆਪਣੀ ਸਾੜੈਹੀ ਦਾ ਇੱਕ ਟੂਕੜਾ ਪਾੜ ਕੇ ਦਿੱਤਾ ਸੀ। ਇਹ ਉਸ ਬਹਾਦਰ ਲੜਕੀ ਨਾਲ ਲਗਾਉ, ਭਰੋਸਾ ਅਤੇ ਪਿਆਰ ਦੀ ਹੀ ਨਿਸ਼ਾਨੀ ਸੀ।

ਇਕ ਹੋਰ ਸਮੇਂ ਤੇ, ਕੁਯੀਲੀ ਨੇ ਪਾਇਆ ਕਿ ਉਸਦੀ ਆਪਣੀ ਸਿਲੰਬਮ (ਇਕ ਹਥਿਆਰ ਅਧਾਰਤ ਮਾਰਸ਼ਲ ਆਰਟ) ਅਧਿਆਪਕ ਜੋ ਰਾਣੀ ਦੀ ਸੈਨਾਂ ਨੂੰ ਸਿਖਲਾਈ ਦੇਣ ਦਾ ਕੰਮ ਕਰਦਾ ਸੀ, ਸਮੇਂ ਸਮੇਂ ਉੱਤੇ ਉਹ ਰਾਣੀ ਦੀ ਜਾਸੂਸੀ ਕਰਕੇ ਅੰਗਰੇਜਾਂ ਨੂੰ ਪਹੁਚਾਉਂਦਾ ਸੀ। ਕੁਯੀਲੀ ਨੂੰ ਪਤਾ ਸੀ, ਪਰ ਕੋਈ ਸਬੂਤ ਨਹੀਂ ਸੀ। ਉਹ ਮੌਕੇ ਦੀ ਭਾਲ ਵਿੱਚ ਸੀ। ਇੱਕ ਵਾਰ ਕੁਯੀਲੀ ਨੂੰ ਉਸ ਦਾ ਇੱਕ ਗੁਪਤ ਪਤੱਰ ਜੇ ਅੰਗਰੇਜਾਂ ਦੀ ਸਹਾਇਤਾ ਕਰਨ ਲਈ ਲਿਖਿਆ ਗਿਆ ਸੀ ਕੁਯੀਲੀ ਦੇ ਹੱਥ ਲਗ ਗਿਆ। ਵੇਲੂ ਨਚੀਅਰ ਦੀ ਜਾਨ ਨੂੰ ਖ਼ਤਰਾ ਵੇਖਦਿਆਂ, ਉਸਨੇ ਤੁਰੰਤ ਅਧਿਆਪਕ ਨੂੰ ਮੌਤ ਦੇ ਘਾਟ ਉਤਾਰ ਦਿਤਾ। ਇਸ ਕਾਰਨ ਰਾਣੀ ਨੇ ਕੁਯੀਲੀ ਨੂੰ ਆਪਣਾ ਨਿੱਜੀ ਬਾਡੀਗਾਰਡ ਬਣਾ ਲਿਆ ਸੀ।ਜਦੋਂ ਅੰਗਰੇਜ਼ਾਂ ਨੇ ਕੁਯੀਲੀ ਨੂੰ ਵੇਲੂ ਨਚੀਅਰ ਦੀਆਂ ਯੋਜਨਾਵਾਂ ਦੀ ਜਾਣਕਾਰੀ ਲੈਣ ਲਈ ਬਹੁਤ ਵਾਰ ਮਜਬੂਰ ਕਰਨ ਦੀ ਕੋਸ਼ੈਸ਼ ਕੀਤੀ, ਲੇਕਿਨ ਉਹ ਸਫਲ ਨਹੀਂ ਹੋ ਪਾਏ। ਜਿਸ ਦੇ ਨਤੀਜੇ ਵਜੋਂ ਉਹਨਾ ਨੇ ਦਲਿਤਾਂ ਤੇ ਵੱਖ ਵੱਖ ਅੱਤਿਆਚਾਰ ਕਰਕੇ ਉਹਨਾਂ ਦੇ ਭਾਈਚਾਰੇ ਤੇ ਜ਼ੁਲਮ ਕੀਤੇ। ਉਸ ਦੇ ਟਾਕਰੇ ਲਈ ਅਤੇ ਕੁਯੀਲੀ ਦੀ ਸਹਾਇਤਾ ਲਈ, ਵੇਲੂ ਨਚੀਅਰ ਨੇ ਉਸ ਨੂੰ ਮਹਿਲਾ ਸੈਨਾ ਦੀ ਕਮਾਂਡਰ-ਇਨ-ਚੀਫ਼ ਬਣਾ ਦਿਤਾ ਸੀ।

### ਕੁਯੀਲੀ ਕਮਾਂਡਰ-ਇਨ-ਚੀਫ਼ ਵਜੋਂ

ਮਾਰੂਥੂ ਪਾਂਡੀਅਰ, ਹੈਦਰ ਅਲੀ ਅਤੇ ਟੀਪੂ ਸੁਲਤਾਨ ਨਾਲ ਸਫਲਤਾਪੂਰਵਕ ਗੱਠਜੋੜ ਬਣਨ ਤੋਂ ਬਾਅਦ, ਵੇਲੂ ਨਚੀਅਰ ਨੇ ਆਪਣਾ ਰਾਜ ਵਾਪਸ ਲੈਣ ਲਈ ਬ੍ਰਿਟਿਸ਼ ਨਾਲ ਲੜਾਈ ਵਿਚ ਹਿੱਸਾ ਲਿਆ। ਹਾਲਾਂਕਿ ਉਸ ਦੀਆਂ ਫੌਜਾਂ ਚੰਗੀ ਤਰੈਹਾਂ ਸਿਖਲਾਈ ਪੈਰਾਪਤ ਨਹੀਂ ਸਨ ਅਤੇ ਉਸਨੇ ਕੁਝ ਲੜਾਈਆਂ ਜਿੱਤੀਆਂ ਸਨ, ਬ੍ਰਿਟਿਸ਼ ਫੌਜ ਦੁਆਰਾ ਵਰਤੇ ਗਏ ਐਡਵਾਂਸਡ ਹਥਿਆਰਾਂ ਕਾਰਨ ਉਸਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ।ਉਸਨੇ ਆਪਣੀ ਫੌਜ ਦੀ ਅਗਵਾਈ ਕੀਤੀ ਜੋ ਆਮ ਨਾਗਰਿਕਾਂ ਦੇ ਕੱਪੜੇ ਪਹਿਨ ਕੇ ਕਿਲੇ ਦੁਆਲੇ ਘੁੰਮ ਕੇ ਬ੍ਰਿਟਿਸ਼ ਫੌਜ ਦੁਆਰਾ ਕੀਤੀ ਜਾ ਰਹੀ ਚੌਕਸ਼ੀ ਦਾ ਧਿਆਨ ਰੱਖਿਆ ਸੀ।

ਇਹ ਉਦੋਂ ਹੋਇਆ ਜਦੋਂ ਕੁਯੀਲੀ ਨੇ ਆਪਣੀ ਰਣਨੀਤੀ ਤਿਆਰ ਕੀਤੀ। ਉਸਨੇ ਔਰਤਾਂ ਨੂੰ ਸਿਵਾਗੰਗਾਈ ਕੋਟਾਈ (ਕਿਲੇ) ਵਿੱਚ ਜਾਣ ਦੀ ਆਗਿਆ ਬਾਰੇ ਜਾਣਕਾਰੀ ਇਕੱਤਰ ਕੀਤੀਸੀ। ਕਿਉਂਕਿ ਇਹ ਨਵਰਾਤਰੀ ਦਾ 10 ਵਾਂ ਦਿਨ ਸੀ, ਇਸ ਲਈ ਰਾਜ ਭਰ ਦੀਆਂ ਔਰਤਾਂ ਨੂੰ ਰਾਜਰਾਜੇਸ਼ਵਰੀ ਅੱਮਾਨ ਦੇ ਮੰਦਰ ਵਿਚ ਮਨਾਏ ਜਾਣ ਵਾਲੇ ਵਿਜੇਦਸ਼ਮੀ ਤਿਉਹਾਰ ਨੂੰ ਮਨਾਉਣ ਦੀ ਆਗਿਆ ਦਿੱਤੀ ਗਈ ਸੀ। ਕੁਯੀਲੀ ਨੇ ਇਸ ਸੁਨਹਿਰੀ ਅਵਸਰ ਦਾ ਲਾਭ ਉਠਾਇਆ ਅਤੇ ਬ੍ਰਿਟਿਸ਼ ਉੱਤੇ ਅਚਾਨਕ ਹਮਲੇ ਦੀ ਯੋਜਨਾ ਬਣਾਈ। ਉਸਨੇ ਆਪਣੀ ਫੌਜ ਦੀ ਅਗਵਾਈ ਕੀਤੀ, ਜਿਸਨੇ ਆਮ ਨਾਗਰਿਕਾਂ ਦੇ ਕੱਪੜੇ ਪਹਿਨੇ ਸਨ ਅਤੇ ਕਿਲੇ ਦੇ ਦੁਆਲੇ ਘੁੰਮ ਰਹੀ ਬ੍ਰਿਟਿਸ਼ ਫੌਜ ਦੁਆਰਾ ਕਿਸੇ ਦਾ ਧਿਆਨ ਨਹੀਂ ਰੱਖਿਆ ਗਿਆ ਸੀ। ਫੁੱਲਾਂ ਅਤੇ ਫਲਾਂ ਦੀਆਂ ਟੋਕਰੀਆਂ ਦੇ ਅੰਦਰ ਹਥਿਆਰ ਲੁਕਾ ਕੇ, ਔਰਤਾਂ ਕਿਲੇ ਵਿੱਚ ਦਾਖਲ ਹੋਈਆਂ ਅਤੇ ਕੁਯੀਲੀ ਦੇ ਕਹਿਣ 'ਤੇ ਬ੍ਰਿਟਿਸ਼ ਉੱਤੇ ਹਮਲਾ ਕਰ ਦਿੱਤਾ।

ਬ੍ਰਿਟਿਸ਼, ਅਚਾਨਕ ਹੋ ਹਮਲੇ ਤੋਂ ਹੈਰਾਨ ਸਨ, ਲੇਕਿਨ ਉਹਨਾਂ ਨੂੰ ਇਸ ਲੜਾਈ ਲਈ ਮਜਬੂਰ ਕੀਤਾ ਗਿਆ, ਜਿਸ ਲਈ ਉਹ ਤਿਆਰ ਨਹੀਂ ਸਨ। ਕੁਯੀਲੀ, ਜਿਸ ਨੇ ਪਹਿਲਾਂ ਹੀ ਹਥਿਆਰਾਂ ਦੇ ਭੰਡਾਰਨ ਵਾਲੇ ਖੇਤਰ ਦੀ ਜਗੈਹਾ ਦੀ ਜਾਣਕਾਰੀ ਲੈ ਰੱਖੀ ਸੀ ਜਿਥੇ ਬ੍ਰਿਟਿਸ਼ ਨੇ ਹਥਿਆਰ ਰੱਖੇ ਹੋਏ ਸਨ, ਨੇ ਇਕ ਹੋਰ ਯੋਜਨਾ ਤਿਆਰ ਕੀਤੀ। ਉਸਨੇ ਹਫੜਾ-ਦਫੜੀ ਵਾਲੇ ਮਾਹੌਲ ਦਾ ਇਸਤੇਮਾਲ ਕੀਤਾ ਅਤੇ ਆਪਣੇ ਸਾਥੀਆਂ ਨੂੰ ਆਪਣੇ ਸਰੀਰ ਦੇ ਆਲੇ ਦੁਆਲੇ ਘਿਓ ਅਤੇ ਤੇਲ ਪਾਉਣ ਲਈ ਕਿਹਾ ਜਿਹੜਾ ਦੀਵੇ ਜਗਾਉਣ ਲਈ ਰੱਖਿਆ ਗਿਆ ਸੀ। ਫਿਰ ਉਹ ਹਥਿਆਰਾਂ ਦੇ ਗੋਦਾਮ ਦੇ ਅੰਦਰ ਗਈ ਅਤੇ ਆਪਣੇ ਆਪ ਨੂੰ ਅੱਗ ਲਗਾ ਲਈ।

ਉਸਨੇ ਸਾਰੇ ਹਥਿਆਰਾਂ ਨੂੰ ਨਸ਼ਟ ਕਰ ਦਿੱਤਾ ਅਤੇ ਬ੍ਰਿਟਿਸ਼ ਫੌਜ ਨੂੰ ਪੂਰੀ ਤਰੈਹਾਂ ਅਸੁਰੱਖਿਅਤ ਕਰ ਦਿੱਤਾ। ਹੁਣ ਉਹ ਨਿਹੱਥੇ ਸਨ। ਉਸਦੀ ਬਹਾਦਰੀ ਅਤੇ ਜਾਂਬਾਜੀ ਨੇ ਵੇਲੂ ਨਚੀਅਰ ਲਈ ਲੜਾਈ ਜਿੱਤਣ ਦਾ ਰਾਹ ਖੋਲਿਆ, ਬਲਕਿ ਉਸ ਕਿਲੇ ਨੂੰ ਵੀ ਜਿੱਤ ਕੇ ਉਸ ਦੇ ਰਾਜ ਨੇ ਮੁੜ ਹਾਸਲ ਕਰ ਲਿਆ ਸੀ।

ਜਿਸ ਸਮਾਜ ਵਿੱਚ ਮਨੁੱਖ ਦੀ ਨਸ਼ਲ, ਜਾਤੀ ਅਤੇ ਇਸ਼ਤਰੀ ਲਿੰਗ ਇੱਕ ਗਾਲ਼ ਹੋ ਸਕਦਾ ਹੈ, ਉਸ ਸਮਾਜ ਦੇ ਮਰਦਾਂ ਦੀ ਮਾਨਸ਼ਿਕਤਾ ਦੇ ਪੱਧਰ ਬਹੁਤ ਹੀ ਛੋਟਾ ਹੋ ਸਕਦਾ ਹੈ। ਐਸਸੀ ਐਸਟੀ ਵਰਗ ਦੇ ਲੋਕ ਕਦੀ ਵੀ ਕੁਰਬਾਨੀਆਂ ਜਾਂ ਦੇਸ਼ ਭਗਚੀ ਵਿੱਚ ਕਿਸੇ ਚੋਂ ਪਿੱਛੇ ਨਹੀਂ ਰਹੇ। ਜਦੋਂ ਵੀ ਉਹਨਾਂ ਨੂੰ ਆਪਣਾ ਹੁਨਰ ਅਤੇ ਬਹਾਦਰੀ ਦਿਖਾਉਣ ਦਾ ਮੌਕਾ ਮਿਲਿਆ ਹੈ। ਬੇਸ਼ੱਕ ਉਹਨਾ ਦਾ ਬਣਦਾ ਮੁੱਲ ਨਹੀਂ ਮਿਲਿਆ। ਭਾਰਤ ਦਾ ਬਹੁਤਾ ਇਤਿਹਾਸ ਸੱਤਾ ਦੇ ਪੱਖੀ ਹੀ ਲਿਖਿਆ ਗਿਆ ਹੈ। ਜਿੰਨੀਆਂ ਵੀ ਆਵਰਣ ਵਰਗ ਨੇ ਕੁਰਬਾਨੀਆਂ ਕੀਤੀਆਂ ਹਨ ਉਸ ਦਾ ਦਸਵਾਂ ਭਾਗ ਵੀ ਭਾਰਤ ਦੇ ਸਕੂਲਾਂ ਕਾਲਿਜਾਂ ਵਿੱਚ ਪੜਾਇਆ ਨਹੀਂ ਜਾਂਦਾ। ਸਮਾਜ ਦੇ ਸਾਰੇ ਹੀ ਵਰਣਾ ਦੀ ਔਰਤ ਸ਼ੋਸ਼ਣ ਦਾ ਸ਼ਿਕਾਰ ਰਹੀਆਂ ਹਨ।

ਅਰੁੰਥਥੀਯਾਰ ਜਾਤੀ ਚਮਾਰ ਜਾਤੀ ਦੀ ਉਪ ਜਾਤੀ ਵਿੱਚ ਜਨਮੀ ਵੀਰਾਂਗਣਾ ਕੁਯੀਲੀ ਨੇ ਵੇਲੂ ਨਚੀਯਰ ਦੇ ਕਿਲੇ ਅਤੇ ਰਾਜ ਨੂੰ ਅੰਗਰੇਜੀ ਸ਼ਾਸ਼ਨ ਤੋਂ ਅਜਾਦ ਕਰਵਾਇਆ ਅਤੇ ਸਿਵਾਗੰਗਾਈ ਦਾ ਕਿਲੈਹਾ ਜਿੱਤ ਕੇ ਦੀ ਰਾਣੀ ਦੀ ਝੋਲੀ ਪਾਇਆ ਸੀ। ਇਸ ਦਾ ਹਵਾਲਾ ਡੇਲੀ ਹੰਟ, ਰਿਵੌਲਵੀ, ਮਾਈ ਇੰਈਆ ਮਾਈ ਗਲੋਰੀ, ਵਿਕਟਾਨ (ਤਾਮਿਲ) ਵਿਚੋਂ ਮਿਲਦਾ ਹੈ।

ਅਜਿਹੀ ਕੁਰਬਾਨੀ ਦੇ ਬਹੁਤ ਲੰਮੇ ਲਮੇਂ ਬਾਅਦ, ਅਖੀਰ ਵਿੱਚ ਤਾਮਿਲਨਾਡੂ ਸਰਕਾਰ ਨੇ ਕੁਯੀਲੀ ਦੀ ਬਹਾਦਰੀ ਨੂੰ ਯਾਦਗਾਰ ਬਣਵਾਈ ਅਤੇ ਮਹਿਮਾ ਲਈ ਮਨਾਈ। ਇਹ ਤਾਮਿਲਨਾਡੂ ਦੇ ਸਿਵਾਗਾਂਗਈ ਜ਼ੈਲੈਹੇ ਵਿੱਚ ਸਥਿਤ ਹੈ।

# ਕਰੋਨਾ ਸੰਕਟ: ਭਾਰਤੀ ਔਰਤਾਂ ਅਤੇ ਆਤਮ ਨਿਰਭਰਤਾ



ਗੁਰਮੀਤ ਪਲਾਹੀ
91-98158-02070

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਮੰਤਰੀ ਮੰਡਲ ਵਿੱਚ ਸਮ੍ਰਿਤੀ ਈਰਾਨੀ, ਨਿਰਮਲਾ ਸੀਤਾ ਰਮਨ, ਵਿਕਰਮ ਜਰਦੋਸ਼, ਪ੍ਰੀਤਮਾ ਭੌਮਿਕ, ਸ਼ੋਭਾ ਕਰੰਦਲਾਜੇ, ਭਾਰਤੀ ਪ੍ਰਵੀਨ ਧਵਾਰ, ਮੀਨਾਕਸ਼ੀ ਲੇਖੀ, ਅਨੂਪ੍ਰਿਆ ਪਟੇਲ ਤੇ ਅੰਨਾਪੂਰਨਾ ਦੇਵੀ ਨੂੰ ਅਹਿਮ ਜ਼ੁੰਮੇਵਾਰੀਆਂ ਸੌਂਪਕੇ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਦੇਸ਼ 'ਚ ਸਿਰਫ਼ ਨੌਕਰੀਆਂ 'ਚ ਹੀ ਨਹੀਂ, ਬਲਕਿ ਦੇਸ਼ ਨੂੰ ਚਲਾਉਣ ਲਈ ਗਠਿਤ ਸਰਕਾਰ 'ਚ ਵੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਰਜਾ ਹਾਸਲ ਹੈ।

ਮਾਰਚ 2021 ਵਿੱਚ ਵਰਲਡ ਇਕਨੌਮਿਕ-ਫੋਰਮ ਵਲੋਂ ਗਲੋਬਲ ਜੈਂਡਰ ਗੈਪ ਰਿਪੋ ਇਸ ਸਿੱਟੇ ਉੱਤੇ ਪਹੁੰਚਦੀ ਹੈ ਕਿ ਲਿੰਗ ਬਰਾਬਰੀ ਦੇ ਲਈ ਔਰਤਾਂ ਨੂੰ ਹੁਣ ਇੱਕ ਹੋਰ ਪੀੜ੍ਹੀ ਤੱਕ ਉਡੀਕ ਕਰਨੀ ਪਵੇਗੀ। ਕੋਵਿਡ-19 ਦੇ ਭੈੜੇ ਅਸਰਾਂ ਕਾਰਨ ਲਿੰਗ ਬਰਾਬਰੀ ਦਾ ਟੀਚਾ ਹੁਣ 99.5 ਸਾਲਾਂ ਦੀ ਵਿਜਾਏ 135.6 ਸਾਲਾਂ ਵਿਚ ਪੂਰਾ ਕੀਤਾ ਜਾ ਸਕੇਗਾ।

ਇਸ ਸਬੰਧ ਵਿੱਚ ਵਿਸ਼ਵ ਭਰ ਵਿੱਚ ਔਰਤਾਂ ਦੀ ਲਿੰਗ ਸਮਾਨਤਾ ਬਾਰੇ ਕੋਵਿਡ-19 ਦੇ ਅਸਰਾਂ ਸਬੰਧੀ ਇੱਕਠੀਆਂ ਕੀਤੀਆਂ ਅਜ਼ਾਦ ਰਿਪੋਰਟਾਂ ਧਿਆਨ ਦੀ ਮੰਗ ਕਰਦੀਆਂ ਹਨ। ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕਾਨਮੀ ਦੇ ਅਨੁਸਾਰ ਔਰਤਾਂ ਦੀ ਬੇਰੁਜ਼ਗਾਰੀ ਦਰ ਛਾਲ ਮਾਰਕੇ 17 ਫ਼ੀਸਦੀ ਤੱਕ ਪੁੱਜ ਗਈ ਹੈ, ਜੋ ਮਰਦਾਂ ਤੋਂ ਦੋ ਗੁਣਾ ਤੋਂ ਵੀ ਜ਼ਿਆਦਾ ਹੈ। ਦੀ ਨਾਜ ਫਾਊਂਡੇਸ਼ਨ ਦਾ ਇੱਕ ਸਰਵੇ ਦੱਸਦਾ ਹੈ ਕਿ ਭਾਰਤ ਵਿੱਚ ਔਰਤਾਂ ਦੀ ਹਫ਼ਤਾਵਾਰੀ ਆਮਦਨ ਵਿੱਚ ਕੋਵਿਡ-19 ਬੰਦੀ ਦੇ ਕਾਰਨ 76 ਫ਼ੀਸਦੀ ਕਮੀ ਵੇਖੀ ਗਈ ਹੈ। ਡੈਲਾਵਾਟ ਦਾ ਸਰਵੇ ਹੈ ਕਿ ਕੋਵਿਡ-19 ਦੇ ਬਾਅਦ ਭਾਰਤ ਵਿੱਚ ਲਿੰਗ ਅਸਮਾਨਤਾ ਤੇਜ਼ੀ ਨਾਲ ਵਧੇਗੀ।

ਯੂਨੀਵਰਸਿਟੀ ਆਫ਼ ਮਾਨਚੈਸਟਰ ਗਲੋਬਲ ਡਿਵੈਲਪਮੈਂਟ ਦੇ ਇਕ ਅਧਿਐਨ ਅਨੁਸਾਰ ਬੰਦੀ ਦੇ ਕਾਰਨ ਨੌਕਰੀਆਂ ਗਵਾਉਣ ਵਾਲਿਆਂ ਵਿੱਚ ਔਰਤਾਂ ਦਾ ਅਨੁਪਾਤ ਪੁਰਸ਼ਾਂ ਦੇ ਮੁਕਾਬਲੇ ਬਹੁਤ ਜਿਆਦਾ ਹੈ। ਮੰਦੀ ਦੇ ਕਾਰਨ ਅਨੇਕਾਂ ਸ਼ਹਿਰੀ ਔਰਤਾਂ ਦੀ ਆਮਦਨ ਲਗਭਗ ਸਿਫ਼ਰ ਹੋ ਗਈ। ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੇ ਰੁਜ਼ਗਾਰ ਟੁੱਟ ਗਏ।ਇਹਨਾਂ ਵਿੱਚੋਂ ਅਨੇਕਾਂ ਔਰਤਾਂ ਫਲ ਅਤੇ ਸਬਜੀਆਂ ਵੇਚਣ ਜਿਹੇ ਛੋਟੇ-ਛੋਟੇ ਰੁਜ਼ਗਾਰ ਕਰਕੇ ਗੁਜ਼ਾਰਾ ਕਰਦੀਆਂ ਸਨ। ਉਹਨਾ ਦੀ ਆਮਦਾਨ ਘੱਟ ਗਈ।

ਸਿਤੰਬਰ 2020 ਦੀ ਯੂ ਐਨ ਵੂਮੈਨ ਰਿਪੋਰਟ ਦੱਸਦੀ ਹੈ ਕਿ ਕੋਵਿਡ-19 ਕਾਰਨ ਮਰਦਾਂ ਨਾਲੋਂ ਔਰਤਾਂ ਨੇ ਵੱਧ ਨੌਕਰੀਆਂ ਗੁਆਈਆਂ ਹਨ। ਸਾਲ 2021 ਤੱਕ ਕੋਵਿਡ-19 ਕਾਰਨ ਨੌਕਰੀਆਂ ਗੁਆਉਣ ਕਾਰਨ ਗਰੀਬ ਬਣੇ ਲੋਕਾਂ ਦੀ ਗਿਣਤੀ 9 ਕਰੋੜ 60 ਲੱਖ ਹੋਏਗੀ, ਜਿਹਨਾ ਵਿੱਚ 4 ਕਰੋੜ 70 ਲੱਖ ਔਰਤਾਂ ਹੋਣਗੀਆਂ। ਸਿੱਟਾ ਇਹ ਹੈ ਕਿ ਪਰਿਵਾਰਾਂ ਦੀਆਂ ਛੋਟੀਆਂ ਬਚਤਾਂ ਖ਼ਤਮ ਹੋ ਰਹੀਆਂ ਹਨ। ਗਹਿਣੇ ਤੱਕ ਵਿੱਕ ਚੁੱਕੇ ਹਨ ਤੇ ਗਰੀਬ ਔਰਤਾਂ ਖ਼ਾਸ ਕਰਕੇ ਸੂਦ ਖੋਰਾਂ ਦਾ ਸ਼ਿਕਾਰ ਹੋ ਰਹੀਆਂ ਹਨ।

ਗਰੀਬੀ ਵੱਧਣ ਨਾਲ ਭੋਜਨ ਦੀ ਸਮੱਸਿਆ ਨੇ ਵਿਕਰਾਲ ਰੂਪ ਧਾਰਿਆ ਹੈ। ਪਰੰਪਰਾ ਦੇ ਅਨੁਸਾਰ ਸਭ ਤੋਂ ਅੰਤ ਵਿੱਚ ਪਰਿਵਾਰ ਵਿੱਚ ਖਾਣਾ ਖਾਣ ਵਾਲੀਆਂ ਔਰਤਾਂ ਦੀ ਥਾਲੀ ਖਾਲੀ ਰਹਿਣ ਲੱਗੀ। ਪਰਿਵਾਰ ਦੇ ਮੈਂਬਰਾਂ ਦੀ ਵੱਧਦੀ ਗਿਣਤੀ ਅਤੇ ਅਵਾਸ-ਪ੍ਰਵਾਸ ਦੀ ਸਮੱਸਿਆ ਨੇ ਮਾਨਸਿਕ ਤੌਰ ਤੇ ਤਨਾਅ ਪੈਦਾ ਕੀਤਾ।

ਰਾਸ਼ਟਰੀ ਮਹਿਲਾ ਆਯੋਗ ਦੇ ਅੰਕੜੇ ਦੱਸਦੇ ਹਨ ਕਿ ਮਾਰਚ 2020 ਵਿੱਚ ਪੂਰਨਬੰਦੀ ਬਾਅਦ ਘਰੇਲੂ ਹਿੰਸਾ ਵਿੱਚ 15 ਤੋਂ 49 ਵਰ੍ਹੇ ਦੇ ਵਰਗ ਦੀਆਂ ਲਗਭਗ 24 ਕਰੋੜ 30 ਲੱਖ ਔਰਤਾਂ ਆਪਣੇ ਨਜ਼ਦੀਕੀ ਲੋਕਾਂ ਦੀ ਜੋਨ ਅਤੇ ਸਰੀਰਕ ਹਿੰਸਾ ਦਾ ਸ਼ਿਕਾਰ ਹੋਈਆਂ। ਪੁਰਸ਼ਾਂ ਨੇ ਵੱਡੀ ਸੰਖਿਆ 'ਚ ਰੁਜ਼ਗਾਰ ਗੁਆਇਆ, ਰੋਟੀ-ਰੋਜ਼ੀ ਦੇ ਸੰਕਟ ਅਤੇ ਭਵਿੱਖ ਦੀ ਚਿੰਤਾ ਨੇ ਉਹਨਾ ਨੂੰ ਹਿੰਸਕ ਬਣਾ ਦਿੱਤਾ। ਔਰਤਾਂ ਹਮੇਸ਼ਾ ਦੀ ਤਰ੍ਹਾਂ ਇਸ ਹਿੰਸਾ ਦਾ ਸ਼ਿਕਾਰ ਬਣੀਆਂ ਅਤੇ ਵੱਡੀਆਂ ਔਰਤਾਂ ਉਹਨਾ ਨੂੰ ਪੀੜਾ ਸਹਿੰਦਾ ਦੇਖਦੀਆਂ ਰਹੀਆਂ।

ਸ਼ਹਿਰੀ ਔਰਤਾਂ ਦੇ ਹਾਲਾਤ ਵੀ ਬਿਹਤਰ ਨਹੀਂ



ਰਹੇ।ਵੂਮੈਨ ਇਨ ਟੈਕਨੌਲਜੀ ਇੰਡੀਆ ਦਾ ਇਕ ਅਧਿਐਨ ਦਸਦਾ ਹੈ ਕਿ ਆਈ. ਟੀ, ਟੈਕਨੌਲਜੀ, ਬੈਕਿੰਗ ਅਤੇ ਹੋਰ ਖੇਤਰਾਂ 'ਚ ਕੰਮ ਕਰਨ ਵਾਲੀਆਂ 21 ਤੋਂ 55 ਸਾਲ ਦੀਆਂ ਬਹੁਤੀਆਂ ਔਰਤਾਂ ਘਰ ਵਿੱਚ (ਵਰਕ ਫਰੌਮ ਹੋਮ) ਕਰਦੀਆਂ ਹਨ ਅਤੇ ਕਿਉਂਕਿ ਬੰਦੀ ਦੇ ਕਾਰਣ ਸਾਰੇ ਮੈਂਬਰ ਘਰ ਵਿੱਚ ਸਨ ਅਤੇ ਬਾਹਰ ਕੋਈ ਸੁਵਿਧਾ ਜਾਂ ਸਹਾਇਤਾ ਉਪਲੱਬਧ ਨਹੀਂ ਸੀ, ਇਸ ਲਈ ਉਹਨਾਂ ਦਾ ਘਰੇਲੂ ਕੰਮ ਵਧਿਆ। ਇਕ ਸਰਵੇ ਅਨੁਸਾਰ ਉਹਨਾ ਦੇ ਘਰੇਲੂ ਕੰਮ ਵਿੱਚ 30 ਫ਼ੀਸਦੀ ਦਾ ਵਾਧਾ ਹੋਇਆ ਹੈ।

ਪੁਰਖ ਪ੍ਰਧਾਨ ਸੋਚ ਸਿਖਿਆ ਦੇ ਖੇਤਰ ਵਿੱਚ ਹੀ ਭਾਰੂ ਰਹਿੰਦੀ ਹੈ। ਜਦੋਂ ਪਰਿਵਾਰ ਵਿੱਚ ਸਿੱਖਿਆ ਦੇਣ ਦੀ ਗੱਲ ਹੁੰਦੀ ਹੈ ਤਾਂ ਲੜਕੀ ਦੀ ਵਿਜਾਏ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ। ਯੂਨੈਸਕੋ ਦੇ ਇੱਕ ਅੰਦਾਜ਼ੇ ਅਨੁਸਾਰ ਇੱਕ ਕਰੋੜ ਦਸ ਲੱਖ, ਲੜਕੀਆਂ ਕੋਵਿਡ-19 ਦੇ ਕਾਰਨ ਹੁਣ ਦੁਬਾਰਾ ਸਕੂਲ ਨਹੀਂ ਜਾ ਸਕਣਗੀਆਂ। ਇਸਦਾ ਸਿੱਟਾ ਕੀ ਹੋਏਗਾ? ਉਹਨਾ ਦਾ ਜਲਦੀ ਜਾਂ ਜਬਰੀ ਵਿਆਹ ਹੋਏਗਾ। ਛੋਟੀ ਉਮਰੇ ਹੀ ਉਹ ਗਰਭ ਧਾਰਨ ਕਰ ਲੈਣਗੀਆਂ। ਉਹਨਾ ਨੂੰ ਹਿੰਸਾ ਦਾ ਸਾਹਮਣਾ ਕਰਨ ਪਵੇਗਾ। ਜਦੋਂ ਇਸ ਸਮੇਂ ਡਿਜੀਟਲ ਸਿੱਖਿਆ ਦੀ ਗੱਲ ਚੱਲ ਰਹੀ ਹੈ ਤਾਂ ਲੜਕੀਆਂ ਨੂੰ ਡਿਜੀਟਲ ਉਪਕਰਨ ਮੁਹੱਈਆ ਨਹੀਂ ਹੁੰਦੇ। ਲੜਕਿਆਂ ਦਾ ਹੀ ਇਸ ਉਤੇ ਪਹਿਲਾ ਅਧਿਕਾਰ ਹੈ। ਪੇਂਡੂ ਇਲਾਕਿਆਂ ਵਿੱਚ ਲੜਕੀਆਂ ਨੂੰ ਮਾਪਿਆਂ ਨਾਲ ਖੇਤਾਂ ਵਿੱਚ ਕੰਮ ਕਰਾਉਣਾ ਪੈਂਦਾ ਹੈ ਅਤੇ ਛੋਟੇ-ਛੋਟੇ ਕੰਮ ਧੰਦਿਆਂ ਵਿੱਚ ਹੱਥ ਵਟਾਉਣਾ ਪੈਂਦਾ ਹੈ। ਅਸਲ ਵਿੱਚ ਤਾਂ ਕੋਵਿਡ-19 ਕਾਰਨ ਅਸਿੱਖਿਆ ਦਾ ਨਾ ਮਿਟਣ ਵਾਲਾ ਹਨ੍ਹੇਰਾ ਪਸਰ ਗਿਆ ਹੈ।ਸਕੂਲ, ਕਾਲਜ, ਯੂਨੀਵਰਸਿਟੀਆਂ ਬੰਦ ਹਨ। ਸਿੱਖਿਆ ਦੇ ਖੇਤਰ 'ਚ ਔਰਤਾਂ ਨੇ ਪੁਰਸ਼ਾਂ, ਲੜਕਿਆਂ ਨਾਲੋਂ ਵੱਡੀ ਮਾਰ ਝੱਲੀ ਹੈ।

ਦੁਨੀਆ ਦੀ ਅੱਧੀ ਆਬਾਦੀ ਔਰਤਾਂ ਦੇ ਵਿਸ਼ੇ ਤੇ ਸ਼ੋਸ਼ਿਤ, ਪਛੜਿਆ ਅਤੇ ਵੰਚਿਤ ਜਿਹੇ ਸ਼ਬਦ ਹੁਣ ਵੀ ਸੁਨਣ ਨੂੰ ਮਿਲਦੇ ਹਨ। ਇਹ ਬਹੁਤ ਹੀ ਦੁੱਖਦਾਈ ਸਥਿਤੀ ਹੈ। ਦੁਨੀਆਂ ਭਰ ਵਿੱਚੋਂ ਭਾਰਤ ਵਿੱਚ ਔਰਤਾਂ ਦੀ ਸਥਿਤੀ ਹੋਰ ਵੀ ਭੈੜੀ ਹੈ। ਕਹਿਣ ਨੂੰ ਤਾਂ ਭਾਵੇਂ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਭਾਰਤੀ ਸੰਵਿਧਾਨ ਅਨੁਸਾਰ ਮਿਲੇ ਹੋਏ ਹਨ, ਪਰ ਸਮਾਜਿਕ ਆਤਮ ਨਿਰਭਰਤਾ ਵਿੱਚ ਔਰਤਾਂ ਦੇ ਹਾਲਤ ਸੁਖਾਵੇਂ ਨਾ ਹੋਣ ਕਾਰਨ ਇਹ ਇੱਕ ਸਮਾਜਿਕ ਸਮੱਸਿਆ ਦਾ ਰੂਪ ਧਾਰਨ ਕਰ ਚੁੱਕੇ ਹਨ। ਭਾਰਤ ਵਿੱਚ ਕੁਸਾਸ਼ਨ ਅਤੇ ਕੇਂਦਰੀਕਰਨ ਦੋ ਇਹੋ ਜਿਹੇ ਭੈੜੇ ਹਥਿਆਰ ਹਨ, ਜਿਹਨਾ ਨਾਲ ਸਮਾਜਿਕ ਵੰਡੀਆਂ ਵਧਦੀਆਂ ਹਨ, ਪੱਛੜਾਪਨ ਹੋਰ ਵਧਦਾ ਹੈ, ਗਰੀਬਾਂ ਦੇ ਹੋਰ ਗਰੀਬ ਹੋਣ ਦਾ ਕਾਰਨ ਵੀ ਇਹੋ ਹੈ। ਇਹ ਪਾੜਾ ਕੋਵਿਡ-19 ਕਾਰਨ ਹੋਰ ਵਧਿਆ ਹੈ।

ਸਾਸ਼ਨ ਅਤੇ ਸੱਤਾ ਵਿੱਚ ਆਮ ਜਨਮਾਨਸ ਦੀ ਭਾਗੀਦਾਰੀ ਚੰਗੇ ਸਾਸ਼ਨ ਦੀ ਪਹਿਲੀ ਸ਼ਰਤ ਹੈ ਜੋ ਜਨਤਾ ਦੇ ਹਰ ਵਰਗ (ਸਮੇਤ ਔਰਤਾਂ) ਦੀ ਭਾਗੀਦਾਰੀ ਸੁਨਿਸ਼ਚਿਤ ਕਰਕੇ ਅਤੇ ਤਾਕਤਾਂ ਦਾ ਵਿਕੇਂਦਰੀਕਰਨ ਕਰਕੇ ਕੀਤੀ ਜਾ ਸਕਦੀ ਹੈ। ਔਰਤਾਂ ਨੂੰ ਭਾਰਤੀ ਸੰਵਿਧਾਨ ਅਨੁਸਾਰ ਕਿਧਰੇ 33 ਫ਼ੀਸਦੀ, ਕਿਧਰੇ 50 ਫ਼ੀਸਦੀ ਰਿਜ਼ਰਵੇਸ਼ਨ, ਨੌਕਰੀਆਂ ਜਾਂ ਸਥਾਨਕ ਸਰਕਾਰਾਂ ਅਰਥਾਤ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਅਤੇ ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ, ਰਾਜ ਸਭਾ, ਲੋਕ ਸਭਾ 'ਚ ਦਿੱਤੀ ਗਈ ਹੈ, ਪਰ ਅਸਲ ਅਰਥਾਂ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਵਰਤੋਂ ਖ਼ਾਸ ਕਰਕੇ ਸਥਾਨਕ ਸਰਕਾਰਾਂ ਵਿੱਚ ਮਰਦ, ਜੋ ਔਰਤਾਂ ਦੇ ਪਤੀ, ਪਿਤਾ, ਭਰਾ ਆਦਿ ਹਨ ਹੀ ਕਰਦੇ ਹਨ। ਇਸ ਸਬੰਧੀ ਇਹ ਗੱਲ ਵੀ ਕਰਨੀ ਬਣਦੀ ਹੈ ਕਿ ਕੋਵਿਡ ਕਾਰਨ ਕੇਂਦਰੀਕਰਨ ਵਧਿਆ, ਔਰਤਾਂ ਦੇ ਹੱਕਾਂ ਉਤੇ ਛਾਪਾ ਮਾਰਿਆ ਗਿਆ ਹੈ ਅਤੇ ਪੀੜਤ ਔਰਤਾਂ ਹੋਰ ਵੀ ਪੀੜਤ ਮਹਿਸੂਸ ਕਰਨ ਲੱਗੀਆਂ ਹਨ।

ਭਾਵੇਂ ਅੱਜ ਸਿਹਤ ਦੇ ਬੁਨਿਆਦੀ ਢਾਂਚੇ ਲਈ 23123 ਕਰੋੜ ਰੁਪਏ ਦਾ ਪੈਕਜ ਕੇਂਦਰੀ ਕੈਬਨਿਟ ਵਲੋਂ ਮਨਜ਼ੂਰ ਕੀਤਾ ਗਿਆ ਹੈ, ਜੋ ਖ਼ਾਸ ਕਰਕੇ ਭਵਿੱਖ ਵਿੱਚ ਕਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਦਿੱਤਾ ਗਿਆ ਹੈ। ਪਰ ਕੋਵਿਡ-19 ਦੌਰਾਨ ਔਰਤਾਂ ਨੇ ਪ੍ਰਸੂਤਾ ਪੀੜਾਂ, ਬੱਚਿਆਂ ਦੇ ਪਾਲਣ ਪੋਸ਼ਣ, ਖ਼ੁਰਾਕ ਦੀ ਘਾਟ ਦਾ ਜੋ ਤਜ਼ਰਬਾ ਹੰਢਾਇਆ ਹੈ, ਉਹ ਬਹੁਤ ਹੀ ਮੰਦਭਾਗਾ ਸੀ।

ਸਰਕਾਰੀ ਹਸਪਤਾਲ, ਜੋ ਅੱਧੇ-ਅਧੂਰੀਆਂ ਸੁਵਿਧਾਵਾਂ ਵਾਲੇ ਸਨ, ਕੋਵਿਡ-19 ਨਾਲ ਨਜਿੱਠਣ ਲਈ ਲੱਗੇ ਹੋਏ ਸਨ, ਚਾਰੇ ਪਾਸੇ ਹਾਹਾਕਾਰ ਸੀ, ਆਕਸੀਜਨ ਤੇ ਉਪਕਰਨਾਂ ਦੀ ਕਮੀ ਸੀ, ਪਰ ਇਸ ਤੋਂ ਵੀ ਵੱਡੀ ਕਮੀ ਇਹ ਸੀ ਕਿ ਗਰਭਵਤੀ ਔਰਤਾਂ ਦੇ ਜਨਣ ਪ੍ਰਬੰਧ ਬਿਲਕੁਲ ਖ਼ਤਮ ਸਨ, ਕਿਉਂਕਿ ਕਰੋਨਾ ਤੋਂ ਬਿਨ੍ਹਾਂ ਹੋਰ ਵਿਭਾਗ ਬੰਦ ਸਨ ਜਾਂ ਸੁਵਿਧਾਵਾਂ ਸੀਮਤ ਸਨ। ਇਸ ਸਥਿਤੀ 'ਚ ਔਰਤਾਂ ਨੂੰ ਖ਼ੁਰਾਕ ਨਾ ਮਿਲੀ, ਬੱਚਿਆਂ ਦਾ ਟੀਕਾਕਰਨ ਲਗਭਗ ਨਾਂਹ ਬਰਾਬਰ ਹੋਇਆ ਅਤੇ ਕੋਵਿਡ-19 ਨੇ ਔਰਤਾਂ ਦੀ ਸਿਹਤ ਨੂੰ ਹੋਰ ਸੰਕਟ ਵਿੱਚ ਪਾ ਦਿੱਤਾ।

ਜਿਵੇਂ ਕਰੋਨਾ ਕਾਲ ਵਿੱਚ ਔਰਤਾਂ ਦੀ ਸਿਹਤ ਦੀ ਅਣਦੇਖੀ ਹੋਈ ਹੈ, ਔਰਤਾਂ ਵਿਰੁੱਧ ਘਰੇਲੂ ਹਿੰਸਾ ਵਧੀ ਹੈ, ਔਰਤਾਂ ਦੀ ਆਤਮ ਨਿਰਭਰਤਾ ਨੂੰ ਸੱਟ ਵੱਜੀ ਹੈ, ਉਸਨੂੰ ਥਾਂ ਸਿਰ ਕਰਨ ਲਈ ਤਤਕਾਲ ਕਾਨੂੰਨੀ, ਸਿਹਤ ਸਬੰਧੀ ਅਤੇ ਮਨੋਵਿਗਿਆਨਿਕ ਸਹਾਇਤਾ ਲਈ ਐਮਰਜੈਂਸੀ ਸੇਵਾਵਾਂ ਦੀ ਲੋੜ ਹੈ। ਇਹ ਸੇਵਾਵਾਂ ਕਾਗਜੀਂ-ਪੱਤਰੀਂ ਨਾ ਹੋਣ ਸਗੋਂ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਸੁਚਾਰੂ ਰੂਪ ਨਾਲ ਚੱਲਣ। ਇਸ ਤੋਂ ਵੀ ਵੱਡੀ ਗੱਲ ਇਹ ਕਿ ਜਦੋਂ ਵੀ ਸਕੂਲ ਖੁਲ੍ਹਣ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਇਹ ਯਕੀਨੀ ਬਨਾਉਣ ਕਿ ਲੜਕੀਆਂ ਸਕੂਲ ਜਾਣ ਅਤੇ ਉਹਨਾ ਦੀ ਸਿੱਖਿਆ ਦਾ ਉਚਿਤ ਪ੍ਰਬੰਧ ਹੋਵੇ।

## ਸਾਕਾ ਸਰਹੰਦ

ਠੰਡਾ ਬੁਰਜ, ਉਤੋਂ ਪੋਹ ਦੀ ਕਕਰਾਲੀ ਰਾਤ,
ਕੋਈ ਤਨ ਉੱਤੇ ਕੱਪੜਾ ਨਹੀਂ ਖਾਸ।
ਕੱਟੀ ਹੋਊ ਰਾਤ ਕਿਵੇਂ, ਦਾਦੀ ਨੇ ਮਾਸੂਮਾਂ ਨਾਲ,
ਦਿਲ ਵਿਚ ਕਰਿਓ ਕਿਆਸ।

ਮਖਮਲੀ ਗੱਦਿਆਂ ਤੇ ਸੌਣ ਵਾਲੇ ਬੱਚਿਆਂ ਨੂੰ,
ਬੁੱਕਲ'ਚ ਲੈਕੇ, ਚੁੰਨੀ ਓਹੜਕੇ।
ਥੱਕੇ ਟੁੱਟੇ, ਭੁੱਖੇ ਭਾਣੇ, ਲਾਲ ਦਿਆਂ ਲਾਲਾਂ ਤਾਈਂ,
ਚੁੰਮਦੀ ਹੋਊ ਸੀਨੇ ਨਾਲ ਜੋੜਕੇ।
ਵੀਰ ਗਾਥਾ, ਖ਼ੂਨੀ ਸਾਕੇ, ਵੱਡਿਆਂ ਵਡੇਰਿਆਂ ਦੇ,
ਦੱਸਦੀ ਹੋਊ ਸੁੱਚਾ ਇਤਿਹਾਸ।
ਕੱਟੀ ਹੋਊ ਰਾਤ ਕਿਵੇਂ ਦਾਦੀ---

ਠੁੰਮਕ ਠੁੰਮਕ, ਪੱਬ ਧਰਦੇ ਮੜਕ ਨਾਲ,
ਜਾਂਦੇ ਸੀ ਕਚਹਿਰੀ ਕਿਵੇਂ ਹੱਸਕੇ।
ਡੋਲਿਓ ਨਾ, ਡਰਿਓ ਨਾ, ਚੜ੍ਹੈਹਦੀ ਕਲਾ'ਚ ਰਹਿਓ,
ਮੱਥੇ ਚੁੰਮ, ਤੋਰੇ ਹੋਣੇ, ਦੱਸਕੇ।
ਝੁਕਿਓ ਨਾ, ਸੀਸ ਨਾ ਝੁਕਾਇਓ ਭਾਵੇਂ ਕੱਟ ਜਾਵੇ,
ਜਿੰਨਾ ਚਿਰ ਤਨ ਵਿਚ ਸਾਸ।
ਕੱਟੀ ਹੋਊ ਰਾਤ ਕਿਵੇਂ ਦਾਦੀ---

ਪਾਪਾਂ ਦੀ ਕਚਹਿਰੀ ਵੱਲ, ਤੋਰ ਕੇ ਮਾਸੂਮ ਜਿੰਦਾਂ,
ਪਈ ਹੋਣੀ ਕਾਲਜੇ ਨੂੰ ਧੂਹ।
ਰੱਖੇ ਹੋਣੇ ਲਾਲੋ, ਅੰਗਿਆਰਾਂ ਉਤੇ ਫੁੱਲ ਜਦੋਂ,
ਕੰਬੀ ਹੋਊ ਜਲਾਦਾਂ ਦੀ ਵੀ ਰੂਹ।
ਗੁਜਰੀ ਹੋਊ ਕਿਵੇਂ, ਮਾਤਾ ਗੁਜਰੀ ਦੇ ਦਿਲ ਉੱਤੇ,
ਧਰਿਆ ਹੋਊ ਕਿਵੇਂ ਧਰਵਾਸ।
ਕੱਟੀ ਹੋਊ ਰਾਤ ਕਿਵੇਂ ਦਾਦੀ---



ਲਾਲ ਸਿੰਘ ਸੁਲਹਾਣੀ
91-98721-55120

## ਆਈਲੈਟ ਕਿ ਪੌੜੀ?

ਸਾਕ ਨੇੜੇ ਦਾ ਸੱਭਿਆਚਾਰ ਅੰਦਰ
ਸਮਝੀ ਜਾਂਦੀ ਸੀ ਬਾਂਹ ਸਰੈਹਾਣਿਆਂ ਦੀ।

ਰਿਸ਼ਤੇ ਕਰਦੇ ਸੀ ਦੇਖ ਕੇ ਹਾਣ-ਮੰਗਲ਼
ਸਾਂਝੀ ਹੁੰਦੀ ਸੀ ਇੱਜਤ ਘਰਾਣਿਆਂ ਦੀ।

ਸੰਗ-ਸ਼ਰਮ ਰਵਾਇਤਾਂ ਦਾ ਭੋਗ ਪਾਉਂਦੇ
ਕਹਿ ਕੇ ਰਸਮ ਹੈ ਸਮੇਂ ਪੁਰਾਣਿਆਂ ਦੀ।

ਵੱਜੀ ਠੱਗੀ ਦਾ ਜਦੋਂ ਫਿਰ ਪਤਾ ਲਗਦਾ
ਖਾਕ ਛਾਣਦੇ 'ਕੋਰਟਾਂ' ਠਾਣਿਆਂ ਦੀ।

ਸੌਦੇ ਬਾਜੀਆਂ ਕਰਦੇ ਨੇ ਆਪ ਮਾਪੇ
ਗੱਲਾਂ ਸੱਚੀਆਂ ਲਗਦੀਆਂ ਕੌੜੀਆਂ ਨੇ।

ਆਈਲੈਟ ਪਾਸ ਨੂੰ ਮੁੰਡਾ ਨਾ ਕੁੜੀ ਜਾਣੋ
ਬਣਦੇ 'ਬਾਹਰ' ਨੂੰ ਜਾਣ ਲਈ 'ਪੌੜੀਆਂ' ਨੇ!

**-ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**



## ਜਲ ਸਰੋਤ ਵਿਭਾਗ ਦੇ ਇੰਜਨੀਅਰ ਗੁਰਪਿੰਦਰ ਸਿੰਘ ਸੰਧੂ ਨੇ ਸੰਭਾਲਿਆ ਚਾਰਜ



**ਹੁਸ਼ਿਆਰਪੁਰ (ਕੁਲਦੀਪ ਚੁੰਬਰ)-** ਜਲ ਸਰੋਤ ਵਿਭਾਗ ਦੇ ਇੰਜੀਨੀਅਰ ਗੁਰਪਿੰਦਰ ਸਿੰਘ ਸੰਧੂ ਵਲੋ ਅੱਜ ਬਤੌਰ ਨਿਗਰਾਨ ਇੰਜੀਨੀਅਰ ਢੋਲਬਾਹਾ ਉਸਾਰੀ ਹਲਕਾ ਹੁਸ਼ਿਆਰਪੁਰ ਦਾ ਚਾਰਜ ਸੰਭਾਲ ਲਿਆ ਹੈ। ਇਸ ਚਾਰਜ ਸੰਭਾਲਣ ਮੌਕੇ ਉਹਨਾ ਨੂੰ ਇੰਜੀਨੀਅਰ ਵਿਜੇ ਕੁਮਾਰ ਗਿੱਲ ਨਿਗਰਾਨ ਇੰਜੀਨੀਅਰ ਕੰਡੀ ਕੈਨਾਲ, ਇੰਜੀਨੀਅਰ ਅਮਿਤ ਕੁਮਾਰ ਸੱਭਰਵਾਲ (ਕ ਕ) ਇੰਜੀਨੀਅਰ ਮਕੈਨੀਕਲ ਮੰਡਲ, ਇੰਜੀਨੀਅਰ ਮਨਜੀਤ ਸਿੰਘ (ਕ ਕ) ਇੰਜੀਨੀਅਰ ਕੇ ਏ ਡੀ ਮੈਨਟੀਨਸ ਮੰਡਲ, ਇੰਜੀਨੀਅਰ ਮਨਜੀਤ ਸਿੰਘ (ਕ ਕ) ਇੰਜੀਨੀਅਰ ਸਿਵਲ ਮੰਡਲ ਅਤੇ ਸੂਬਾ ਸੀਨੀਅਰ ਮੀਤ ਪੈਰਧਾਨ ਰਣਵੀਰ ਸਿੰਘ (ਐਸ ਸੀ ਬੀ ਸੀ) ਇੰਪਲਾਈਜ਼ ਫੈਡਰੇਸ਼ਨ ਪੰਜਾਬ, ਜੀਵਨ ਰਾਮ ਜਨਰਲ ਸਕੱਤਰ ਕਲਾਸ ਫੋਰ ਯੂਨੀਅਨ ਹੁਸ਼ਿਆਰਪੁਰ, ਸੰਦੀਪ ਸੰਧੀ ਮੀਤ ਪੈਰਧਾਨ (ਐਸ ਸੀ ਬੀ ਸੀ) ਹੁਸ਼ਿਆਰਪੁਰ ਆਦਿ ਨੇ ਬੁੱਕੇ ਭੇਟ ਕਰ ਕੇ ਜੀ ਆਇਆਂ ਆਖਿਆ। ਇੰਜਨੀਅਰ ਗੁਰਪਿੰਦਰ ਸਿੰਘ ਸੰਧੂ ਨੇ ਸਾਰੇ ਹੀ ਸਵਾਗਤੀ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਜਰਖੜ ਹਾਕੀ ਅਕੈਡਮੀ ਨੇ ਅੰਤਰਰਾਸ਼ਟਰੀ ਅੰਗਹੀਣ ਖਿਡਾਰੀ ਆਕਾਸ਼ ਮਹਿਰਾ, ਪੱਤਰਕਾਰ ਸਿਮਰਨਜੋਤ ਮੱਕੜ ਦਾ ਕੀਤਾ ਵਿਸ਼ੇਸ਼ ਸਨਮਾਨ

**ਲੁਧਿਆਣਾ–** ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਨੇ ਅੱਜ ਜਰਖੜ ਸਟੇਡੀਅਮ ਵਿਖੇ ਇਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਅੰਤਰਰਾਸ਼ਟਰੀ ਅੰਗਹੀਣ ਅਥਲੀਟ ਆਕਾਸ਼ ਮਹਿਰਾ ਅਤੇ ਉੱਘੇ ਸੀਨੀਅਰ ਪੱਤਰਕਾਰ ਸਿਮਰਨਜੋਤ ਮੱਕੜ ਆਨ ਏਅਰ ਦਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ ਕੀਤਾ।





ਅੰਤਰ-ਰਾਸ਼ਟਰੀ ਅਥਲੀਟ ਆਕਾਸ਼ ਮੇਰਾ ਜੋ ਜਰਖੜ ਹਾਕੀ ਅਕੈਡਮੀ ਦਾ ਹੋਣਹਾਰ ਹਾਕੀ ਖਿਡਾਰੀ ਸੀ, ਕੁਝ ਵਰੈਹੇ ਪਹਿਲਾਂ ਟੈਰੇਨ ਥੱਲੇ ਆ ਕੇ ਉਸ ਦੀਆਂ ਦੋਵੇਂ ਲੱਤਾਂ ਕੱਟੀਆਂ ਗਈਆਂ ਸਨ ਪਰ ਆਕਾਸ਼ ਨੇ ਹਿੰਮਤ ਨਹੀਂ ਹਾਰੀ ਉਸ ਨੇ ਆਪਣੀ ਖੇਡਾਂ ਪੈਰਤੀ ਲਗਨ ਮਿਹਨਤ ਅਤੇ ਸਮਰਪਿਤ ਭਾਵਨਾ ਨੂੰ ਜਾਰੀ ਰੱਖਦਿਆਂ ਪੈਰਾ ਅਥਲੈਟਿਕ ਯੂਥ ਚੈਂਪੀਅਨਸ਼ੈਪ ਵਿੱਚ ਦੁਬਈ ਵਿੱਚ 2 ਚਾਂਦੀ ਦੇ ਤਗ਼ਮੇ ਜਿੱਤੇ ਉਸ ਦੀਆਂ ਪ੍ਰਾਪਤੀਆਂ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਉਸ ਦੀ ਖੇਲੋ ਇੰਡੀਆ ਵਿੱਚ ਸਕੀਮ ਵਿੱਚ ਨਿਯੁਕਤੀ ਕੀਤੀ ਜਿੱਥੇ ਉਹ ਪੈਰਾ ਓਲੰਪਿਕ ਖੇਡਾਂ ਦੀ ਤਿਆਰੀ ਕਰ ਰਿਹਾ ਹੈ ਅੱਜ ਜਰਖੜ ਹਾਕੀ ਅਕੈਡਮੀ ਵੱਲੋਂ ਆਕਾਸ਼ ਮਹਿਰਾ ਨੂੰ ਇਕ ਵਿਸ਼ੇਸ਼ ਸਾਈਕਲ ਟਰੈਕ ਸੂਟ ਅਤੇ ਐਵਾਰਡ ਨਾਲ ਸਨ-ਮਾਨਤ ਕੀਤਾ ਜਦਕਿ ਉੱਘੇ ਸੀਨੀਅਰ ਪੱਤਰਕਾਰ ਸਿਮਰਨਜੋਤ ਮੱਕੜ ਦੀ ਕਿਸਾਨ ਮੋਰਚੇ ਵਿੱਚ ਨਿਭਾਈ ਭੂਮਿਕਾ ਅਤੇ ਪੱਤਰਕਾਰੀ ਵਿੱਚ ਦਿੱਤੀਆਂ ਵਧੀਆ ਸੇਵਾਵਾਂ ਬਦਲੇ ਪੱਤਰਕਾਰੀ ਦਾ ਮਾਣ ਐਵਾਰਡ ਨਾਲ ਸਨਮਾਨਤ ਕੀਤਾ ਇਸ ਤੋਂ ਇਲਾਵਾ ਇਕ ਹੋਰ ਉਭਰਦੇ ਹਾਕੀ ਖਿਡਾਰੀ ਗੁਰਜੋਤ ਸਿੰਘ ਜਰਖੜ ਨੂੰ ਵੀ ਵਿਸ਼ੇਸ਼ ਤੌਰ ਤੇ ਸਾਈਕਲ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਸਿਮਰਨਜੋਤ ਮੱਕੜ ਨੇ ਆਪਣੇ ਪੱਤਰਕਾਰੀ ਦੇ ਅਨੁਭਵ ਸਾਂਝੇ ਕਰਦਿਆਂ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੂੰ ਖੇਡਾਂ ਵੱਲ ਪੈਰੇਰਤ ਹੋਣ ਲਈ ਜਾ-ਗਰੂਕ ਕੀਤਾ ਇਸ ਮੌਕੇ ਉਹਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅੰਗਹੀਣ ਖਿਡਾਰੀ ਆਕਾਸ ਜਿਸ ਨੂੰ ਪੈਰਾਲੰਪਿਕ ਦੀ ਤਿਆਰੀ ਲਈ ਬਨਾਵਟੀ ਲੱਤਾਂ ਦੀ ਜ਼ਰੂਰਤ ਹੈ ਜਿਸ ਤੇ 11 ਲੱਖ ਰੁਪਏ ਖਰਚਾ ਆਉਣਾ ਹੈ ਦੇਣ ਦੀ ਮੰਗ ਕੀਤੀ ਇਸ ਮੌਕੇ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਸਾਬਕਾ ਪੁਲੀਸ ਅਧਿਕਾਰੀ, ਮੁੱਖ ਪੈਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾ ਨੂੰ ਜੀ ਆਇਆ ਆਖਿਆ ਇਸ ਮੌਕੇ ਜਰਖੜ ਖੇਡਾਂ ਦੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਪਹਿ-ਲਵਾਨ ਹਰਮੇਲ ਸਿੰਘ ਕਾਲਾ, ਗੁਰਸਤਿੰਦਰ ਸਿੰਘ ਪਰਗਟ ,ਯਾਦਵਿੰਦਰ ਸਿੰਘ ਤੂਰ ਤਜਿੰਦਰ ਸਿੰਘ ਜਰਖਡ ਸੰਦੀਪ ਸਿੰਘ ਜਰਖੜ, ਉੱਭਰਦੇ ਗਾਇਕ ਸੁਮੀਤ ਸਿੰਘ , ਸਾਹਿਬ ਜੀਤ ਸਿੰਘ ਜਰਖੜ, ਕਬੱਡੀ ਖਿਡਾਰੀ ਮਨਜੀਤ ਸਿੰਘ ਮੋਹਲਾ ਖਡੂਰ, ਨਿਹੰਗ ਸਿੰਘ ਜਥੇਦਾਰ ਰਮਨਜੀਤ ਸਿੰਘ ਸਾਇਆਂ ਕਲਾਂ, ਬਾਬਾ ਰੁਲਦਾ ਸਿੰਘ ਸਾਇਆਂ ਕਲਾਂ, ਸੀਨੀਅਰ ਪੱਤਰਕਾਰ ਪਰਮੇਸ਼ਵਰ ਸਿੰਘ , ਸੰਜੇ ਕੁਮਾਰ ਸ਼ਰਮਾ, ਸਾਬਕਾ ਕੌਮੀ ਹਾਕੀ ਖਿਡਾਰੀ ਗੁਰਮੀਤ ਸਿੰਘ ਘਵੱਦੀ, ਲਾਲਜੀਤ ਸਿੰਘ ਦਾਦ, ਸਪੂੰਰਨ ਸਿੰਘ ਘਵੱਦੀ, ਮਨਦੀਪ ਸਿੰਘ ਸਰੋਏ, ਜਤਿੰਦਰਪਾਲ ਸਿੰਘ ਦੁਲੇਅ ਆਦਿ ਹੋਰ ਸ਼ਖ਼ਸੀਅਤਾਂ ਅਤੇ ਜਰਖੜ ਹਾਕੀ ਅਕੈਡਮੀ ਦੇ ਖਿਡਾਰੀ ਵੱਡੀ ਗਿਣਤੀ ਵਿਚ ਹਾਜ਼ਰ ਸਨ।




# ਜਰਖੜ ਵਿਖੇ ਮਾਤਾ ਗੁਰਮੀਤ ਕੌਰ ਅਤੇ ਹਾਕੀ ਖਿਡਾਰੀ ਗੁਰਿੰਦਰਪਾਲ ਸਿੰਘ ਵੜੈਚ ਯਾਦਗਾਰੀ ਹਾਕੀ ਲੀਗ ਸ਼ੁਰੂ





**ਲੁਧਿਆਣਾ –** ਜਰਖੜ ਹਾਕੀ ਅਕੈਡਮੀ ਵੱਲੋਂ ਕੌਮੀ ਹਾਕੀ ਖਿਡਾਰੀ ਮਨਵਿੰਦਰ ਸਿੰਘ ਦੀ ਮਾਤਾ ਗੁਰਮੀਤ ਕੌਰ ਅਤੇ ਸਵਰਗੀ ਹਾਕੀ ਖਿਡਾਰੀ ਗੁਰਿੰਦਰਪਾਲ ਸਿੰਘ ਵੜੈਚ ਦੀ ਯਾਦ ਨੂੰ ਸਮਰਪਤ ਜਰਖੜ ਹਾਕੀ ਸਟੇਡੀਅਮ ਵਿਖੇ 7-ਏ-ਸਾਈਡ ਹਾਕੀ ਲੀਗ ਧੂਮ ਧੜੱਕੇ ਨਾਲ ਸ਼ੁਰੂ ਹੋਈ।

ਇਸ ਹਾਕੀ ਲੀਗ ਦੇ ਵਿੱਚ ਸੀਨੀਅਰ ਵਰਗ ਦੀਆਂ 8 ਅਤੇ ਸਬ ਜੂਨੀਅਰ ਵਰਗ ਦੀਆਂ 6 ਟੀਮਾਂ ਹਿੱਸਾ ਲੈ ਰਹੀਆਂ ਹਨ ਇਸ ਰਾਜ ਪੱਧਰੀ ਹਾਕੀ ਲੀਗ ਦਾ ਉਦਘਾਟਨ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਕੀਤਾ । ਅੱਜ ਦੇ ਸੀਨੀਅਰ ਵਰਗ ਦੇ ਮੈਚਾਂ ਵਿੱਚ ਗਿੱਲ ਸਪੋਰਟਸ ਕਲੱਬ ਧਮੋਟ ਨੇ ਗਰੇਵਾਲ ਕਲੱਬ ਕਿਲਾ ਰਾਏਪੁਰ ਨੂੰ 5-2 ਗੋਲਾਂ ਨਾਲ ਹਰਾਇਆ, ਜਦਕਿ ਦੂਸਰਾ ਮੈਚ ਜਰਖੜ ਅਕੈਡਮੀ ਅਤੇ ਬਾਈ ਕੋਚ ਦਰਸ਼ਨ ਸਿੰਘ ਇਲੈਵਨ ਵਿਚਕਾਰ 6-6 ਗੋਲਾਂ ਤੇ ਬਰਾਬਰ ਰਿਹਾ ,ਅੱਜ ਦੇ ਤੀਸਰੇ ਮੈਚ ਵਿੱਚ ਗਿੱਲ ਸਪੋਰਟਸ ਕਲੱਬ ਘਵੱਦੀ ਨੇ ਅਮਰਗੜ ਨੂੰ 7-4 ਗੋਲਾਂ ਨਾਲ ਹਰਾਇਆ।

ਜੂਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਨਨਕਾਣਾ ਪਬਲਿਕ ਸਕੂਲ ਰਾਮਪੁਰ ਛੰਨਾ 6-3 ਗੋਲਾਂ/ ਨਾਲ ਹਰਾਇਆ, ਇਸ ਮੈਚ ਵਿੱਚ ਜਰਖੜ ਵੱਲੋਂ ਮਾਨਵ ਨੇ 4 ਗੁਰਜੋਤ ਅਤੇ ਗੈਵੀ ਨੇ 1-1 ਗੋਲ ਕੀਤਾ ਜਦ ਕਿ ਨਨਕਾਣਾ ਸਾਹਿਬ ਸਕੂਲ ਵੱਲੋਂ ਰਮਨਦੀਪ, ਨਵਦੀਪ, ਮਹਿਕ ਨੇ 1-1 ਗੋਲ ਕੀਤਾ। ਜਦਕਿ ਆਖ਼ਰੀ ਸਬ ਜੂਨੀਅਰ ਮੈਚ ਵਿੱਚ ਅਮਰਗੜ ਸਕੂਲ ਨੇ ਘਵੱਦੀ ਸਕੂਲ ਨੂੰ 8-2 ਗੋਲਾਂ ਨਾਲ ਹਰਾਇਆ । ਜੇਤੂ ਟੀਮ ਵੱਲੋਂ ਅੰਗਦ ਨੇ 5 , ਜਸ਼ਨਦੀਪ ਸਿੰਘ ਨੇ 2 ਹਰਸਿਮਰਨ ਸਿੰਘ ਨੇ 1 ਗੋਲ ਕੀਤਾ ਜਦਕਿ ਘਵੱਦੀ ਵੱਲੋਂ ਇਕਬਾਲ ਸਿੰਘ ਅਤੇ ਅਮਨਬੀਰ ਸਿੰਘ ਨੇ 1-1 ਗੋਲ ਕੀਤਾ । ਇਸ ਮੌਕੇ ਮਨਵਿੰਦਰ ਸਿੰਘ ਮਨੀ, ਗੁਰਸਤਿੰਦਰ ਸਿੰਘ ਪਰਗਟ ,ਗੁਰਦੀਪ ਸਿੰਘ ਟੀਟੂ ਕਿਲਾ ਰਾਇਪੁਰ ,ਰਵਿੰਦਰ ਸਿੰਘ ਕਾਲਾ ਘਵੱਦੀ, ਸੰਪੂਰਨ ਸਿੰਘ ਘਵੱਦੀ ,ਕੁਲਵਿੰਦਰ ਸਿੰਘ ਟੋਨੀ, ਜਤਿੰਦਰਪਾਲ ਸਿੰਘ ਦੁਲੇਅ, ਮਨਜੀਤ ਸਿੰਘ ਮੋਹਲਾ ਖਡੂਰ, ਗੁਰਪੈਰੀਤ ਸਿੰਘ ਘਵੱਦੀ,ਜਗਦੇਵ ਸਿੰਘ ਜਰਖੜ, ਨੋਨਾ ਕਿਲੈਹਾ ਰਾਇਪੁਰ ਅੱਜ ਹੋਰ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ ਇਸ ਲੀਗ ਦੇ ਅਗਲੇ ਗੇੜ ਦੇ ਮੁਕਾਬਲੇ 21 ਜੁਲਾਈ ਦਿਨ ਬੁੱਧਵਾਰ ਨੂੰ ਖੇਡੇ ਜਾਣਗੇ।

****

# ਤੇਲੀਆ

ਮਾਂ ਮੇਰੀ ਨੇ ਗੱਠੜੀ ਬੰਨ ਕੇ ਬੜੇ ਚਾਵਾਂ ਨਾਲ ਫੜਾਈ
ਕੱਤਣ ਬੁਣਨ ਦਾ ਸ਼ੌਂਕ ਮੈਨੂੰ ਤਾਹੀਉਂ ਦਰ ਤੇਰ ਤੇ ਆਈ
ਮੂੰਹੋਂ ਮੰਗੇ ਤੈਨੂੰ ਪੈਸੇ ਦੇਵਾਂ ਤੇਰਾ ਹੋਵੇ ਸਰਦਾਰਾ
ਵੇ ਰੂੰ ਮੇਰ ਪੇਕਿਆਂ ਦੀ ਲਾ ਵੇ ਤੇਲੀਆ ਤਾੜਾ ..

ਪੈਂਡਾ ਕੀਤਾ ਤਿੰਨ ਕੋਹ ਦਾ ਕਿਵੇਂ ਵੇਖ ਮੁੰਡਾ ਮੇਰਾ ਰੋਵੇ
ਸਾਰੇ ਰਾਹ ਮੈਂ ਰਹੀ ਸੋਚਦੀ ਕਿਤੇ ਤੇਲੀ ਨਾ ਘਰ ਹੋਵੇ
ਸੱਚ ਪੁੱਛੇ ਤਾਂ ਚਰਖਾ ਵੀ ਮੈਨੂੰ ਪੁੱਤਾਂ ਵਾਂਗ ਪਿਆਰਾ
ਵੇ ਰੂੰ ਮੇਰੇ ਪੇਕਿਆਂ ਦੀ ਲਾਵੇ ਤੇਲੀਆ ...

ਵੇਖ ਸਾਉਣ ਮਹੀਨਾ ਪੀਂਘ ਝੂਟਣੀ ਖੜੀ ਮੈਂ ਤਰਲੇ ਪਾਵਾਂ
ਰੂੰ ਪਿੰਜ ਵੇ ਬੱਸ ਮੇਰੀ ਤੇ ਤੇਰਾ ਕਦੇ ਨਾ ਅਹਿਸਾਨ ਭੁਲਾਵਾਂ
ਦਿਨ ਖੜ੍ਹੇ ਖੜ੍ਹੇ ਘਰ ਜਾਣਾ ਨਾ ਤੂੰ ਮਿੰਨਤ ਕਰਾਂ ਹੋਰ ਹਾੜਾ
ਵੇ ਰੂੰ ਮੇਰੇ ਪੇਕਿਆਂ ਦੀ ਲਾਵੇ ਤੇਲੀਆ ...

ਸੱਸ ਕਰੇ ਮੇਰੀ ਸਿਫਤਾਂ ਤੇ ਜਦ ਚਰਖਾ ਡਾਹ ਕੇ ਬਹਿੰਦੀ
ਨੀ ਤੇਰੇ ਵਰਗੀ ਨੂੰਹ ਕਿੱਥੇ ਲੱਭਣੀ ਮੈਨੂੰ ਮੁੜ ਮੁੜ ਕਹਿੰਦੀ
ਕਾਹਦੀ ਉਹ ਪੰਜਾਬਣ ਤੇ ਜਿਹੜੀ ਕੰਮ ਨਾ ਜਾਣੇ ਸਾਰਾ
ਵੇ ਰੂੰ ਮੇਰੇ ਪੇਕਿਆਂ ਦੀ ਲਾਵੇ ਤੇਲੀਆ ...

ਪੜ੍ਹੀ-ਲਿਖੀ ਸੀ ਕਰਕੇ ਨਾ ਵਿਸ਼ਵਾਸ ਸਹੁਰੇ ਨੂੰ ਆਇਆ
ਬੜੀ ਹੈਰਾਨੀ ਹੋਈ ਤੇ ਜਦ ਤੰਦ ਤਕਲੇ ਤੇ ਪਾਇਆ
ਬੱਸ ਫੈਸ਼ਨ ਹੀ ਮੁੱਖ ਰੱਖਿਆ ਚਰਖਾ ਰੋਂਦਾ ਫਿਰੇ ਵਿਚਾਰਾ
ਵੇ ਰੂੰ ਮੇਰੇ ਪੇਕਿਆਂ ਦੀ ਲਾਵੇ ਤੇਲੀਆ ....

ਮਾਹੀ ਮੇਰਾ ਪ੍ਰਦੇਸ ਗਿਆ ਉਹਨੇ ਛੁੱਟੀ ਹੈ ਫਿਰ ਆਉਣਾ
ਹੱਥ ਖੱਡੀ ਦਾ ਬਣਿਆ ਸੂਟ ਉਹਨੂੰ ਪਾ ਕੇ ਫਿਰ ਦਿਖਾਉਣਾ
ਨਹੀਂ 'ਦੇਵ ਘੋਲੀਏ' ਵਾਲੇ ਨੂੰ ਦੱਸ ਕੀ ਲਾਊਂ ਮੈਂ ਲਾਰਾ
ਵੇ ਰੂੰ ਮੇਰੇ ਪੇਕਿਆਂ ਦੀ ਲਾਵੇ ਤੇਲੀਆ ਤਾੜਾ।

**– ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764



Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਜੁਲਾਈ ਮਹੀਨੇ ਦੇ ਕਾਸ਼ੀਰਾਮ/ ਬਹੁਜਨ ਮੂਵਮੈਂਟ ਦੇ ਇਤਿਹਾਸਕ ਤੱਥ, ਹਰ ਰੋਜ਼ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਭਾਰਤ ਵਾਸੀਆਂ ਨੂੰ ਕੀ ਕਿਹਾ



ਅਮਨਦੀਪ ਸਿੱਧੂ
94657-54037

**ਭਾਸ਼ਣ :** ਜੁਲਮ ਅਤੇ ਜਾਲਿਮ ਦੇ ਅੰਤ ਲਈ ਕੋਈ ਵੀ ਤਰੀਕਾ ਅਪਣਾਇਆ ਜਾ ਸਕਦਾ ਹੈ।

- ਸਾਹਿਬ ਸ਼੍ਰੀ ਕਾਸ਼ੀਰਾਮ ਜੀ

01 ਜੁਲਾਈ 1991 ਨੂੰ ਮਾਹਿਲਪੁਰ, ਪੰਜਾਬ ਵਿਖੇ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਜੁਲਮ ਅਤੇ ਜਾਲਿਮ ਦੇ ਅੰਤ ਲਈ ਕੋਈ ਵੀ ਤਰੀਕਾ ਅਪਣਾਇਆ ਜਾ ਸਕਦਾ ਹੈ। ਕਿਉਂਕਿ ਅੱਜ ਜੁਲਮ ਅਤੇ ਜਾਲਿਮ ਸੀਮਾ ਤੋਂ ਵੱਧ ਚੁੱਕਾ ਹੈ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ। ਅਗਰ ਸਾਡੀ ਗੱਲ ਸਿੱਧੀ ਉਂਗਲੀ ਨਾਲ ਨਹੀਂ ਬਣਦੀ ਨਜ਼ਰ ਨਹੀਂ ਆਈ ਤਾਂ ਉਹ ਉਂਗਲੀ ਨੂੰ ਟੇਢੀ ਕਰਨਾ ਚ ਕੋਈ ਹਰਜ਼ ਨਹੀਂ ਹੈ।

**ਭਾਸ਼ਣ :-** ਦੁਸ਼ਮਣ ਸ਼ਾਸਕਾਂ ਨੇ ਮੂਲਨਿਵਾਸੀ ਸ਼ੂਦਰਾਂ ਦੇ ਇਤਿਹਾਸ ਛਿਪਣੇ ਦੀ ਕੋਸ਼ਿਸ਼ ਕੀਤੀ।

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**01 ਜੁਲਾਈ 1997** ਨੂੰ ਲਖਨਊ, ਉੱਤਰ ਪ੍ਰਦੇਸ਼ ਨੂੰ ਬਿਜਲੀ ਪਾਸੀ ਮਹਾਰਾਜ ਦੇ ਕਿਲ੍ਹੇ 'ਤੇ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ।

ਸਾਹਿਬ ਜੀ ਨੇ ਕਿਹਾ ਕਿ ਦੁਸ਼ਮਣ ਸ਼ਾਸਕਾਂ ਨੇ ਆਜ਼ਾਦੀ ਦੇ 50 ਸਾਲਾਂ ਵਿੱਚ ਦੇਸ਼ ਦੇ ਮੂਲਨਿਵਾਸੀ ਸ਼ੂਦਰਾਂ ਦੇ ਇਤਿਹਾਸ ਛਿਪਣੇ ਦੀ ਕੋਸ਼ਿਸ਼ ਕੀਤੀ ਇਸ ਅਸਲ ਇਤਿਹਾਸ ਨੂੰ ਜਾਣਨੇ ਅਤੇ ਖੋਜਣ ਲਈ ਭਾਰਤੀਆਂ ਤੋਂ ਜਿਆਦਾ ਦਿਲਚਸਪੀ ਵਿਦੇਸ਼ੀਆ ਨੇ ਲਈ।

**ਭਾਸ਼ਣ :** ਮੋਰਚਾ ਦੀ ਸਰਕਾਰ ਝੂਠੇ ਵਾਅਦਿਆਂ 'ਤੇ ਟਿਕੀ ਹੈ। :- ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**02 ਜੁਲਾਈ** 1990 ਨੂੰ ਲਖਨਊ, ਉੱਤਰ ਪ੍ਰਦੇਸ਼ ਵਿਸ਼ਾਲ ਧਰਨਾ ਪ੍ਰਦਰਸ਼ਨ ਪਨਵਾਰੀ ਕਾਂਡ ਦੇ ਵਿਰੋਧ 'ਚ।

ਪ੍ਰਧਾਨ ਮੰਤਰੀ ਅਤੇ ਸਰਕਾਰ ਬਦਲੀ ਪ੍ਰੰਤੂ ਉਨ੍ਹਾਂ ਦੀ ਨੀਅਤ ਨਹੀਂ ਬਦਲੀ।

**ਭਾਸ਼ਣ:** ਆਗਰਾ ਕਾਂਡ ਸਮਾਜ ਦੇ ਦਾਲਾਲੋਂ ਦੀ ਦੇਣ ਹੈ। ਸਾਹਿਬ ਸ਼੍ਰੀ ਕਾਸ਼ੀਰਾਮ ਜੀ

**03 ਜੁਲਾਈ 1990** ਨੂੰ ਸੰਸਦ ਮਾਰਗ, ਪਟੇਲ ਚੌਕ, ਦਿੱਲੀ ਵਿੱਚ ਵਿਸ਼ਾਲ ਵਿਰੋਧ ਪ੍ਰਦਰਸ਼ਨ।

**ਭਾਸ਼ਣ :** ਬਾਪ ਕਿੰਨਾ ਵੀ ਲਾਇਕ ਕਿਉਂ ਨਾ ਹੋਵੇ ਜੇ ਔਲਾਦ ਨਾਲਾਇਕ ਹੈ ਤਾਂ ਲੋਕ ਬਾਪ ਨੂੰ ਬੁਰਾ ਭਲਾ ਕਹਿਣਗੇ ਹੀ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**04 ਜੁਲਾਈ 2001** ਨੂੰ ਮਹਾਂਰਿਸ਼ੀ ਵਾਲਮੀਕਿ ਤੀਰਥ, ਅੰਮ੍ਰਿਤਸਰ ਵਿਖੇ ਬਾਬਾ ਗਿਆਨ ਨਾਥ ਜੀ ਦੇ ਜਨਮ ਦਿਨ ਮੌਕੇ 'ਤੇ ਸੰਬੋਧਨ ਕੀਤਾ।

ਬਾਪ ਕਿੰਨਾ ਵੀ ਲਾਇਕ ਕਿਉਂ ਨਾ ਹੋਵੇ, ਜੇ ਔਲਾਦ ਨਾਲਾਇਕ ਹੈ ਤਾਂ ਲੋਕ ਤੁਹਾਡੇ ਲਾਇਕ ਬਾਪ ਨੂੰ ਵੀ ਬੁਰਾ ਭਲਾ ਕਹਿਣਗੇ ਹੀ।

ਸਾਹਿਬ ਨੇ ਅਤੀਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੇਰੇ ਅੰਦੋਲਨ ਚਲਾਉਣ ਤੋਂ ਪਹਿਲਾਂ ਇਸ ਮੁਲਕ ਦੀ ਹਰ ਸਿਆਸੀ ਪਾਰਟੀ ਤੇ

ਮਨੂੰਵਾਦੀ ਸਿਸਟਮ ਬਾਬਾ ਸ਼ਾਮਿਲ ਹਨ। ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਅੰਗਰੇਜ਼ਾਂ ਦਾ ਪਿੱਠੂ ਕਹਿਕੇ ਬੁਲਾਉਂਦੇ ਸੀ। ਪਰ ਜਦ ਸਾਡੀ ਮੂਵਮੈਂਟ ਨੇ ਲੀਡਰਸ਼ਿਪ ਦੀ ਤਾਕਤ ਫੜੀ ਤੇ ਅਸੀਂ ਆਪਣੇ ਅੰਦਰ ਲਾਇਕੀ ਪੈਦਾ ਕੀਤੀ ਤਾਂ ਫਿਰ ਉਹਨਾਂ ਮਨੂੰਵਾਦੀ ਲੋਕਾਂ ਨੂੰ

ਸਾਡੀ ਲੋਕ ਜਦ ਸਿਰ ਲਾਇਕੀ ਵੇਖਕੇ ਬਾਬਾ ਸਾਹਿਬ ਨੂੰ ਭਾਰਤ ਰਤਨ ਨਾਲ ਨਿਵਾਜਣਾ ਪਿਆ।

ਜੇ ਮੈਂ ਗੱਡੀ ਦੀਆਂ ਚਾਬੀਆਂ ਭੇਟ ਕਰ ਦਿੱਤੀਆਂ ਤਾਂ ਲੋਕਾਂ 'ਚ ਅਫਵਾਹ ਫੈਲ ਜਾਣੀ ਹੈ ਕਿ ਕਾਂਸ਼ੀ ਰਾਮ ਤਾਂ ਸੰਤਾਂ ਨੂੰ ਗੱਡੀਆਂ ਵੰਡਦਾ ਫਿਰਦਾ ਹੈ।"

ਸਾਡਾ ਸੰਘਰਸ਼ ਬਾਹਮਣ ਦੇ ਖਿਲਾਫ਼ ਨਹੀਂ ਹੈ, ਉਸਦੀ ਗੈਰ - ਬਰਾਬਰੀ ਸੋਚ ਦੇ ਖ਼ਿਲਾਫ਼ ਹੈ। ਕਿਉਂਕਿ ਬਾਹਮਣਵਾਦ ਦੇ ਗੰਦੇ ਸ੍ਹਾਹ ਨੇ ਸਾਰੇ ਵਾਤਾਵਰਨ ਨੂੰ ਦੂਸਿਤ ਕੀਤਾ ਹੋਇਆ ਹੈ। ਇਸ ਕਰਕੇ ਸਾਨੂੰ ਉਨ੍ਹਾਂ ਤੇ ਨਿਰਭਰ ਹੋਣ ਦੀ ਬਜਾਏ, ਆਪਣੇ ਆਪ ਨੂੰ ਸੁਧਾਰਨਾ ਹੋਵੇਗਾ।

**ਭਾਸ਼ਣ :** ਅਰਜਣ ਸਿੰਘ ਜਦੋਂ ਸਿਟੀ ਬਜਾਦਾ ਹੈ ਤਾਂ ਬਰਨਾਲਾ ਸਿੱਧਾ ਦਿੱਲੀ ਦੌੜ ਕੇ ਚੱਲੇ ਆਉਂਦਾ ਹੈ।

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**05 ਜੁਲਾਈ** 1986 ਨੂੰ ਬਾਮਸੇਫ ਪੀ. ਜੀ. ਆਈ. ਇਕਾਈ ਚੰਡੀਗੜ, ਭਾਰਗਵਾ ਔਡੀਟੋਰੀਅਮ ਵਿਖੇ ਸ਼ਿੱਖਿਆ ਦਿਵਸ ਸਮਾਰੋਹ ਆਯੋਜਿਤ ਨੂੰ ਸੰਬੋਧਨ ਕੀਤਾ।

ਪੰਜਾਬ ਦੇ ਚਮਾਰ ਲੱਗਭਗ ਸਵਾ ਸਾਲ ਮੰਨੂਵਾਦੀਆ ਦੇ ਹੱਥਾਂ ਚ ਖੇਲ ਦੇ ਰਹੇ।

**ਭਾਸ਼ਣ:** ਆਗਰਾ ਦਾ ਕਾਂਡ ਜਾਤੀਗਤ ਘੱਟ ਰਾਜਨੀਤਕ ਜ਼ਿਆਦਾ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**06 ਜੁਲਾਈ 1990** ਨੂੰ ਆਗਰਾ ਕੈਂਟ ਰੇਲਵੇ ਸਟੇਸ਼ਨ 'ਤੇ ਜਨਸਭਾ ਨੂੰ ਸੰਬੋਧਨ ਕੀਤਾ ਤਾਂ ਪੂਰਾ ਤੋਲੇਗਾ ਲਾਲ ਕਿਲ੍ਹੇ ਤੋਂ ਬੈਠੇਗਾ।

ਬਾਬਾ ਸਾਹਿਬ ਦੁਆਰਾ ਦਿੱਤੇ ਗਏ ਹਥਿਆਰ(ਵੋਟ) ਦਾ ਸਹੀ ਇਸਤੇਮਾਲ ਨਹੀਂ ਕੀਤਾ।

ਸ਼ਕਤੀਸ਼ਾਲੀ ਲੋਕਾਂ ਤੇ ਕਦੇ ਜੁਲਮ ਨਹੀਂ ਹੁੰਦਾ।

**ਭਾਸ਼ਣ:** ਰਾਜਸਥਾਨ ਨੂੰ ਵੀ ਕਾਮਯਾਬ ਬਣਨਾ ਹੈ - ਵੋਟ ਹਮਾਰਾ ਰਾਜ ਤੁਮਾਰਾ ਨਹੀਂ ਚੱਲੇਗਾ, ਨਹੀਂ ਚੱਲੇਗਾ

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**06 ਜੁਲਾਈ 1997** ਨੂੰ ਅਲਵਰ, ਰਾਜਸਥਾਨ, ਕੰਪਨੀ ਬਾਗ ਮੈਦਾਨ ਸੈਵਮਾਨ ਰੈਲੀ ਨੂੰ ਸੰਬੋਧਨ ਕੀਤਾ।

ਦਲਿਤਾਂ, ਪਿਛੜੇ ਅਤੇ ਅਲਪ ਸੰਖਿਅਕ ਆਦਿ ਨੂੰ ਨਾਲ ਲੈਕੇ ਬਹੁਜਨ ਸਮਾਜ ਦੀ ਸਥਾਪਨਾ ਕਰਨੀ ਅਤੇ ਦੇਸ਼ ਦੀ ਸ਼ਾਸ਼ਨ ਵਿਵਸਥਾ ਨੂੰ ਆਪਣੇ ਹੱਥਾਂ ਚ ਲੈਣਾ ਤਾਂ ਕਿ ਸਾਦੀਆਂ ਤੋਂ ਚੱਲ ਰਹੀ ਮਨੂੰਵਾਦੀ ਸਮਾਜਿਕ ਵਿਵਸਥਾ ਦਾ ਅੰਤ ਕੀਤਾ ਜਾ ਸਕੇ।

**ਭਾਸ਼ਣ:** ਬਹੁਜਨ ਸਮਾਜ ਪਾਰਟੀ ਦਾ ਅੰਤਿਮ ਉਦੇਸ਼ ਵਿਵਸਥਾ ਪਰਿਵਰਤਨ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**06 ਜੁਲਾਈ 1998** ਨੂੰ ਟਾਈਮ ਆਫ ਇੰਡੀਆ 'ਚ ਪ੍ਰਕਾਸ਼ਿਤ ਹੋਈ।

**ਭਾਸ਼ਣ:** ਛੱਤੀਸ਼ਗੜ੍ਹ ਹੁਣ ਬਹੁਜਨ ਸਮਾਜ ਪਾਰਟੀ ਦਾ ਗੜ੍ਹ ਹੋਵੇਗਾ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**07 ਜੁਲਾਈ 1993** ਨੂੰ ਛੱਤੀਸ਼ਗੜ੍ਹ ਨਹਿਰੂ ਚੌਕ ਵਿਖੇ ਵਿਸ਼ਾਲ ਆਮਸਭਾ ਨੂੰ ਸੰਬੋਧਨ ਕੀਤਾ।

**ਭਾਸ਼ਣ:** ਉਹ ਦਿਨ ਦੂਰ ਨਹੀਂ, ਜਦੋਂ ਬਹੁਜਨ ਸਮਾਜ ਮੰਗਣੇ ਵਾਲਾ ਨਹੀਂ ਦੇਣੇ ਵਾਲਾ ਸਮਾਜ ਹੋਵੇਗਾ।

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**07 ਜੁਲਾਈ 1997** ਨੂੰ ਹਿਮਾਚਲ, ਊਨਾ ਸੀਨੀਅਰ ਸੈਕੰਡਰੀ ਸਕੂਲ ਦੇ ਮੈਦਾਨ ਵਿੱਚ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ।

ਬਹੁਜਨ ਸਮਾਜ ਹੁਣ ਆਪਣੇ ਹਿੱਤ ਪ੍ਰਤੀ ਜਾਗ ਰਿਹਾ ਹੈ।

**ਭਾਸ਼ਣ :** ਬਹੁਜਨ ਸਮਾਜ ਆਪਣੇ ਮਹਾਪੁਰਸ਼ਾਂ ਦਾ ਅਪਮਾਨ ਨਹੀਂ ਸਕੇਗਾ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**07 ਜੁਲਾਈ 1999** ਨੂੰ ਉੱਤਰ ਪ੍ਰਦੇਸ਼, ਜ਼ਿਲਾ ਵਰੇਲੀ ,ਨਹਿਰੂ ਯੁਵਾ ਕੇਂਦਰ ਗਰਾਊਂਡ ਤੇ ਮਹਾਤਮਾ ਜੋਤੀਬਾ ਫੂਲੇ ਵਿਸ਼ਵਵਿਲਿਆਲੇ ਦੇ ਨਾਮ ਬਦਲ ਦੇ ਵਿਰੋਧ ਚ ਧਰਨਾ ਪ੍ਰਦਰਸ਼ਨ ਨੂੰ ਸੰਬੋਧਨ ਕੀਤਾ।

**ਭਾਸ਼ਣ:** ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦਿੱਲੀ ਵਿੱਚ ਸਾਡੀ ਸਰਕਾਰ ਬਣੇਗੀ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**08 ਜੁਲਾਈ 1993** ਨੂੰ ਮੱਧ ਪ੍ਰਦੇਸ਼, ਰਾਏਪੁਰ ਪਾਰਟੀ ਦਫ਼ਤਰ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਹੋਏ।

**ਭਾਸ਼ਣ :** 20ਵੀਂ ਸਦੀ ਦੇ ਅੰਤ ਤੱਕ ਬਸਪਾ ਇਕ ਪਾਸੇ ਅਤੇ ਸਾਰੀ ਮਨੂੰਵਾਦੀ ਦਲ ਦੂਸਰੇ ਪਾਸੇ ਹੋਣਗੇ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**08 ਜੁਲਾਈ 1996** ਨੂੰ ਨਵੀਂ ਦਿੱਲੀ, ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ।

ਮੈਂ ਬਹੁਜਨ ਸਮਾਜ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਦੇ ਲਈ ਤਿਆਰ ਕਰ ਰਿਹਾ ਹਾਂ।

**ਭਾਸ਼ਣ:** ਅਸੀਂ ਆਗਾਮੀ ਚੋਣਾਂ ਦੇ ਬਾਅਦ ਸੱਤਾ ਵਿੱਚ ਹਿ-ਸੇਦਾਰੀ ਚਾਹੀਦੇ ਹਾਂ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**09 ਜੁਲਾਈ 1989** ਨੂੰ ਉੜੀਸਾ, ਭੁਵਨੇਸ਼ਵਰ ਵਿਖੇ ਉੜੀਸਾ ਸ਼ਾਖਾ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਸਮਾਰੋਹ ਨੂੰ ਵੀ ਕੀਤਾ।

ਪਿਛੜੇ ਵਰਗਾਂ ਦੀ ਸੱਮਸਿਆਵਾਂ ਦਾ ਨਿਪਟਾਰਾ ਕਰਨ ਲਈ ਬਹੁਜਨ ਸਮਾਜ ਪਾਰਟੀ ਦਾ ਸੱਤਾ ਚ ਆਉਣਾ ਬਹੁਤ ਜਰੂਰੀ ਹੈ।

**ਭਾਸ਼ਣ:** ਪੜੇ ਲਿਖੇ ਕਰਮਚਾਰੀ ਆਪਣੇ ਨਾਲ ਸਮਾਜ ਨੂੰ ਵੀ ਸੁਧਾਰੇ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**09 ਜੁਲਾਈ 1989** ਨੂੰ ਉੜੀਸਾ, ਭੁਵਨੇਸ਼ਵਰ ਵਿਖੇ ਉੜੀਸਾ ਸ਼ਾਖਾ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਸਮਾਰੋਹ ਨੂੰ ਵੀ ਕੀਤਾ।

ਪਿਛੜੇ ਵਰਗਾਂ ਦੀ ਸੱਮਸਿਆਵਾਂ ਦਾ ਨਿਪਟਾਰਾ ਕਰਨ ਲਈ ਬਹੁਜਨ ਸਮਾਜ ਪਾਰਟੀ ਦਾ ਸੱਤਾ ਚ ਆਉਣਾ ਬਹੁਤ ਜਰੂਰੀ ਹੈ।

**ਭਾਸ਼ਣ:** ਲੰਗੜੀ ਸਰਕਾਰ ਕੋਈ ਵੱਡਾ ਕੰਮ ਨਹੀਂ ਕਰ ਪਾਏਗੀ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

**09 ਜੁਲਾਈ 1990** ਨੂੰ ਮੱਧ ਪ੍ਰਦੇਸ਼, ਭੋਪਾਲ ਵਿਖੇ ਵਿਸ਼ਾਲ ਪ੍ਰਦਰਸ਼ਨ।

ਸੱਤਾ ਪਰਿਵਰਤਨ ਚ ਬੀ.ਐੱਸ.ਪੀ ਦਾ ਵੱਡਾ ਹੱਥ ਹੋਵੇਗਾ।

**ਭਾਸ਼ਣ:** ਬਹੁਜਨ ਸਮਾਜ ਹੀ ਦੇਸ਼ ਦੀ ਇਕਮਾਤਰ ਸ਼ਕਤੀ ਹੈ।

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**09 ਜੁਲਾਈ 1998** ਨੂੰ ਨਵੀਂ ਦਿੱਲੀ, ਤ੍ਰਿਲੋਕਪੁਰੀ ਵਿਖੇ ਪ੍ਰੋਗਰਾਮ ਨੂੰ ਸੰਬੋਧਨ ਕੀਤਾ।

ਦਿੱਲੀ ਚ ਬਹੁਜਨ ਸਮਾਜ ਇਕ ਪਿਛਲੱਗੂ ਸਮਾਜ ਹੈ।

**ਭਾਸ਼ਣ:** ਸਾਦੀਆਂ ਤੋਂ ਤੋੜੇ ਗਏ ਕਰੋੜਾਂ ਲੋਕਾਂ ਨੂੰ ਜੋੜਨਾ ਆਸਾਨ ਨਹੀਂ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**10 ਜੁਲਾਈ 1987** ਨੂੰ ਉੱਤਰ ਪ੍ਰਦੇਸ਼, ਬਿਜਨੌਰ ਵਿਖੇ ਅਫਜਲਗੜ ਜਨਪਦ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।

ਭਾਸ਼ਣ: ਬਹੁਜਨ ਸਮਾਜ ਨੂੰ ਨਾ ਵਿਕਣੇ ਵਾਲਾ ਸਮਾਜ ਬਣਨਾ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**10 ਜੁਲਾਈ 1994** ਨੂੰ ਉੱਤਰ ਪ੍ਰਦੇਸ਼, ਲਖਨਊ ਦਲ ਬਦਲ ਵਿਰੋਧੀ ਰੈਲੀ ਨੂੰ ਸੰਬੋਧਨ ਕੀਤਾਂ।

ਜਾਨਵਰਾਂ ਦੀ ਤਰ੍ਹਾਂ ਵਿਕਣੇ ਵਾਲੇ ਜਨਪ੍ਰਤੀਨਿਧੀ ਨੂੰ ਸਬਕ ਸਿਖਣੇ ਦੇ ਲਈ ਬਹੁਜਨ ਸਮਾਜ ਨੂੰ ਤਿਆਰ ਰਹਿਣਾ ਚਾਹੀਦਾ ਹੈ।

ਭਾਸ਼ਣ: ਮੁਲਾਇਮ ਸਿੰਘ ਹੁਣ ਸੁਪਨੇ ਵਿੱਚ ਵੀ ਬਸਪਾ ਨੂੰ ਤੋੜਨੇ ਬਾਰੇ ਨਹੀਂ ਸੋਚੇਗਾ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**11 ਜੁਲਾਈ 1994** ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

**ਭਾਸ਼ਣ:** ਬਸਪਾ 'ਚ ਹੀ ਜਾਦਵ ਸਮਾਜ ਦਾ ਹਿੱਤ ਸ਼ੁਕਰਸ਼ਿੱਤ।

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**11 ਜੁਲਾਈ 1995** ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਬੇਗਮ ਹਜਰਤ ਮਹਲ ਪਾਰਕ ਵਿਖੇ ਵਿਸ਼ਾਲ ਜਾਦਵ ਸਮਾਜ ਸੰਮੇਲਨ ਨੂੰ ਸੰਬੋਧਨ ਕੀਤਾ।

ਮੈਂ ਅਖਬਾਰਾਂ ਦੇ ਮਾਧਿਅਮ ਤੋਂ ਨਹੀਂ ਬਲਕਿ ਸੈਵ ਜਨਤਾ ਦੇ ਵਿੱਚ ਪੁਹੰਚਕਰ ਆਪਣੀ ਗੱਲ ਕਹਿਣ ਚ ਵਿਸ਼ਵਾਸ ਰੱਖਦਾ ਹਾਂ।

**ਭਾਸ਼ਣ:** ਅਸੀਂ ਬਰਾਬਰ ਅੱਗੇ ਵੱਧਦੇ ਜਾ ਰਹੇ ਹਾਂ।

:- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**12 ਜੁਲਾਈ 1981** ਨੂੰ ਬਾਮਸੇਫ ਸੰਮੇਲਨ ਮੱਧ ਪ੍ਰਦੇਸ਼, ਭੋਪਾਲ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦੇ ਹੋਏ।

**ਭਾਸ਼ਣ :** ਮੰਗਣਾ ਛੱਡ ਕੇ ਹਾਸਿਲ ਕਰ ਕੇ ਦੇਣ ਵਾਲਾ ਬਣਾਉਣ : ਸਾਹਿਬ ਸ੍ਰੀ ਕਾਂਸ਼ੀਰਾਮ ਜੀ।

**13 ਜੁਲਾਈ 2000** ਨੂੰ ਰਾਜਸਥਾਨ , ਜੈਪੁਰ , ਐੱਸ.ਐੱਸ . ਜੀ ਪਾਰੀਕ ਕਾਲਜ , ਸਿੰਧੀ ਕੈਂਪ ਬੱਸ ਸਟੈਂਡ ਦੇ ਪਿੱਛੇ ਪਰ-ਜਾਪਤੀ , ਕੁਮਹਾਰ ਸਮਾਜ ਸੰਮੇਲਨ ਆਯੋਜਿਤ ਕੀਤਾ ਗਿਆ।

**ਭਾਸ਼ਣ :** ਹੁਣ ਦੇਸ਼ ਦਾ ਕਾਰੋਬਾਰ ਫੂਲੇ - ਸ਼ਾਹੂ - ਅੰਬੇਡਕਰ ਦੀ ਵਿਚਾਰਧਾਰਾ ਦੇ ਆਧਾਰ 'ਤੇ ਹੀ ਚੱਲੇਗਾ।

- ਸਾਹਿਬ ਸ੍ਰੀ ਕਾਂਸ਼ੀਰਾਮ ਜੀ।

**13 ਜੁਲਾਈ 2003** ਨੂੰ ਮਹਾਰਾਸ਼ਟਰ, ਨਾਗਪੁਰ, ਕਸਤੂਰਚੰਦਨ ਪਾਰਕ ਮੈਦਾਨ 'ਚ ਵਿਸ਼ਾਲ ਸਭਾ ਅਯੋਜਿਤ ਕੀਤੀ ਗਈ।

**ਭਾਸ਼ਣ:** ਬਾਬਾ ਸਾਹਿਬ ਅਤੇ ਸੰਤ ਰਵਿਦਾਸ ਦੇ ਮਿਸ਼ਨ ਨੂੰ ਅੱਗੇ ਵਧਾਉਣ ਜਰੂਰੀ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**14 ਜੁਲਾਈ 1980** ਨੂੰ ਚੰਡੀਗੜ੍ਹ, ਸੈਕਟਰ 22, ਨਹਿਰੂ ਪਾਰਕ ਵਿਖੇ ਅੰਬੇਡਕਰ ਮੇਲਾ ਆਯੋਜਿਤ ਕੀਤਾ ਗਿਆ।

ਸਾਹਿਬ ਸ਼੍ਰੀ ਕਾਸ਼ੀਰਾਮ ਜੀ ਨੇ ਚਲਦੇ ਫਿਰਦੇ ਅੰਬੇਡਕਰ ਮੇਲੇ ਦੇ ਬਾਰੇ ਚੰਨਣਾ ਪਾਇਆ।

**ਭਾਸ਼ਣ:** ਬਹੁਜਨ ਸਮਾਜ ਪਾਰਟੀ ਸਤਿਕਾਰਯੋਗ ਪਾਰਟੀ ਬਣਨੇ ਦੀ ਕੋਸ਼ਿਸ਼ ਕਰੇਗਾ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

15 ਜੁਲਾਈ 1995 ਨੂੰ ਉੱਤਰ ਪ੍ਰਦੇਸ਼, ਮੇਰਠ ਵਿਖੇ ਗੁੱਜਰ ਸਮਾਜ ਸੰਮੇਲਨ ਨੂੰ ਸੰਬੋਧਨ ਕੀਤਾ।

ਬਹੁਜਨ ਸਮਾਜ ਪਾਰਟੀ ਸਤਿਕਾਰਯੋਗ ਪਾਰਟੀ ਬਣਨੇ ਦੀ ਕੋਸ਼ਿਸ਼ ਕਰੇਗੀ।

**16 ਜੁਲਾਈ 1998** ਨੂੰ ਭਾਰਤ ਦੇ ਰਾਸ਼ਟਰਪਤੀ ਕੇ. ਆਰ. ਨਰਾਇਣ ਜੀ ਨੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਯਾਦ 'ਚ ਉਸਾਰੇ ਗੇਟ ਦਾ ਉਦਘਾਟਨ ਕੀਤਾ ਸੀ। ਜਿਸ ਦਿਨ ਉ-ਦਘਾਟਨ ਹੋਣਾ ਸੀ ਸੰਤ ਰਾਮਾਨੰਦ ਜੀ ਆਪ ਜਿਪਸੀ ਚਲਾ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਲਖਨਊ ਦੇ ਏਅਰਪੋਰਟ ਤੋਂ ਗੁਰੂ ਰਵਿਦਾਸ ਮੰਦਿਰ ਤੱਕ ਲੈ ਕੇ ਆਏ ਸਨ।

**ਭਾਸ਼ਣ :** ਸਾਡੀ ਪਾਰਟੀ ਔਰਤਾਂ ਨੂੰ 33 % ਦੀ ਵਜਾਏ 50% ਆਕਰਸ਼ਣ ਦੇਣ ਦੀ ਪੱਖ ਵਿੱਚ ਹੈ ਬੇਸ਼ਰਤ :

- ਸਾਹਿਬ ਸ੍ਰੀ ਕਾਂਸ਼ੀਰਾਮ ਜੀ।

**16 ਜੁਲਾਈ 2000** ਨੂੰ ਮਹਾਰਾਸ਼ਟਰ , ਮੁੰਬਈ ਗੋਰੇਗਾਂਵ ਵਿਖੇ ਤੋਂ ਬੀਜੇਪੀ ਸਰਕਾਰ ਵੱਲੋਂ ਸੰਵਿਧਾਨ ਸਮੀਖਿਆ ਦੇ ਵਿਰੋਧ ਵਿੱਚ ਰਾਸ਼ਟਰਵਿਆਪੀ ਅੰਦੋਲਨ ਸ਼ੁਰੂ ਕੀਤਾ।

**ਭਾਸ਼ਣ:** ਬਸਪਾ ਕਿਸੇ ਦੇ ਛੜਅੰਤਰ ਨਾਲ ਰੁਕਣੇ ਵਾਲੀ ਨਹੀਂ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**17 ਜੁਲਾਈ 1996** ਨੂੰ ਉੱਤਰ ਪ੍ਰਦੇਸ਼, ਕਾਨਪੁਰ ਵਿਖੇ ਹਲੀਮ ਕਾਲਜ ਦੇ ਡਾਇਮੰਡ ਜੁਬਲੀ ਸਮਾਰੋਹ ਦੌਰਾਨ ਸੰਬੋਧਨ ਕੀਤਾ।

ਮੁਸਲਿਮ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਕਾਨਪੁਰ ਦੇ ਸਮਾਰੋਹ ਵਿੱਚ ਨਹੀਂ ਗਿਆ ਕਿਉਂਕਿ ਮੁਲਾਇਮ ਸਿੰਘ ਯਾਦਵ ਉੱਥੇ ਦੰਗਾ ਕਰਾਉਣੇ ਦੇ ਲਈ ਆਪਣੇ ਲੋਕਾਂ ਨੂੰ ਉਕਸਾ ਕੇ ਆਇਆ ਸੀ ਉੱਥੇ ਗੋਲੀ ਚਲਾਣੇ 'ਤੇ ਹੀ ਨਿਪਟਾ ਜਾ ਸਕਦਾ ਹੈ।

**ਭਾਸ਼ਣ:** ਸਾਡਾ ਨਿਸ਼ਾਨਾ ਭੱਟੀ ਨਹੀਂ, ਭੱਟਾ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ 18 ਜੁਲਾਈ 1989 ਨੂੰ ਵੋਟ ਕਲੱਬ, ਦਿੱਲੀ ਤੇ ਸੰਕੇਤਿਕ ਪ੍ਰਦਰਸ਼ਨ, ਲਾਲਾ ਕਿਲ੍ਹੇ ਮੈਦਾਨ 'ਤੇ ਮੰਡਲ ਅਯੋਗ ਰਿਪੋਰਟ ਨੂੰ ਲਾਗੂ ਕਰਨੇ ਦੇ ਲਈ ਜਨਸਮੂਹ ਨੂੰ ਸੰਬੋਧਨ ਕੀਤਾ।

**ਭਾਸ਼ਣ:** ਬਸਪਾ ਕਿਸੇ ਦੇ ਛੜਅੰਤਰ ਨਾਲ ਰੁਕਣੇ ਵਾਲੀ ਨਹੀਂ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**18 ਜੁਲਾਈ 1996** ਨੂੰ ਉੱਤਰ ਪ੍ਰਦੇਸ਼, ਕਾਨਪੁਰ ਵਿਖੇ ਹਲੀਮ ਕਾਲਜ ਦੇ ਡਾਇਮੰਡ ਜੁਬਲੀ ਸਮਾਰੋਹ ਦੌਰਾਨ ਸੰਬੋਧਨ ਕੀਤਾ।

ਮੁਸਲਿਮ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਕਾਨਪੁਰ ਦੇ ਸਮਾਰੋਹ ਵਿੱਚ ਨਹੀਂ ਗਿਆ ਕਿਉਂਕਿ ਮੁਲਾਇਮ ਸਿੰਘ ਯਾਦਵ ਉੱਥੇ ਦੰਗਾ ਕਰਾਉਣੇ ਦੇ ਲਈ ਆਪਣੇ ਲੋਕਾਂ ਨੂੰ ਉਕਸਾ ਕੇ ਆਇਆ ਸੀ ਉੱਥੇ ਗੋਲੀ ਚਲਾਣੇ 'ਤੇ ਹੀ ਨਿਪਟਾ ਜਾ ਸਕਦਾ ਹੈ।

ਜਦੋਂ ਤੱਕ ਗੁੰਡਾਗਰਦੀ ਦਾ ਵੱਡਵਾ ਦੇਣੇ ਵਾਲੇ ਮੁਲਾਇਮ ਸਿੰਘ ਯਾਦਵ ਜਨਤਾ ਦਲ ਦੇ ਨਾਲ ਰੇਹਗਾ, ਤਦ ਤੱਕ ਜਨਤਾ ਦਲ ਨਾਲ ਬਸਪਾ ਦਾ ਗਠਜੋੜ ਨਹੀਂ ਹੋ ਸਕੇਗਾ।;

**19 ਜੁਲਾਈ 1982** ਨੂੰ ਬਹੁਜਨ ਸੰਗਠਨ ਅੰਕ ਚ ਪ੍ਰਕਾਸ਼ਿਤ ਗ੍ਰਾਫ, ਚਾਰਟ ਅਤੇ ਅੰਕੜੇ ਅੱਛੀ ਤਰਾਂ ਦਿੱਤੇ ਗਏ।

**ਭਾਸ਼ਣ :** ਆਪਣੇ ਬਲਬੂਤੇ 'ਤੇ ਅੰਦੋਲਨ ਨੂੰ ਸਫਲ ਬਣਾਉਣਾ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**19 ਜੁਲਾਈ** 1991 ਨੂੰ ਹਰਿਆਣਾ, ਜਗਾਧਰੀ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।

**ਭਾਸ਼ਣ :** ਬਹੁਜਨ ਸਮਾਜ ਹੁਣ ਡਰ ਡਰ ਕੇ ਜੀਉਣ ਛੱਡ ਦੇਵੇ ਅਤੇ ਆਪਣੀ ਸ਼ਕਤੀ ਨੂੰ ਪਹਿਚਾਣੇ। :

- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**21 ਜੁਲਾਈ 1998** ਨੂੰ ਦਿੱਲੀ ਵਿਭਿੰਨ ਕਾਲੋਨੀਆਂ ਵਿਖੇ ਬਸਪਾ ਝੰਡਾ ਲਹਿਰਾਉਣਾ ਸਮਾਰੋਹ ਨੂੰ ਸੰਬੋਧਨ ਕੀਤਾ।

ਭਾਸ਼ਣ :- ਸਾਡਾ ਹੁਣ ਤੱਕ ਦਾ ਸੰਘਰਸ਼ ਬਹੁਜਨ ਸਮਾਜ ਨੂੰ ਮਜ਼ਬੂਤ ਸਮਾਜ ਬਣਾਏ ਦਾ ਰਿਹਾ। :

- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**23 ਜੁਲਾਈ** 1996 ਨੂੰ ਨਵੀਂ ਦਿੱਲੀ ਵਿਖੇ ਬਸਪਾ ਵਰਕਰਾਂ ਦੀ ਬੈਠਕ ਨੂੰ ਸੰਬੋਧਨ ਕੀਤਾ।

ਬਹੁਜਨਾਂ ਨੂੰ ਸਾਵਧਾਨ ਕਰਨੇ ਦੇ ਲਈਸਾਵਧਾਨ ਰੈਲੀ ਬਾਰੇ ਜਾਣਕਾਰੀ ਦਿੱਤੀ।

ਮਜ਼ਲੂਮਾਂ ਦੀ ਸ਼ਕਤੀ ਬਣਾਕੇ ਜਾਤੀ ਦੇ ਆਧਾਰ 'ਤੇ ਤੋੜੇ ਗਏ ਲੋਕਾਂ ਨੂੰ ਜੋੜਨਾ ਸਾਡਾ ਲਕਸ਼।

**ਭਾਸ਼ਣ:** ਬੀਜੇਪੀ ਸਰਕਾਰ ਦਾ ਪਤਨ 15 ਅਗਸਤ ਤੋਂ ਪਹਿਲਾਂ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**23 ਜੁਲਾਈ 1998** ਨੂੰ ਪੰਜਾਬ, ਜਲੰਧਰ, ਪਿੰਡ ਰਾਏਪੁਰ ਡੇਰਾ ਸੱਚਖੰਡ ਸੰਤ ਸਰਵਣ ਦਾਸ ਬੱਲਾਂ ਵਿਖੇ ਸੰਤ ਗਰੀਬਦਾਸ ਜੀ ਦੀ ਬਰਸੀ ਮੌਕੇ ਸਮਾਰੋਹ ਦੌਰਾਨ ਸੰਬੋਧਨ ਕੀਤਾ।

**24 ਜੁਲਾਈ 1999** ਨੂੰ ਦਿੱਲੀ ਵਿਖੇ ਛੱਤਰਪਤੀ ਸ਼ਾਹੂ ਜੀ ਮਹਾਰਾਜ ਦੇ ਜਨਮ ਦਿਨ ਮੌਕੇ ਵਿਸ਼ਾਲ ਮੇਲਾ ਆਯੋਜਿਤ ਕੀਤਾ ਗਿਆ। ਜਿਸ 'ਚ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਨੇ ਸੰਬੋਧਨ ਕੀਤਾ।

**ਭਾਸ਼ਣ:** ਇਸ ਚੋਣਾਂ ਚ ਸਾਡਾ ਲਕਸ਼ ਹੈ ਬਸਪਾ ਨੂੰ ਰਾਜਨੀਤਕ ਧਰਾਤਲ ਤੇ ਤਸੀਰੇ ਨੰਬਰ ਤੇ ਲੈ ਕੇ ਆਉਣਾ ਹੈ। :

- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

**24 ਜੁਲਾਈ** 1999 ਨੂੰ ਨਵੀਂ ਦਿੱਲੀ, ਮਾਵਲੰਕਰ ਹਾਲ ਵਿਖੇ ਸੈਂਟਰਲ ਐਗਜ਼ਕਿਉਟੀ ਕੋਸ਼ਿਲ ਕਮੇਟੀ ਨੂੰ ਸੰਬੋਧਨ ਕੀਤਾ। ਅਸੀਂ ਆਪਣੇ ਲੋਕਾਂ ਦਾ ਹੌਸਲਾ ਵਧਾਉਣਾ ਹੈ ਅਤੇ ਦੁਸ਼ਮਣ ਦਾ ਹੌਸਲਾ ਗਿਰਾਉਣਾ ਹੈ।

**ਭਾਸ਼ਣ:** ਵਿਸ਼ਵਵਿਲਿਆਲੇ ਦਾ ਨਾਮਕਰਨ ਕਿਸੀ ਸਰਕਾਰ ਦੇ ਲਈ ਬਹੁਤ ਆਸਾਨ ਕੰਮ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

25 ਜੁਲਾਈ 1994 ਨੂੰ ਮਹਾਰਾਸ਼ਟਰ, ਪੂਨੇ ਵਿਖੇ ਭਵਨ, ਸ਼ਿਵਾਜੀ ਨਗਰ ਸੈਮੀਨਾਰ ਨੂੰ ਸੰਬੋਧਨ ਕੀਤਾ।

ਅੱਗਲੇ ਸਾਲ ਤੋਂ ਸ਼ਾਹੂ ਮਹਾਰਾਜ ਦੀ ਜਯੰਤੀ ਮੌਕੇ ਰਾਸ਼ਟਰੀ ਛੁੱਟੀ ਦੀ ਘੋਸ਼ਣਾ ਹੋਵੇਗੀ।

**ਭਾਸ਼ਣ:** ਬਹੁਜਨ ਸਮਾਜ ਦੇ ਲਈ ਆਪਣੇ ਮਹਾਪੁਰਸ਼ਾਂ ਨੂੰ ਯਾਦ ਰੱਖਣਾ ਜ਼ਰੂਰੀ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

**25 ਜੁਲਾਈ** 1999 ਨੂੰ ਨਵੀਂ ਦਿੱਲੀ ਵਿਖੇ ਛੱਤਰਪਤੀ ਸ਼ਾਹੂ ਜੀ ਮਹਾਰਾਜ ਜੀ ਦੀ ਜਯੰਤੀ ਸਮਾਰੋਹ ਦੌਰਾਨ ਸੰਬੋਧਨ ਕੀਤਾ।

ਭਾਸ਼ਣ: ਹੁਣ ਲੱਖਦੇ ਰਹੇਗੇ ਮਹਾਪੁਰਸ਼ਾਂ ਦੇ ਸਨਮਾਨ ਵਿੱਚ ਵਿਸ਼ਾਲ ਮੇਲੇ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ।

**25 ਜੁਲਾਈ** 1995 ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਸ਼ਾਹੂ ਮੇਲੇ ਪਰਿਵਰਤਨ ਦੀ ਪਰੰਪਰਾ ਪ੍ਰਦਰਸ਼ਨੀ ਬੇਗਮ ਹਜਰਤ ਪਾਰਕ ਵਿਖੇ ਆਯੋਜਿਤ ਕੀਤਾ ਗਿਆ।

**ਭਾਸ਼ਣ:** ਬਹੁਜਨਾਂ ਨੂੰ ਅਬਾਦੀ ਦੇ ਅਨੁਪਾਤ ਵਿੱਚ ਹਿੱਸੇਦਾਰੀ ਮਿਲੇਗੀ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**26 ਜੁਲਾਈ** 1995 ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਸ਼ਾਹੂ ਮਹਾਰਾਜ ਜਯੰਤੀ ਸਮਾਰੋਹ ਦੌਰਾਨ ਸੰਬੋਧਨ ਕੀਤਾ।

ਕੁਰਮੀ ਸਮਾਜ ਹੁਣ ਤੱਕ ਨੇਤਤੱਵ ਬਹੀਨ ਕਿਉਂ?

**ਭਾਸ਼ਣ:** ਮੰਗਣਵਾਲਾ ਨਹੀਂ, ਦੇਣੇਵਾਲਾ ਸਮਾਜ ਬਣਨਾ ਹੈ।

- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**26 ਜੁਲਾਈ 1996** ਨੂੰ ਮਹਾਰਾਸ਼ਟਰ, ਪੂਨਾ ਵਿਖੇ ਸ਼ਾਹੂ ਮਹਾਰਾਜ ਜਯੰਤੀ ਸਮਾਰੋਹ ਦੌਰਾਨ ਸੰਬੋਧਨ ਕੀਤਾ।

**ਭਾਸ਼ਣ:** ਮਹਾਰਾਸ਼ਟਰ ਦੇ ਲੋਕਾਂ ਨੇ ਬਾਬਾ ਸਾਹਿਬ ਅੰਬੇਡਕਰ ਦੀ ਗੱਲ ਮੰਨੀ ਹੁੰਦੀ ਤਾਂ ਉਨ੍ਹਾਂ ਤੇ ਮਨੂੰਵਾਦੀ ਦੇ ਅੱਤਿਆਚਾਰ ਨਹੀਂ ਹੁੰਦੇ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**(ਬਾਕੀ ਅਗਲੇ ਅੰਕ ਵਿਚ)**

# ਗੁਰਦੁਆਰਾ ਮਾਤਾ ਸੁੰਦਰੀ ਜੀ



ਗੁਰਦਾਸਪੁਰ-ਮੁਕੇਰੀਆਂ ਰੋਡ ਤੋਂ ਲਗਭਗ 7 ਕਿਲੋਮੀਟਰ ਦੂਰੀ 'ਤੇ ਚੜ੍ਹਦੇ ਵੱਲ ਪਿੰਡ ਬਹਾਦਰ ਦੇ ਬਾਹਰਵਾਰ ਬੇਟ ਦੇ ਖੇਤਾਂ ਵਿਚ ਸਥਿਤ ਹੈ ਗੁਰਦੁਆਰਾ ਮਾਤਾ ਸੁੰਦਰੀ ਜੀ। ਇਸ ਪ੍ਰਸਿੱਧ ਇਤਿਹਾਸਕ ਗੁਰਦੁਆਰੇ ਦਾ ਜ਼ਿਕਰ ਜਿੱਥੇ ਇਤਿਹਾਸ ਵਿਚ ਅੰਕਿਤ ਹੋਇਆ ਹੈ, ਉਥੇ ਭਾਈ ਵੀਰ ਸਿੰਘ ਜੀ ਦੇ ਨਾਵਲ ਸੁੰਦਰੀ ਵਿਚ ਮਾਤਾ ਸੁੰਦਰੀ ਜੀ ਦੀ ਜੀਵਨ ਸ਼ੈਲੀ ਤੇ ਅੰਤਿਮ ਜ਼ਿੰਦਗੀ ਤੱਕ ਦਾ ਸੰਘਰਸ਼ ਬੜੀ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ।

ਮਾਤਾ ਸੁੰਦਰੀ ਜੀ ਦੇ ਸੁਭਾਅ ਵਿਚਲੀ ਨਿਮਰਤਾ, ਦ੍ਰਿੜ ਇਰਾਦਾ, ਦ੍ਰਿੜ ਸੰਕਲਪ, ਸੇਵਾ ਭਾਵਨਾ, ਆਤਮ ਬਲ, ਕੁਰਬਾਨੀ ਦੀ ਭਾਵਨਾ ਕੁੱਟ ਕੁੱਟ ਕੇ ਭਰੀ ਹੋਈ ਹੈ। ਉਨ੍ਹਾਂ ਦੇ ਸੁਭਾਅ ਵਿਚ ਬਦਲਾਓ ਉਦੋਂ ਆਇਆ ਜਦੋਂ ਉਨ੍ਹਾਂ ਨੇ ਅੰਮ੍ਰਿਤ ਛਕਿਆ।



ਬਲਵਿੰਦਰ 'ਬਾਲਮ'
91-98156-25409

ਜਿੱਥੇ ਮਾਤਾ ਸੁੰਦਰੀ ਦਾ ਗੁਰਦੁਆਰਾ ਹੈ, ਉਥੇ ਲਗਭਗ 17ਵੀਂ ਸਦੀ ਦੇ ਕਰੀਬ ਬਹੁਤ ਵੱਡਾ ਛੰਭ ਹੁੰਦਾ ਸੀ। ਇਸ ਸਥਾਨ 'ਤੇ ਰਾਮ ਸਿੱਧ ਦੀ ਜਗ੍ਹਾ ਸੀ। ਸੰਘਣੇ ਰੁੱਖਾਂ ਦਾ ਖ਼ਤਰਨਾਕ ਜੰਗਲ ਮੌਜੂਦ ਸੀ। ਲੋਕ ਏਧਰ ਸ਼ਿਕਾਰ ਖੇਡਣ ਆਇਆ ਕਰਦੇ ਸਨ। ਉਸ ਸਮੇਂ ਮੁਗਲ (ਤੁਰਕਾਂ) ਦੇ ਰਾਜ ਦਰਬਾਰ ਅਤੇ ਹਕੂਮਤ ਅਧੀਨ ਚੱਲ ਰਹੇ ਪ੍ਰਸ਼ਾਸ਼ਨ ਵਿਚ ਅਨੈਤਿਕ ਜਨੂੰਨ ਤੇ ਧਾਰਮਿਕ ਕੱਟੜਤਾ ਦਾ ਕਹਿਰ ਬੁਲੰਦੀਆਂ ਛੂੰਹ ਰਿਹਾ ਸੀ। ਵਿਰੋਧੀ ਧਰਮਾਂ ਨਾਲ ਜ਼ਬਰਦਸਤੀਆਂ, ਤਸ਼ੱਦਦ, ਮਨਮਾਨੀਆਂ ਤੇ ਜਨੂੰਨੀ ਅਨੈਤਿਕ ਹਰਕਤਾਂ ਆਮ ਕੀਤੀਆਂ ਜਾਂਦੀਆਂ ਸਨ। ਜ਼ਬਰਦਸਤੀ, ਖ਼ੂਬਸੂਰਤ ਇਸਤਰੀਆਂ (ਲੜਕੀਆਂ) ਨੂੰ ਚੁੱਕ ਕੇ ਲੈ ਜਾਣਾ, ਲੂੰਹ ਕੰਢੇ ਖੜੇ ਕਰ ਦੇਣ ਵਾਲੀਆਂ ਸਜ਼ਾਵਾਂ, ਸ਼ਰਮਨਾਕ ਹਰਕਤਾਂ ਤੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਉਸ ਸਮੇਂ ਦੇ ਜ਼ਾਲਿਮ ਹਾਕਮਾਂ ਅੱਗੇ ਕਿਸੇ ਦੀ ਕੀ ਜ਼ੁਰਰਤ ਸੀ ਕਿ ਚੂੰ ਦੀ ਚਾਂਅ ਵੀ ਕਰ ਸਕੇ? ਵਿਰੋਧੀ ਧਰਮ ਦੀ ਬੇਇੱਜ਼ਤੀ ਕਰਨੀ। ਧਰਮਸ਼ਾਲਾਵਾਂ ਦੀ ਬੇਅਦਬੀ, ਪੋਥੀਆਂ ਸਾੜੀਆਂ ਜਾਣੀਆਂ ਆਦਿ ਬੁਰੇ ਕਰਮ ਕਰਨੇ ਹਾਕਮਾਂ ਦੀ ਫਿਤਰਤ ਵਿਚ ਸ਼ਾਮਲ ਸੀ। ਇਨ੍ਹਾਂ ਹਾਲਾਤਾਂ ਦਾ ਮੁਕਾਬਲਾ ਕਰਨ ਲਈ ਸਿੰਘਾਂ ਦੀ ਜੋਸ਼ ਮਈ ਜੁਝਾਰੂ ਫ਼ੌਜ ਨੇ ਉਸ ਸਮੇਂ ਦੇ ਤੁਰਕੀ ਹਾਕਮਾਂ ਨਾਲ ਲੋਹਾ ਲਿਆ।

ਮਾਤਾ ਸੁੰਦਰੀ ਜੀ ਦੇ ਜੀਵਨ ਬਾਰੇ ਭਾਈ ਵੀਰ ਸਿੰਘ ਜੀ ਦੇ ਨਾਵਲ ਸੁੰਦਰੀ ਵਿਚੋਂ ਲਏ ਗਏ ਕੁਝ ਅੰਸ਼। ਉਸ ਸਮੇਂ ਦੇ ਇਕ ਧਨਾਢ ਹਿੰਦੂ ਸਾਮਾ ਦੀ ਧੀ ਜਿਸਦਾ ਨਾਂ ਸੁਰਸਤੀ ਸੀ ਤੇ ਮੁਕਲਾਵਾ ਹੋਣ ਵਾਲਾ ਸੀ ਉਸਦਾ। ਸੁਰਸਤੀ ਦੀ ਉਸ ਸਮੇਂ ਉਮਰ ਲਗਭਗ ਅਠਾਰਾਂ (18) ਸਾਲ ਸੀ। ਸੁਰਸਤੀ ਤੇ ਸੁੰਦਰਤਾ ਦੀ ਮਿਹਰਬਾਨੀ ਸੀ। ਉਸਦੀ ਖ਼ੂਬਸੂਰਤੀ ਨੂੰ ਵੇਖਦੇ ਹੋਏ ਉਸਨੂੰ ਮੁਗਲ ਚੁੱਕ ਕੇ ਲੈ ਜਾਂਦੇ ਹਨ। ਉਸ ਇਲਾਕੇ ਦੇ ਹਾਕਮ ਦੇ ਇਸ਼ਾਰੇ 'ਤੇ ਸੁਰਸਤੀ ਨੂੰ ਚੁੱਕ ਕੇ ਲੈ ਗਏ ਸਨ। ਸਾਮਾ ਨੇ ਆਪਣੀ ਧੀ ਨੂੰ ਛੁਡਾਉਣ ਲਈ ਕਈ ਹੀਲੇ ਵਸੀਲੇ ਕੀਤੇ। ਹਾਕਮਾਂ ਅੱਗੇ ਤਰਲੇ ਪਾਏ।

ਸੋਨਾ-ਚਾਂਦੀ ਰੁਪਏ ਧਨ ਦੌਲਤ ਦੇਣ ਲਈ ਕਿਹਾ ਪਰ ਹਾਕਮ ਟੱਸ ਤੋਂ ਮੱਸ ਨਾ ਹੋਏ। ਆਖਿਰ ਇਕ ਸਿੰਘ ਬਲਵੰਤ ਸਿੰਘ ਨੇ ਉਨ੍ਹਾਂ ਨੂੰ ਛੁਡਾਉਣ ਦੀ ਯੋਜਨਾ ਬਣਾਈ। ਹਾਕਮਾਂ ਦੀ ਕੈਦ ਵਿਚ ਸੁਰਸਤੀ ਤੇ ਉਸਦਾ ਭਰਾ ਵੀ ਸੀ। ਉਹ ਦੁਆਬੇ ਵਿਚ ਕੈਦ ਸਨ ਤੇ ਲਗਭਗ ਇਕ ਮਹੀਨਾ ਬੰਦ ਰਹੇ। ਆਖਿਰ ਸ. ਸ਼ਾਮ ਸਿੰਘ ਤੇ ਬਲਵੰਤ ਸਿੰਘ ਦੀ ਅਗਵਾਈ ਹੇਠ ਸਿੰਘਾਂ ਦੀ ਲੜਾਈ ਹੋਈ ਤੇ ਸੁਰਸਤੀ ਤੇ ਉਸਦੇ ਭਰਾ ਨੂੰ ਛੁਡਾ ਲਿਆ।

ਉਸ ਸਮੇਂ ਸਿੰਘਾਂ ਨੇ ਭੈਣ ਸੁਰਸਤੀ ਨੂੰ ਬੜਾ ਸਮਝਾਇਆ ਕਿ ਉਹ ਆਪਣੇ ਸਹੁਰਿਆਂ ਘਰ ਆਪਣੇ ਪਤੀ ਕੋਲ ਚਲੀ ਜਾਵੇ ਤੇ ਉਹ ਆਪਣੀ ਜ਼ਿੰਦਗੀ ਨੂੰ ਆਰਾਮ ਨਾਲ ਬਿਤਾਏ। ਪਰ ਸੁਰਸਤੀ ਨੇ ਆਪਣਾ ਮਨ ਬਣਾ ਲਿਆ ਕਿ ਜਿਨ੍ਹਾਂ ਵੀਰਾਂ ਨੇ ਸੀਸ ਤਲੀ 'ਤੇ ਰੱਖ ਕੇ ਮੇਰੀ ਜਾਨ ਬਚਾਈ ਹੈ, ਰਹਿੰਦੀ ਜ਼ਿੰਦਗੀ ਉਨ੍ਹਾਂ ਦੀ ਸੇਵਾ ਵਿਚ ਗੁਜ਼ਾਰਨ ਦਾ ਪ੍ਰਣ ਲੈ ਲਿਆ। ਬੜਾ ਸਮਝਾਵਣ ਦੇ ਬਾਵਜੂਦ ਵੀ ਉਹ ਨਾ ਮੰਨੀ ਤੇ ਆਖਿਰ ਸ. ਸ਼ਾਮ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਸੁਰਸਤੀ ਦਾ ਨਾਂਅ ਸੁੰਦਰ ਕੌਰ ਰੱਖਿਆ ਜੋ ਸੁੰਦਰੀ ਹੋ ਕੇ ਪ੍ਰਸਿੱਧ ਹੋਇਆ। ਜਦਕਿ ਹਿੰਦੂ ਧਰਮ ਦੀ ਧੀ ਸੀ ਸੁਰਸਤੀ।

ਹੁਣ ਭੈਣ ਸੁੰਦਰੀ ਲੰਗਰ ਦੀ ਸੇਵਾ ਕਰਦੀ। ਭਜਨ ਬਾਣੀ ਨਿੱਤ ਨੇਮ ਉਸਦੇ ਜੀਵਨ ਦਾ ਅੰਗ ਬਣ ਗਏ। ਭਰਾਵਾਂ ਦੀ ਸੇਵਾ ਵਿਚ ਮਗਨ ਹੋ ਗਈ। ਉਹ ਲੰਗਰ ਆਦਿ ਸਾਮਾਨ ਖ਼ਰੀਦਣ ਲਈ ਨੇੜੇ ਦੇ ਪਿੰਡਾਂ ਵਿਚ ਵੀ ਚਲੀ ਜਾਂਦੀ ਹੈ। ਅਣਥੱਕ ਮਿਹਨਤ ਦਿਲੋਂ ਕਰਦੀ। ਸੇਵਾ ਭਾਵ ਤੇ ਗੁਰਬਾਣੀ ਦੀ ਸ਼ਰਧਾ ਉਸਦੇ ਤਨ ਮਨ ਤੇ ਰੂਹ ਨਾਲ ਇੱਕ ਮਿੱਕ ਹੋ ਗਈ ਸੀ।

ਉਸ ਸਮੇਂ ਦੇ ਹਾਕਮ ਲਖਪਤ ਰਾਇ ਨੇ ਡਾਢਾ ਹਨੇਰ ਚੁੱਕਿਆ ਹੋਇਆ ਸੀ। ਲਖਪਤ ਰਾਇ ਦਾ ਛੋਟਾ ਭਰਾ ਇਸ ਇਲਾਕੇ ਦਾ ਹਾਕਮ ਸੀ। ਜਿਸਦਾ ਨਾਂਅ ਸੀ ਜਸਪਤ ਰਾਇ। ਸਿੰਘਾਂ ਨੇ ਇਕ ਵੱਡੀ ਲੜਾਈ ਦੌਰਾਨ ਜਸਪਤ ਰਾਇ ਨੂੰ ਮਾਰ ਦਿੱਤਾ। ਭਰਾ ਦਾ ਬਦਲਾ ਲੈਣ ਲਈ ਲਖਪਤ ਰਾਇ ਨੇ ਇਸ ਛੰਭ ਦੇ ਜੰਗਲਮਈ ਇਲਾਕੇ ਵਿਚ ਖ਼ਾਲਸੇ ਦੇ ਲੋਹਮਈ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਦੌਰਾਨ ਭੈਣ ਸੁੰਦਰੀ ਜ਼ਖ਼ਮੀ ਸਿੰਘਾਂ ਦੀ ਸੇਵਾ ਕਰਦੀ। ਤੇ ਹੋਰ ਕਾਰਜਾਂ ਵਿਚ ਸਾਰੇ ਕਾਰਜ ਸੰਭਾਲਦੀ। ਸਿੰਘ ਦੁਸ਼ਮਣ 'ਤੇ ਹਮਲਾ ਕਰਕੇ ਕਾਹਨੂੰਵਾਨ ਦੇ ਸੰਘਣੇ ਛੰਭ ਵਿਚ ਲੁਕ ਜਾਂਦੇ। ਲਖਪਤ ਰਾਇ ਨੇ ਜੰਗਲ ਨੂੰ ਚਾਰੇ ਪਾਸਿਓਂ ਘੇਰ ਕੇ ਅੱਗ ਲਾ ਦਿੱਤੀ। ਉਸ ਕੋਲ ਲਗਭਗ ਇਕ ਲੱਖ ਪੈਦਲ ਫ਼ੌਜ ਤੇ ਤੋਪਖਾਨਾ ਸੀ।

ਇਸ ਭਿਅੰਕਰ ਯੁੱਧ ਵਿਚ ਲਗਭਗ ਵੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੰਘਾਂ ਦੇ ਸ਼ਹੀਦ ਹੋਣ ਦੀ ਗਿਣਤੀ ਅੰਦਾਜਨ ਹੀ ਮਿਲਦੀ ਹੈ। ਇਸੇ ਦੌਰਾਨ ਹੀ ਬੀਬੀ ਸੁੰਦਰੀ ਵੀ ਜ਼ਖ਼ਮੀ ਹੋ ਜਾਂਦੀ ਹੈ। ਉਸਨੇ ਕਈ ਮੁਗਲਾਂ ਦੇ ਦੰਦ ਖੱਟੇ ਕੀਤੇ। ਬਿਜਲਾ ਸਿੰਘ ਤੇ ਮਾਤਾ ਧਰਮ ਕੌਰ ਨੇ ਜ਼ਖ਼ਮੀ ਸੁੰਦਰੀ ਜੀ ਦੀ ਕਾਫ਼ੀ ਸੇਵਾ ਕੀਤੀ। ਪਰ ਮਾਤਾ ਸੁੰਦਰੀ ਜੀ ਦੇ ਜਿਸਮ 'ਤੇ ਜ਼ਖ਼ਮ ਗਹਿਰੇ ਸਨ।

ਉਸ ਸਮੇਂ ਦੇ ਮਹਾਨ ਆਗੂ ਸਿੰਘ ਸਰਵ ਸ੍ਰੀ ਸਰਦਾਰ ਕਰੋੜਾ ਸਿੰਘ ਜੀ, ਹਰੀ ਸਿੰਘ, ਬਾਬਾ ਦੀਪ ਸਿੰਘ ਜੀ, ਨਵਾਬ ਕਪੂਰ ਸਿੰਘ, ਮੁੱਖਾ ਸਿੰਘ ਜੀ, ਜੱਸਾ ਸਿੰਘ, ਜੈ ਸਿੰਘ, ਚੜ੍ਹਤ ਸਿੰਘ, ਗੁਰਦਿਆਲ ਸਿੰਘ, ਹੀਰਾ ਸਿੰਘ, ਗੁਰਬਖਸ਼ ਸਿੰਘ, ਸ਼ਾਮ ਸਿੰਘ, ਬਿਜਲਾ ਸਿੰਘ, ਬਲਵੰਤ ਸਿੰਘ ਆਦਿ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਕੋਈ ਵੀ ਸਿੰਘ ਜ਼ਿੰਦਾ ਲਖਪਤ ਰਾਇ ਦੇ ਹੱਥ ਨਾ ਲੱਗਾ ਤੇ ਉਹ ਮਾਯੂਸ ਮੁੜਿਆ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਵੀ ਕਹਿੰਦੇ ਹਨ।

ਆਖਿਰ ਬੀਬੀ ਸੁੰਦਰੀ ਜੀ ਨੇ ਪਾਠ ਕੀਤਾ, ਪ੍ਰਸਾਦ ਛਕਿਆ ਤੇ ਕੁਝ ਸਮੇਂ ਬਾਅਦ ਸ਼ਹੀਦੀ ਪ੍ਰਾਪਤ ਕਰ ਲਈ। ਇਕ ਮਹਾਨ ਨਾਰੀ ਉਸ ਵਾਹਿਗੁਰੂ ਦੇ ਹੁਕਮਾਂ ਮੁਤਾਬਿਕ ਖ਼ਾਲਸੇ ਦੀ ਸੇਵਾ ਕਰਦੀ ਹੋਈ ਖ਼ੁਦ ਮੁਗਲਾਂ ਦਾ ਸਾਹਮਣਾ ਕਰਨ ਤੋਂ ਬਾਅਦ, ਮਹਾਨ ਕੁਰਬਾਨੀ ਦੇ ਕੇ ਉਸ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੀ। ਇਸ ਮਹਾਨ ਨਾਰੀ ਬੀਬੀ ਸੁੰਦਰੀ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ। ਪ੍ਰਸਿੱਧ ਨਾਵਲ-ਲੇਖਕ ਭਾਈ ਵੀਰ ਸਿੰਘ ਜੀ ਨੇ 'ਸੁੰਦਰੀ' ਨਾਵਲ ਲਿਖਕੇ ਬੀਬੀ ਸੁੰਦਰੀ ਜੀ ਨੂੰ ਅਮਰ ਕਰ ਦਿੱਤਾ ਹੈ।

ਇਸ ਧਾਰਮਿਕ ਸਥਾਨ 'ਤੇ ਅਨੇਕਾਂ ਹੀ ਧਾਰਮਿਕ ਤਿਉਹਾਰ ਮੇਲਿਆਂ ਦੇ ਰੂਪ ਵਿਚ ਮਨਾਏ ਜਾਂਦੇ ਹਨ। ਦੇਸ਼ ਵਿਦੇਸ਼ ਤੋਂ ਸੰਗਤਾਂ ਚੱਲ ਕੇ ਬੀਬੀ ਸੁੰਦਰੀ ਦੀ ਮਹਾਨਤਾ ਨੂੰ ਨਤਮਸਤਕ ਕਰਨ ਲਈ ਆਉਂਦੀਆਂ ਹਨ।

ਇਸ ਸਥਾਨ 'ਤੇ ਕਿਲਿਆਂ ਵਿਚ ਇਕ ਸੁੰਦਰ ਗੁਰਦੁਆਰਾ ਉਸਾਰਿਆ ਗਿਆ ਹੈ। ਇਸ ਗੁਰਦੁਆਰੇ ਵਿਚ ਲੰਗਰ ਹਾਲ, ਜੋੜਾ ਘਰ, ਦੇਗ ਕਮਰਾ, 65×85 ਦਾ ਹਾਲ ਮੌਜੂਦ ਹੈ। ਲੋਕ ਇਸ ਸਥਾਨ 'ਤੇ ਸੱਚੇ ਮਨੋ ਮੰਗੀਆਂ ਮੁਰਾਦਾਂ ਪਾਉਂਦੇ ਹਨ।

# ਮੋਦੀ ਸਰਕਾਰ ਦੀਆਂ ਸਿਹਤ ਸਹੂਲਤਾਂ ਲੋਕਾਂ ਤਕ ਪਹੁੰਚਾਉਣ 'ਚ ਕੈਪਟਨ ਸਰਕਾਰ ਫੇਲ- ਅਰੁਣ ਖੋਸਲਾ

**ਫਗਵਾੜਾ-** ਮੋਦੀ ਸਰਕਾਰ ਵਲੋਂ ਦੇਸ਼ ਦੇ ਹਰ ਨਾਗਰਿਕ ਲਈ ਬਿਹਤਰ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਮੋਦੀ ਸਰਕਾਰ ਦੀਆਂ ਸਿਹਤ ਸਹੂਲਤਾਂ ਦਾ ਲਾਭ ਆਮ ਜਨਤਾ ਤਕ ਪਹੁੰਚਾਉਣ ਵਿਚ ਫੇਲ ਸਾਬਿਤ ਹੋਈ ਹੈ। ਇਹ ਗੱਲ ਸੀਨੀਅਰ ਭਾਜਪਾ ਆਗੂ ਅਤੇ ਸ਼ਹਿਰ ਦੇ ਸਾਬਕਾ ਮੇਅਰ ਅਰੁਣ ਖੋਸਲਾ ਨੇ ਅੱਜ ਇੱਥੇ ਗੱਲਬਾਤ ਦੌਰਾਨ ਕਹੀ।

ਉਹਨਾਂ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਕੋਰੋਨਾ ਵੈਕਸੀਨ ਦੀ ਸਪਲਾਈ ਭੇਜ ਰਹੀ ਹੈ ਪਰ ਬਾਵਜੂਦ ਇਸ ਦੇ ਲੋਕ ਟੀਕਾਕਰਣ ਕਰਵਾਉਣ ਲਈ ਭਟਕ ਰਹੇ ਹਨ। ਪਿਛਲੇ ਕਈ ਦਿਨਾਂ ਤੋਂ ਸਿਰਫ ਸਿਵਲ ਹਸਪਤਾਲ 'ਚ ਟੀਕੇ ਲਗਾਏ ਜਾ ਰਹੇ ਹਨ ਜਿੱਥੇ ਲੋਕਾਂ ਦੀ ਸੁਵਿਧਾ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ ਤੇ ਲੋਕ ਸਿਵਲ ਹਸਪਤਾਲ 'ਚ ਟੀਕਾ ਲਗਵਾਉਣ ਤੋਂ ਗੁਰੇਜ ਕਰਦੇ ਹਨ। ਟੀਕਾ ਲਗਾਉਣ ਵਾਲੇ ਵਲੰਟੀਅਰਾਂ ਨੂੰ ਵੀ ਭੱਤੇ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਭਾਜਪਾ ਦੇ ਸਾਬਕਾ ਕੌਂਸਲਰ ਜੇਕਰ ਆਪਣੇ ਵਾਰਡ ਵਿਚ ਟੀਕਾਕਰਣ ਕੈਂਪ ਲਗਾਉਣਾ ਚਾਹੁੰਦੇ ਹਨ ਤਾਂ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਅਰੁਣ ਖੋਸਲਾ ਨੇ ਕਿਹਾ ਕਿ ਭਾਜਪਾ ਦੀ ਬਦੌਲਤ ਸਿਵਲ ਹਸਪਤਾਲ ਫਗਵਾੜਾ ਨੂੰ ਅਪਗਰੇਡ ਕੀਤਾ



ਗਿਆ ਅਤੇ ਡਾਇਲਸਿਸ ਮਸ਼ੀਨ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਪਰ ਇਹ ਮਸ਼ੀਨ ਖਰਾਬ ਪਈ ਹੈ। ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਦੇ ਵੀ ਸਿਵਲ ਹਸਪਤਾਲ 'ਚ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੀ ਜਾਣਕਾਰੀ ਲੈਣ ਦਾ ਉਪਰਾਲਾ ਨਹੀਂ ਕੀਤਾ। ਫਗਵਾੜਾ ਦੀ ਜਨਤਾ ਜਾਨਣਾ ਚਾਹੁੰਦੀ ਹੈ ਕਿ ਧਾਲੀਵਾਲ ਨੇ ਵਿਧਾਇਕ ਬਣਨ ਤੋਂ ਬਾਅਦ ਸਿਵਲ ਹਸਪਤਾਲ ਦੇ ਸੁਧਾਰ ਲਈ ਹੁਣ ਤਕ ਕੀ ਕੀਤਾ ਹੈ। ਖੋਸਲਾ ਨੇ ਇਹ ਦੋਸ਼ ਵੀ ਲਾਇਆ ਕਿ ਸਿਵਲ ਹਸਪਤਾਲ ਦੀ ਇਮਾਰਤ 'ਚ ਬਣੇ ਨਸ਼ਾ ਛੁਡਾਓ ਕੇਂਦਰ ਵਿਖੇ ਇਲਾਜ ਕਰਵਾਉਣ ਵਾਲਿਆਂ ਨੂੰ ਦਵਾਈਆਂ ਨਹੀਂ ਮਿਲ ਰਹੀਆਂ ਜਿਸ ਕਰਕੇ ਮਰੀਜ ਪਰੇਸ਼ਾਨ ਹੋ ਰਹੇ ਹਨ।

ਜਦਕਿ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪੰਜਾਬ ਦਾ ਮੁਢਲਾ ਫਰਜ਼ ਹੈ ਕਿ ਸਰਕਾਰੀ ਸਿਹਤ ਕੇਂਦਰਾਂ ਤੇ ਹਸਪਤਾਲਾਂ 'ਚ ਲੋਕਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ ਯਕੀਨੀ ਬਣਾਈਆਂ ਜਾਣ। ਮੋਦੀ ਸਰਕਾਰ ਦੇ ਯਤਨ ਵੀ ਤਾਂ ਹੀ ਸਫਲ ਹੋ ਸਕਦੇ ਹਨ ਜੇਕਰ ਸੂਬਾ ਸਰਕਾਰ ਆਪਣੀ ਜਿੰਮੇਵਾਰੀ ਨੂੰ ਠੀਕ ਢੰਗ ਨਾਲ ਨਿਭਾਏਗੀ ਨਹੀਂ ਤਾਂ ਜਨਤਾ ਤਕ ਸਰਕਾਰੀ ਸਹੂਲਤਾਂ ਦਾ ਲਾਭ ਪਹੁੰਚਣਾ ਸੰਭਵ ਨਹੀਂ ਹੋ ਸਕਦਾ।

# ਪਾਣੀ ਬਚਾਓ, ਰੁੱਖ ਲਗਾਓ, ਇਸ ਧਰਤੀ ਨੂੰ ਸਵਰਗ ਬਣਾਓ



ਚਾਨਣ ਦੀਪ ਸਿੰਘ ਔਲਖ
91-98768-88177

ਮਨੁੱਖ ਭਾਵੇਂ ਸਮੇਂ ਨਾਲ ਹੋਰ ਵਧੇਰੇ ਸਿਆਣਾ ਹੁੰਦਾ ਜਾ ਰਿਹਾ ਹੈ ਇਸਨੇ ਆਪਣੀ ਸੂਝ-ਬੂਝ ਨਾਲ ਬਹੁਤ ਤਰੱਕੀ ਕਰ ਲਈ ਹੈ। ਪਰ ਤਰੱਕੀ ਦੇ ਨਾਲ-ਨਾਲ ਇਸ ਵਲੋਂ ਕੁਦਰਤੀ ਸੰਸਾਧਨਾਂ ਦਾ ਜੋ ਵਿਨਾਸ਼ ਕੀਤਾ ਜਾ ਰਿਹਾ ਹੈ ਉਹ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਹਵਾ, ਪਾਣੀ ਤੇ ਧਰਤੀ ਕੁਦਰਤ ਦੀਆਂ ਬਖ਼ਸ਼ੀਆਂ ਹੋਈਆਂ ਉਹ ਸੌਗਾਤਾਂ ਹਨ ਜਿਨ੍ਹਾਂ ਦੇ ਸਹਾਰੇ ਮਨੁੱਖ ਅਤੇ ਦੁਨੀਆਂ ਦੇ ਹੋਰ ਜੀਵ ਜਿਊਂਦੇ ਹਨ। ਜੇਕਰ ਹਵਾ ਜ਼ਹਿਰੀਲੀ ਹੋ ਜਾਵੇ ਜਾਂ ਨਹਿਰਾਂ ਅਤੇ ਦਰਿਆਵਾਂ ਦਾ ਪਾਣੀ ਖਤਮ ਹੋ ਜਾਵੇ ਜਾਂ ਧਰਤੀ ਮਾਰੂਥਲ ਹੋ ਜਾਵੇ, ਤਾਂ ਮਨੁੱਖ ਅਤੇ ਸੰਸਾਰ ਦੇ ਜੀਵ ਜਿਊਂਦੇ ਨਹੀਂ ਰਹਿਣਗੇ। ਦੁਨੀਆਂ ਦੇ ਅਨੇਕਾਂ ਮੁਲਕਾਂ ਦੀ ਧਰਤੀ ਇਸ ਲਈ ਮਾਰੂਥਲ ਬਣਦੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਮੁਲਕਾਂ ਦੇ ਲੋਕਾਂ ਨੇ ਧਰਤੀ ਤੋਂ ਰੁੱਖ ਕੱਟ-ਕੱਟ ਕੇ ਉਸਨੂੰ ਨੰਗਿਆ ਕਰ ਛੱਡਿਆ ਹੈ। ਮੋਹੰਜੋਦੜੋ ਤੇ ਹੜੱਪਾ ਦੋ ਪ੍ਰਸਿੱਧ ਸ਼ਹਿਰ ਸਨ ਜੋ ਕਿ ਸ਼ਹਿਰਾਂ ਦੀ ਆਦਰਸ਼ ਵਿਉਂਤਬੰਦੀ ਦੇ ਨਮੂਨੇ ਸਨ। ਉਹ ਵੀ ਰੇਤ ਦੀਆਂ ਹਨੇਰੀਆਂ ਨਾਲ ਦੱਬ ਕੇ ਸਮਾਪਤ ਹੋ ਗਏ, ਕਿਉਂਕਿ ਉਥੋਂ ਦੇ ਲੋਕਾਂ ਨੇ ਧਰਤੀ ਤੋਂ ਰੁੱਖਾਂ ਦੀ ਕਟਾਈ ਲੋੜ ਤੋਂ ਬਹੁਤ ਵੱਧ ਕਰ ਦਿੱਤੀ ਸੀ।

ਰੁੱਖ ਸ਼ੁੱਧ ਵਾਤਾਵਰਨ ਲਈ ਅਤਿਅੰਤ ਮਹੱਤਵਪੂਰਨ ਹਨ। ਰੁੱਖ ਦੀ ਛਾਂ, ਲੱਕੜ, ਫੱਲ, ਦਵਾਈਆਂ ਨੇ ਹਮੇਸ਼ਾ ਮਨੁੱਖ ਨੂੰ ਖ਼ੁਸ਼ਹਾਲ ਜ਼ਿੰਦਗੀ ਦਿਤੀ ਹੈ। ਰੁੱਖ ਹੀ ਧਰਤੀ ਦਾ ਸਰਮਾਇਆ ਹਨ ਤੇ ਅੱਜ ਆਧੁਨਕ ਮਨੁੱਖ ਵੀ ਰੁੱਖਾਂ ਉਤੇ ਹੀ ਨਿਰਭਰ ਹੈ। ਰੁੱਖ ਧਰਤੀ ਹੇਠਲੇ ਪਾਣੀ ਦਾ ਸੰਤੁਲਨ ਬਣਾਈ ਰੱਖਣ ਵਿਚ ਸਹਾਇਕ ਹੁੰਦੇ ਹਨ। ਧਰਤੀ 'ਤੇ ਜੀਵਨ ਪ੍ਰਦਾਨ ਕਰਨ ਵਾਲੀ ਆਕਸੀਜਨ ਅਤੇ ਵਰਖਾ ਦਾ ਮੁੱਖ ਸਾਧਨ ਰੁੱਖ ਹੀ ਹਨ।

ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਰੁੱਖਾਂ ਬਾਰੇ ਲਿਖਿਆ ਹੈ,

'ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ,
;ਕੁਝ ਨੂੰਹਾਂ ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ,
ਕੁਝ ਰੁੱਖ ਮੇਰੇ ਬਾਬੇ ਵਾਕਣ, ਪੱਤਰ ਟਾਵਾਂ-ਟਾਵਾਂ।'

ਅੱਜ ਮਨੁੱਖ ਨੇ ਆਪਣੇ ਲਈ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਤਾਂ ਜੁਟਾ ਲਈਆਂ ਹਨ ਪਰ ਦੂਜੇ ਪਾਸੇ ਜੀਵਨ ਜਿਊਣ ਲਈ ਜੋ ਮੁਢਲੀਆਂ ਜ਼ਰੂਰੀ ਚੀਜ਼ਾਂ ਚਾਹੀਦੀਆਂ ਹਨ ਉਨ੍ਹਾਂ ਦੀ ਧੜਾਧੜ ਬਰਬਾਦੀ ਕਰ ਰਿਹਾ ਹੈ। ਅੰਨੇਵਾਹ ਪਾਣੀ ਦੀ ਦੁਰਵਰਤੋਂ ਅਤੇ ਨਦੀਆਂ, ਦਰਿਆਵਾਂ ਦੇ ਪਾਣੀ ਨੂੰ ਗੰਧਲਾ ਕਰ ਕੇ ਬੋਤਲਾਂ ਵਾਲਾ ਪਾਣੀ ਖਰੀਦਣ ਦੀ ਆਦਤ ਤਾਂ ਅਸੀਂ ਪਾ ਹੀ ਲਈ ਹੈ ਆਉਣ ਵਾਲੇ ਸਮੇਂ ਵਿੱਚ ਆਕਸੀਜਨ ਵੀ ਮੁੱਲ ਖਰੀਦ ਕੇ ਸਾਹ ਲੈਣਾ ਪਵੇਗਾ। ਕਰੋਨਾ ਮਹਾਂਮਾਰੀ ਦੌਰਾਨ ਆਕਸੀਜਨ ਪੈਦਾਵਾਰ ਦੀ ਕਮੀਂ ਦੇ ਚਲਦਿਆਂ ਲੋਕ ਆਪਣੇ ਕਿਸੇ ਪਰਿਵਾਰਕ ਮੈਂਬਰ ਲਈ ਕਿਵੇਂ ਇੱਕ-ਇੱਕ ਆਕਸੀਜਨ ਸਿਲੰਡਰ ਲਈ ਮਾਰੇ ਮਾਰੇ ਫਿਰਦੇ ਸਨ। ਜੇਕਰ ਸਾਨੂੰ ਸਾਰਿਆਂ ਨੂੰ ਹੀ&; ਇਸ ਤਰ੍ਹਾਂ ਆਕਸੀਜਨ ਸਿਲੰਡਰਾਂ ਦੀ ਜ਼ਰੂਰਤ ਪੈ ਜਾਵੇ ਤਾਂ ਸੋਚ ਕੇ ਵੇਖੋ! ਫਿਰ ਹਾਲਾਤ ਕੀ ਹੋਣਗੇ? ਸਾਡੇ ਵਾਤਾਵਰਨ ਵਿਚ ਲਗਾਤਾਰ ਵੱਧਦਾ ਪ੍ਰਦੂਸ਼ਨ ਅਤੇ ਇਸ ਵਿੱਚ ਵੱਧਦਾ ਅਸੰਤੁਲਨ ਗੰਭੀਰ ਚਿੰਤਾ ਦਾ ਵਿਸ਼ਾ ਹੈ। ਹਾਲਾਤ ਇਹ ਹਨ ਕਿ ਵਿਕਾਸ ਦੀ ਆੜ ਵਿਚ ਥਾਂ ਥਾਂ ਤੇ ਰੁੱਖਾਂ ਦਾ ਕਤਲੇਆਮ ਹੋ ਰਿਹਾ ਹੈ ਅਤੇ ਰੁੱਖਾਂ ਹੇਠ ਰਕਬਾ ਦਿਨੋਂ ਦਿਨ ਘਟਦਾ ਜਾ ਰਿਹਾ ਹੈ। ਕੱਟੇ ਜਾਣ ਵਾਲੇ ਇਹਨਾਂ ਰੁੱਖਾਂ ਦੀ ਥਾਂ ਨਵੇਂ ਰੁੱਖ ਲਗਾਉਣ ਸਬੰਧੀ ਨਾ ਸਰਕਾਰ ਅਤੇ ਸਬੰਧਿਤ ਵਿਭਾਗ ਅਤੇ ਨਾ ਹੀ ਲੋਕ ਬਹੁਤੀ ਗੰਭੀਰਤਾ ਦਿਖਾਉਂਦੇ ਹਨ। ਬਹੁਤ ਸਾਰੇ ਵਾਤਾਵਰਨ ਪ੍ਰੇਮੀਆਂ ਵੱਲੋਂ ਪਹਿਲ ਕਰਦਿਆਂ ਨਵੇਂ ਪੌਦੇ ਲਗਾਉਣ ਅਤੇ ਲੋਕਾਂ ਨੂੰ ਇਸ ਪ੍ਰਤੀ ਪ੍ਰੇਰਣ ਦੇ ਯਤਨ ਕੀਤੇ ਜਾਂਦੇ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਹਰ ਸਾਲ ਹੀ ਕੁਝ ਸੰਸਥਾਂਵਾਂ ਵੱਖ ਵੱਖ ਥਾਵਾਂ ਉਪਰ ਨਵੇਂ ਪੌਦੇ ਤਾਂ ਲਗਾਉਂਦੀਆਂ ਹਨ ਪਰ ਉਹਨਾਂ ਪੌਦਿਆਂ ਦੀ ਸਹੀ ਦੇਖਭਾਲ ਨਾ ਹੋਣ ਕਾਰਨ ਉਹ ਪੌਦੇ ਕੁਝ ਮਹੀਨਿਆਂ ਵਿਚ ਹੀ ਸੁੱਕ ਜਾਂਦੇ ਹਨ ਅਤੇ ਅਗਲੇ ਸਾਲ ਸੰਸਥਾਵਾਂ ਫਿਰ ਉਹਨਾਂ ਹੀ ਥਾਂਵਾਂ ਉਪਰ ਨਵੇਂ ਪੌਦੇ ਲਗਾ ਕੇ ਆਪਣਾ ਫਰਜ ਪੂਰਾ ਹੋਇਆ ਸਮਝ ਲੈਂਦੀਆਂ ਹਨ। ਜਿਸ ਕਾਰਨ ਰੁੱਖਾਂ ਦੀ ਗਿਣਤੀ ਵੱਧਣ ਦੀ ਥਾਂ ਦਿਨੋਂ ਦਿਨ ਘੱਟਦੀ ਹੀ ਜਾ ਰਹੀ ਹੈ। ਬਹੁਤ ਸਾਰੇ ਲੀਡਰ ਅਤੇ ਸਰਕਾਰੀ ਅਧਿਕਾਰੀ ਸਮਾਜਿਕ ਹਿੱਤਾਂ ਦੇ ਤਾਣੇ-ਬਾਣੇ ਬਣਾਉਂਦਿਆਂ ਅਖ਼ਬਾਰੀ ਸੁਰਖੀਆਂ ਲਈ ਰੁੱਖ ਲਗਵਾਉਣ ਵੇਲੇ ਤਸਵੀਰ ਤਾਂ ਖਿਚਾਉਂਦੇ ਹਨ ਪਰ ਸੱਚੀ ਭਾਵਨਾ ਨਾਲ ਰੁੱਖ ਦੇ ਵੱਡਾ ਹੋਣ ਤੱਕ ਇਸ ਰੁੱਖ ਦੀ ਸੰਭਾਲ ਦਾ ਕੋਈ ਯੋਗ ਪ੍ਰਬੰਧ ਨਹੀਂ ਕੀਤਾ ਜਾਂਦਾ।



ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਨ-ਦੌਲਤ, ਜ਼ਮੀਨ-ਜਾਇਦਾਦ ਇਕੱਠਾ ਕਰਨ ਤੇ ਹੀ ਸਾਰਾ ਜ਼ੋਰ ਲਗਾ ਰੱਖਿਆ ਹੈ। ਜੇਕਰ ਅਸੀਂ ਉਨ੍ਹਾਂ ਦੇ ਸਾਹ ਲੈਣ ਲਈ ਸਾਫ਼ ਹਵਾ, ਪੀਣ ਲਈ ਸਾਫ਼ ਪਾਣੀ ਹੀ ਨਾ ਛੱਡਿਆ ਤਾਂ ਇਹ ਜਾਇਦਾਦਾਂ ਉਨ੍ਹਾਂ ਦੇ ਕਿਸ ਕੰਮ ਦੀਆਂ ਹਨ? ਮਨੁੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਵੱਧ ਤੋਂ ਵੱਧ ਪੌਦੇ ਲਗਾਵੇ ਅਤੇ ਕੁਦਰਤੀ ਵਸੀਲਿਆਂ ਦੀ ਸੰਭਾਲ ਕਰੇ। ਇਸ ਲਈ ਸਾਨੂੰ ਸਾਰਿਆਂ ਨੂੰ ਰੁੱਖਾਂ ਦੀ ਮਹੱਤਤਾ ਸਮਝਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਇਸਦੇ ਨਾਲ ਹੀ ਪਹਿਲਾਂ ਲਗਾਏ ਪੌਦਿਆਂ ਦੀ ਵੀ ਪੂਰੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਕਿ ਉਹ ਇੱਕ ਦਿਨ ਰੁੱਖ ਬਣ ਕੇ ਸਾਡੇ ਭਵਿੱਖ ਨੂੰ ਸ ੋ ਹ ਣ ਾ

# ਟੋਕੀਓ ਸ਼ਹਿਰ ਓਲੰਪਿਕ ਖੇਡਾਂ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ




32ਵੀਆਂ ਟੋਕੀਓ ਓਲੰਪਿਕ ਖੇਡਾਂ 2021 ਲਈ ਦੁਨੀਆਂ ਦਾ ਪ੍ਰਸਿੱਧ ਸ਼ਹਿਰ ਟੋਕੀਓ ਦੂਸਰੀ ਵਾਰ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ ,ਇਸ ਤੋਂ ਪਹਿਲਾਂ ਟੋਕੀਓ ਨੇ ਸਾਲ 1964 ਵਿਚ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ ।ਟੋਕੀਓ ਦਾ ਨੈਸ਼ਨਲ ਖੇਡ ਸਟੇਡੀਅਮ ਜਿੱਥੇ ਓਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ&; ਹੋਣਾ ਹੈ ਉਹ ਪੂਰੀ ਤਰ੍ਹਾਂ ਨਵ ਵਿਆਹੀ ਦੁਲਹਨ ਵਾਂਗ ਸਜ ਧਜ ਗਿਆ ਹੈ । 80 ਹਜ਼ਾਰ ਦਰਸ਼ਕਾਂ ਦੀ ਸਮਰੱਥਾ ਵਾਲਾ ਨੈਸ਼ਨਲ ਸਟੇਡੀਅਮ ਜੋ 1958 ਵਿੱਚ 1964 ਟੋਕੀਓ ਓਲੰਪਿਕ ਤੋਂ ਪਹਿਲਾਂ ਬਣਨਾ ਸ਼ੁਰੂ ਹੋਇਆ ਸੀ ਜੋ 1963 ਵਿੱਚ ਪੂਰੀ ਤਰ੍ਹਾਂ ਮੁਕੰਮਲ ਹੋ ਗਿਆ ਸੀ ਪਰ ਹੁਣ ਉਸ ਨੂੰ ਨਵੇਂ ਸਿਰੇ ਤੋਂ ਬਣਾਇਆ ਗਿਆ ਹੈ ਜਿਸ ਉੱਤੇ 140 ਕਰੋੜ ਦੇ ਕਰੀਬ ਅਮਰੀਕਨ ਡਾਲਰ ਦੇ ਨਾਲ ਬਣਿਆ ਇਹ ਸਟੇਡੀਅਮ ਜਾਪਾਨ ਸਰਕਾਰ ਨੇ 21ਦਸੰਬਰ 2019 ਨੂੰ ਖਿਡਾਰੀਆਂ ਨੂੰ ਸਮਰਪਿਤ; ਕਰ ਦਿੱਤਾ ਸੀ । 5 ਛੱਤਾ ਅਤੇ 68 ਹਜ਼ਾਰ ਦਰਸ਼ਕਾਂ ਦੇ ਬੈਠਣ ਦੀਆਂ ਪੱਕੀਆਂ ਸੀਟਾਂ ਲਗਾਈਆਂ ਗਈਆਂ ਹਨ ਜਦਕਿ 12 ਹਜ਼ਾਰ ਦੇ ਕਰੀਬ ਆਰਜ਼ੀ ਸੀਟਾਂ ਲਗਾਈਆ ਗਈਆਂ ਹਨ।1964 ਟੋਕੀਓ ਓਲੰਪਿਕ ਖੇਡਾਂ ਵਿੱਚ ਦਰਸ਼ਕਾਂ ਦੇ ਬੈਠਣ ਦੀ ਸਮਰੱਥਾ 48 ਹਜ਼ਾਰ ਸੀ । ਟੋਕੀਓ ਦਾ ਇਹ ਨੈਸ਼ਨਲ ਸਟੇਡੀਅਮ ਆਪਣੇ ਆਪ ਵਿੱਚ ਖੇਡਾਂ ਦਾ ਇੱਕ ਅਜੂਬਾ ਹੈ। ਭਾਵੇਂ ਸਟੇਡੀਅਮ ਵਿੱਚ ਦਰਸ਼ਕਾਂ ਦੀ ਹਾਜ਼ਰੀ ਕਰੋਨਾ ਕਾਰਨ ਨਾਮਾਤਰ ਹੋਵੇਗੀ ਪਰ ਟੀ ਵੀ ਚੈਨਲਾਂ ਦੇ ਉੱਤੇ ਨੈਸ਼ਨਲ ਸਟੇਡੀਅਮ ਟੋਕੀਓ ਆਪਣੀ ਵਿਲੱਖਣ ਪਹਿਚਾਣ ਛੱਡੇਗਾ।

ਟੋਕੀਓ ਓਲੰਪਿਕ ਖੇਡਾਂ ਵਿੱਚ ਵੱਖ ਵੱਖ ਮੁਲਕਾਂ ਦੇ ਰਿਕਾਰਡ ਹਿੱਸੇਦਾਰੀ ਹੋਵੇਗੀ ਇਸ ਵਾਰ 206 ਮੁਲਕਾਂ ਦੇ 11238 ਅਥਲੀਟ ਵੱਖ ਵੱਖ ਖੇਡਾਂ ਵਿੱਚ ਹਿੱਸਾ ਲੈਣਗੇ ਇਸ ਵਾਰ ਟੋਕੀਓ ਓਲੰਪਿਕ ਖੇਡਾਂ 2021 ਵਿੱਚ ਕੁੱਲ 33 ਖੇਡਾਂ ਦੇ 339 ਈਵੈਂਟ ਹੋਣਗੇ ।ਜਦ ਕਿ 1964 ਟੋਕੀਓ ਓਲੰਪਿਕ ਵਿੱਚ ਵੱਖ ਵੱਖ 93 ਮੁਲਕਾਂ ਦੇ 5151 ਅਥਲੀਟਾਂ ਨੇ ਹਿੱਸਾ ਲਿਆ ਸੀ ਜਿਸ ਵਿੱਚ 20 ਖੇਡਾਂ ਦੇ 163 ਈਵੈਂਟ ਹੋਏ ਸਨ । ਇਸ ਵਾਰ ਸਾਫਟਬਾਲ ਅਤੇ ਫੁੱਟਬਾਲ ਦੇ; ਮੁਕਾਬਲੇ 21 ਜੁਲਾਈ ਤੋਂ ਸ਼ੁਰੂ ਹੋਣਗੇ ਜਦਕਿ ਬਾਕੀ ਖੇਡਾਂ ਦੇ ਮੁਕਾਬਲੇ ਉਦਘਾਟਨੀ ਸਮਾਰੋਹ ਤੋਂ ਬਾਅਦ ਸ਼ੁਰੂ ਹੋਣਗ ਜਪਾਨ ਏਸ਼ੀਅਨ ਮਹਾਂਦੀਪ ਦਾ ਪਹਿਲਾ ਅਜਿਹਾ ਮੁਲਕ ਹੈ ਜੋ ਓਲੰਪਿਕ ਖੇਡਾਂ ਦੀ ਦੂਸਰੀ ਵਾਰ ਮੇਜ਼ਬਾਨੀ ਕਰ ਰਿਹਾ ਹੈ। ਇਸ ਤੋਂ ਪਹਿਲਾਂ ਦੱਖਣੀ ਕੋਰੀਆ ਨੂੰ 1988 ਸਿਓਲ ਅਤੇ ਚੀਨ ਨੂੰ 2008 ਬੀਜਿੰਗ ਓਲੰਪਿਕ ਖੇਡਾਂ ਦੀ ਇੱਕ ਇੱਕ ਵਾਰ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ।

ਟੋਕੀਓ ਓਲੰਪਿਕ ਖੇਡਾਂ 2021 ਵਿੱਚ ਭਾਰਤ ਦੇ ਇਸ ਵਾਰ 119 ਅਥਲੀਟ ਹਿੱਸਾ ਲੈ ਰਹੇ ਹਨ ਜਿਨ੍ਹਾਂ ਵਿਚ 67 ਮਰਦ ਅਤੇ 52 ਔਰਤਾਂ ਵੱਖ ਵੱਖ 18 ਪ੍ਰਤੀਯੋਗਤਾਵਾ ਵਿਚ ਹਿੱਸਾ ਲੈ ਰਹੀਆਂ ਹਨ ਜਦਕਿ ਭਾਰਤ ਦਾ ਕੁੱਲ 228 ਮੈਂਬਰੀ ਵਫ਼ਦ ਟੋਕੀਓ ਪੁੱਜ ਚੁੱਕਾ ਹੈ ਜਿਸ ਵਿੱਚ ਖਿਡਾਰੀਆਂ ਤੋਂ ਇਲਾਵਾ ਰੈਫਰੀ ,ਤਕਨੀਕੀ ਅਧਿਕਾਰੀ ਅਤੇ ਹੋਰ ਪ੍ਰਬੰਧਕ ਸ਼ਾਮਿਲ ਹਨ। ਭਾਰਤ ਨੇ ਹੁਣ ਤਕ ਓਲੰਪਿਕ ਖੇਡਾਂ ਦੇ ਖੇਡੇ 31 ਐਡੀਸਨਾਂ ਵਿਚ ਕੁੱਲ 28 ਤਮਗੇ ਹੀ ਹਾਸਲ ਕੀਤੇ ਹਨ ਜਿਨ੍ਹਾਂ ਵਿੱਚ ਹਾਕੀ ਵਿੱਚ 8 ਸੋਨੇ ਦੇ, 1 ਸਿਲਵਰ ਦਾ , 2 ਕਾਸ਼ੀ ਦੇ ਇਸ ਤੋਂ ਇਲਾਵਾ ਨਿਸ਼ਾਨੇਬਾਜ਼ੀ ਵਿਚ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲਾਂ ਸੋਨ ਤਮਗਾ ਅਭਿਨਵ ਬਿੰਦਰਾ ਨੇ 2008 ਬੀਜਿੰਗ ਓਲੰਪਿਕ ਵਿਚ ਜਿੱਤਿਆ ਇਸ ਤੋਂ ਇਲਾਵਾ ਨਿਸ਼ਾਨੇਬਾਜ਼ੀ ਵਿੱਚ ਤਿੰਨ ਤਮਗੇ ਹੋਰ ਜਿੱਤੇ ਹਨ ਇਸ ਤੋਂ ਇਲਾਵਾ ਕੁਸ਼ਤੀ ਵਿਚ 5, ਬੈਡਮਿੰਟਨ ਮੁੱਕੇਬਾਜ਼ੀ ਅਥਲੈਟਿਕਸ ਵਿੱਚ 2-2 ਵੇਟਲਿਫਟਿੰਗ ਅਤੇ ਟੈਨਿਸ 1-1 ਤਮਗੇ ਜਿੱਤੇ ਹਨ। 1928 ਐਮਸਟਰਡਮ ਓਲੰਪਿਕ ਤੋਂ ਲੈ ਕੇ 1972 ਮਿਊਨਖ ਓਲੰਪਿਕ ਤਕ ਘਾਹ ਵਾਲੀ ਹਾਕੀ ਉੱਤੇ ਭਾਰਤ ਦਾ ਪੂਰੀ ਤਰ੍ਹਾਂ ਦਬਦਬਾ ਰਿਹਾ ਇਸ ਸਮੇਂ ਦੌਰਾਨ ਭਾਰਤ ਨੇ 11 ਤਮਗੇ ਜਿੱਤਣ ਤੋਂ ਇਲਾਵਾ ਹਾਕੀ ਵਿੱਚ ਕੁੱਲ 58 ਮੈਚ ਖੇਡੇ ਜਿਨ੍ਹਾਂ ਵਿੱਚੋਂ 50 ਜਿੱਤੇ, 4 ਬਰਾਬਰ ਅਤੇ ਸਿਰਫ਼ 4 ਹਾਰੇ ਜਦਕਿ 1976 ਮੌਂਟਰੀਅਲ ਓਲੰਪਿਕ ਤੋਂ ਬਾਅਦ ਐਸਟਰੋਟਰਫ ਮੁਕਾਬਲਿਆਂ ਉਤੇ ਖੇਡੀ ਗਈ ਹਾਕੀ ਵਿੱਚ 2016 ਰੀਓ ਡੀ ਜਨੇਰੀਓ ਓਲੰਪਿਕ ਤਕ ਖੇਡੇ ਕੁੱਲ 68 ਮੈਚਾਂ ਵਿੱਚ 27 ਜਿੱਤੇ, 13 ਬਰਾਬਰ ਅਤੇ 28 ਹਾਰੇ ।







ਭਾਰਤ 1980 ਮਾਸਕੋ ਓਲੰਪਿਕ ਤੋਂ ਬਾਅਦ ਇੱਕ ਵਾਰ ਵੀ ਸੈਮੀਫਾਈਨਲ ਵਿੱਚ ਨਹੀਂ ਪੁੱਜ ਸਕਿਆ । 92 ਸਾਲਾਂ ਦੇ ਹਾਕੀ ਇਤਿਹਾਸ ਵਿੱਚ ਭਾਰਤ ਦੀ ਇਹ ਚੜ੍ਹਾਈ ਅਤੇ ਤ੍ਰਾਸਦੀ ਰਹੀ ਹੈ।

ਟੋਕੀਓ ਓਲੰਪਿਕ 2021 ਵਿੱਚ ਇਸ ਵਾਰ ਵੀ ਭਾਰਤ ਨੂੰ ਵੱਡੀਆਂ ਆਸਾਂ ਮਰਦਾਂ ਦੀ ਹਾਕੀ ਤੋਂ ਤਮਗਾ ਜਿੱਤਣ ਦੀਆਂ ਹਨ ਜਦ ਕਿ ਇਸ ਤੋਂ ਇਲਾਵਾ ਭਾਰਤੀ ਅਥਲੀਟ ਨਿਸ਼ਾਨੇਬਾਜ਼ੀ ਵਿੱਚ ,ਅਥਲੈਟਿਕਸ, ਕੁਸ਼ਤੀ ਬੈਡਮਿੰਟਨ , ਵੇਟ ਲਿਫਟਿੰਗ ਮੁੱਕੇਬਾਜ਼ੀ ਅਤੇ ਤੀਰਅੰਦਾਜ਼ੀ ਵਿੱਚ ਕੋਈ ਨਾ ਕੋਈ ਤਗਮਾ ਜਿੱਤਣ ਦਾ ਮਾਅਰਕਾ ਮਾਰ ਸਕਦੇ ਹਨ ਭਾਰਤ ਦੀਆਂ ਵੱਡੀਆਂ ਆਸਾਂ ਬੈਡਮਿੰਟਨ ਵਿੱਚ ਪੀ ਬੀ ਸਿੰਧੂ,ਬਾਕਸਿੰਗ ਵਿੱਚ ਅਮਿਤ ਪੰਘਾਲ ,ਕੁਸ਼ਤੀ ਵਿੱਚ ਬਜਰੰਗ ਪੂਨੀਆ, ਰਵੀ ਦਹੀਆ, ਵਿਨੇਸ਼ ਫੋਗਟ ਵੇਟਲਿਫਟਿੰਗ ਵਿੱਚ ਮੀਰਾਬਾਈ ਚਾਨੂ, ਜੈਵਲਿਨ ਥ੍ਰੋਅ ਵਿੱਚ ਨੀਰਜ ਚੋਪੜਾ ਅਤੇ ਨਿਸ਼ਾਨੇਬਾਜ਼ੀ ਵਿੱਚ ਸੌਰਭ ਚੌਧਰੀ ਅਤੇ ਮਨੂ ਭਾਕਰ, ਦਿਵਿਆ ਪਨਵਾਰ ,ਯਸਵੀਨੀ ਦੇਸਵਾਲ ਅਭਿਸ਼ੇਕ ਵਰਮਾ ਆਦਿ ਖਿਡਾਰੀਆਂ ਤੋਂ ਵੱਡੀਆਂ ਆਸਾਂ ਹਨ ਭਾਰਤੀ ਖੇਡ ਦਲ ਵਿੱਚ ਨਿਸ਼ਾਨੇਬਾਜ਼ ਮੈਰਾਜ ਅਹਿਮਦ ਖ਼ਾਨ ਸਭ ਤੋਂ ਵੱਡੀ ਉਮਰ 45 ਸਾਲ ਅਤੇ ਦਿਵਿਆ ਦਿਵਿਆਂਸ਼ ਸਿੰਘ ਪਨਵਾਰ ਸਭ ਤੋਂ ਛੋਟੀ ਉਮਰ 18 ਸਾਲ ਦਾ ਅਥਲੀਟ ਹੈ।

ਇਹ ਤਾਂ 8 ਅਗਸਤ 2021 ਦੀ ਸ਼ਾਮ ਹੀ ਦੱਸੇਗੀ ਕਿ ਭਾਰਤ ਦੇ ਅਥਲੀਟ ਜੇਤੂ ਤਮਗਿਆਂ ਦੇ ਕਿੰਨੇ ਕੁ ਰੰਗ ਵਿੱਚ ਰੰਗੇ ਆਉਂਦੇ ਹਨ ਪਰ ਕੁੱਲ ਮਿਲਾ ਕੇ ਟੋਕੀਓ ਓਲੰਪਿਕ 2021 ਇੱਕ ਇਤਿਹਾਸ ਦਾ ਨਵਾਂ ਪੰਨਾ ਸਿਰਜ ਕੇ ਜਾਣਗੀਆਂ ਜੋ ਕਿ ਦੁਨੀਆਂ ਵਿੱਚ ਫੈਲੀ ਕੋਰੋਨਾ ਮਹਾਂਮਾਰੀ ਦੇ ਬਾਵਜੂਦ ਵੀ ਓਲੰਪਿਕ ਖੇਡਾਂ ਦਾ ਹੋਣਾ ਆਪਣੇ ਆਪ ਵਿੱਚ ਖੇਡ ਭਾਵਨਾ ਦੀ ਇਕ ਵੱਡੀ ਜਿੱਤ ਹੈ । ਟੋਕੀਓ ਨੂੰ ਓਲੰਪਿਕ ਖੇਡਾਂ ਦੀ ਪਹਿਲੀ ਮੇਜ਼ਬਾਨੀ 1940 ਵਿੱਚ ਮਿਲੀ ਸੀ ਪਰ 1940 ਦੀਆਂ ਟੋਕੀਓ ਓਲੰਪਿਕ ਖੇਡਾਂ ਦੂਸਰੇ ਵਿਸ਼ਵ ਯੁੱਧ ਕਾਰਨ ਹੋ ਨਹੀਂ ਸਕੀਆਂ ਸਨ ਪਰ 2020 ਦੀਆਂ ਓਲੰਪਿਕ ਖੇਡਾਂ ਭਾਵੇਂ ਇਕ ਸਾਲ ਲੇਟ ਹੋਈਆਂ ਪਰ ਇਕ ਵੱਡੇ ਕਰੋਨਾ ਮਾਹਾਂਮਾਰੀ ਵਿਸ਼ਵ ਯੁੱਧ ਨੂੰ ਹਰਾ ਕੇ ਓਲੰਪਿਕ ਖੇਡਾਂ ਦਾ ਹੋਣਾ ਆਪਣੇ ਆਪ ਵਿਚ ਇਕ ਸੰਸਾਰ ਦੀ ਵੱਡੀ ਜਿੱਤ ਹੈ । ਹੁਣ ਤਮਗੇ ਤਾਂ ਜਿੱਤਣਗੇ ਵੱਖ ਵੱਖ ਮੁਲਕਾਂ ਦੇ ਅਥਲੀਟ, ਪਰ ਟੋਕੀਓ ਦੁਨੀਆ ਦਾ ਦਿਲ ਜਿੱਤ ਗਿਆ,ਟੋਕੀਓ ਓਲੰਪਿਕ ਦੀ ਪਹਿਚਾਣ ਰਹਿੰਦੀ ਦੁਨੀਆਂ ਤਕ ਰਹੇਗੀ। 2021 ਓਲੰਪਿਕ ਖੇਡਾਂ ਤੇ ਗੁਰੂ ਭਲੀ ਕਰੇ, ਰੱਬ ਰਾਖਾ!

# ਲਚਕਦਾਰ ਇਮਤਿਹਾਨ ਦਾ ਫਾਰਮੂਲਾ, ਗੁਣਵੱਤਾ ਦੀ ਸਿਖਲਾਈ 'ਤੇ ਕੇਂਦ੍ਰਤ ਕਰੋ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਨੇ ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ (2021-222) ਦੀਆਂ ਪ੍ਰੀਖਿਆਵਾਂ ਨੂੰ ਦੋ ਹਿੱਸਿਆਂ ਵਿਚ ਵੰਡਣ ਦੀ ਯੋਜਨਾ ਬਣਾਈ ਹੈ, ਨਵੰਬਰ -21 ਦਸੰਬਰ 2021 ਵਿਚ ਅਤੇ ਫਿਰ ਮਾਰਚ-ਅਪ੍ਰੈਲ 2022 ਵਿਚ ਹੋਣ ਵਾਲੇ ਦੋ ਹਿੱਸੇ ਵਿਚ ਸ਼ਾਮਲ ਹੋਣਗੇ ਇਕ ਤੋਂ ਵੱਧ ਚੁਆਇਸ ਪ੍ਰਸ਼ਨ (ਐਮਸੀਕਿਊ) ਇਕ ਤਰਕਸ਼ੀਲ ਸਿਲੇਬਸ ਦੇ 50 ਪ੍ਰਤੀਸ਼ਤ ਨੂੰ ਕਵਰ ਕਰਦੇ ਹਨ ਜਦੋਂ ਕਿ ਦੂਜੇ ਵਿਚ ਛੋਟੇ ਅਤੇ ਲੰਬੇ "ਲੇਖ-ਕਿਸਮ" ਦੇ ਪ੍ਰਸ਼ਨ ਹੋਣਗੇ ਜੋ ਬਾਕੀ ਸਿਲੇਬਸ ਨੂੰ ਕਵਰ ਕਰਦੇ ਹਨ।

ਅਸਲ ਸਵਾਲ ਇਹ ਹੈ ਕਿ ਸੀਬੀਐਸਈ ਦਾ ਇਹ ਪ੍ਰਸਤਾਵ ਇਕੋ "ਬੋਰਡ" ਪ੍ਰੀਖਿਆ ਦੇ ਪੂਰਵ ਮਹਾਂਮਾਰੀ ਫਾਰਮੂਲੇ ਵਿਚ ਸੁਧਾਰ ਨੂੰ ਦਰਸਾਉਂਦਾ ਹੈ.&; ਪਹਿਲੀ ਨਜ਼ਰ ਵਿਚ, ਨਵਾਂ ਪੈਟਰਨ ਮੌਜੂਦਾ ਹਾਲਤਾਂ ਵਿਚ ਇਕ ਵਾਜਬ ਹੱਲ ਪ੍ਰਤੀਤ ਹੁੰਦਾ ਹੈ. ਪਰ ਬਹੁਤ ਸਾਰੇ ਅਧਿਆਪਕ ਮਹਿਸੂਸ ਕਰਦੇ ਹਨ ਕਿ ਇਹ ਫਾਰਮੂਲਾ "ਬੋਰਡ ਦੀਆਂ ਕਲਾਸਾਂ" ਵਿਚ ਨਿਯਮਤ ਸਿਖਾਉਣ ਅਤੇ ਸਿੱਖਣ ਦੇ ਰਾਹ ਪੈ ਜਾਵੇਗਾ. ਪ੍ਰੀਖਿਆ-ਅਧਾਰਤ ਜਿਵੇਂ ਕਿ ਅਸੀਂ ਸਾਰੇ ਸਾਲ ਦੇ ਦੌਰਾਨ ਹੀ ਵਿਦਿਆਰਥੀਆਂ ਨੂੰ ਐਮਸੀਕਿਊਜ਼ ਦੇ ਉੱਤਰ ਦੇਣ ਦੀ ਤਕਨੀਕ ਵਿੱਚ ਮੁਹਾਰਤ ਹਾਸਲ ਕਰਨ ਦੀਆਂ ਤਕਨੀਕ ਦਿੱਤੀ ਜਾਏਗੀ ਜਦੋਂ ਕਿ ਸਰੋਤਪ੍ਰਸਤ ਪਾਠ-ਪੁਸਤਕ ਪ੍ਰਕਾਸ਼ਕ ਵਿਦਿਆਰਥੀਆਂ ਲਈ "ਬੋਰਡਾਂ" ਤਕ ਵਰਤਣ ਲਈ ਨਮੂਨੇ ਦੇ ਪ੍ਰਸ਼ਨਾਂ ਦਾ ਸੰਗ੍ਰਹਿ ਲਿਆਉਣ ਲਈ ਕਾਹਲੇ ਹੋਣਗੇ। ਪਿਛਲੇ ਸਾਲਾਂ ਦੇ ਵਿਦਿਆਰਥੀਆਂ ਦੇ ਵਿਹਾਰ ਦਾ ਨਿਰੀਖਣ ਇਹ ਸੰਕੇਤ ਕਰਦਾ ਹੈ ਕਿ ਬਹੁਤੇ ਵਿਦਿਆਰਥੀ ਇਨ੍ਹਾਂ ਐਮਸੀਕਿਊਜ਼ ਨੂੰ ਹੱਲ ਕਰਨ ਦੀ ਬਜਾਏ ਆਪਣੇ ਸਿਲੇਬਸ ਦਾ ਡੂੰਘਾਈ ਨਾਲ ਅਧਿਐਨ ਕਰਨ ਵਲੋਂ ਧਿਆਨ ਦੇਣਗੇ।

ਇਸ ਦੌਰਾਨ, ਕਈ ਅਧਿਆਪਕਾਂ ਨੇ ਸਿਲੇਬਸ ਨੂੰ ਵੰਡਣ ਦੇ ਮਾੜੇ ਪ੍ਰਭਾਵਾਂ ਬਾਰੇ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੱਤੀ ਹੈ, ਹਾਲਾਂਕਿ ਬੋਰਡ ਨੇ ਭਰੋਸਾ ਦਿੱਤਾ ਹੈ ਕਿ "ਵਿਸ਼ੇ ਦੇ ਮਾਹਰ" "ਸੰਕਲਪਾਂ ਅਤੇ ਵਿਸ਼ਿਆਂ ਦੀ ਅੰਤਰ-ਸੰਪਰਕ" ਦੀ ਪੜਤਾਲ ਕਰਨ ਤੋਂ ਬਾਅਦ ਅਜਿਹਾ ਕਰਨਗੇ।

ਸੀਬੀਐਸਈ ਨੇ ਵੱਖੋ ਵੱਖਰੇ ਦ੍ਰਿਸ਼ਾਂ ਨੂੰ ਕਵਰ ਕਰਨ ਲਈ ਧਿਆਨ ਰੱਖਿਆ ਹੈ ਜਿਸਦੀ ਉਮੀਦ ਕੀਤੀ ਜਾ ਸਕਦੀ ਹੈ ਕਿਉਂਕਿ ਇੱਥੇ ਇੱਕ ਆਮ ਅਹਿਸਾਸ ਹੈ ਕਿ ਇਹ ਕੋਵਿਡ -19 ਮਹਾਂਮਾਰੀ ਕਰਕੇ ਹੀ ਹੋ ਰਹੇ ਹੈ। ਬਹੁਤ ਸਾਰੇ ਅਧਿਆਪਕਾਂ ਨੇ ਉਨ੍ਹਾਂ ਵਿਕਲਪਾਂ ਦਾ ਸਵਾਗਤ ਕੀਤਾ ਹੈ ਜੋ ਪਹਿਲਾਂ ਪੇਸ਼ ਕੀਤੇ ਗਏ ਹਨ, ਜੇ ਇਮਤਿਹਾਨਾਂ ਦੇ ਨਿਰਧਾਰਤ ਸਮੇਂ ਤੇ ਮਹਾਂਮਾਰੀ ਦੀ ਸਥਿਤੀ ਅਪ੍ਰਤੱਖ ਰਹਿੰਦੀ ਹੈ। ਹਾਲਾਂਕਿ, ਦੂਸਰੇ ਮਹਿਸੂਸ ਕਰਦੇ ਹਨ ਕਿ ਬਹੁਤ ਸਾਰੇ ਜੇ ਅਤੇ ਪ੍ਰੰਤੂ " ਹਨ ਅਤੇ ਇਹ ਉਹਨਾਂ ਲੋਕਾਂ ਲਈ ਬਹੁਤ ਘੱਟ ਤਣਾਅ ਵਾਲੀ ਗੱਲ ਹੁੰਦੀ ਜੇ ਇੱਕ ਮਹਾਂਮਾਰੀ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਇੱਕ ਪੈਟਰਨ ਨਿਰਧਾਰਤ ਕੀਤਾ ਜਾਂਦਾ। ਕਿਸੇ ਵੀ ਸਥਿਤੀ ਵਿੱਚ, ਇਹ ਸੰਭਾਵਨਾ ਨਹੀਂ ਹੈ ਕਿ ਮਹਾਂਮਾਰੀ ਸਥਿਤੀ ਇੱਕ ਨਿਰਧਾਰਤ ਸਮੇਂ ਤੇ ਦੇਸ਼ ਭਰ ਵਿੱਚ ਇਕਸਾਰ ਪ੍ਰੀਖਿਆ ਹੋਵੇਗੀ.

ਨਿਰਧਾਰਤ ਲਚਕਦਾਰ ਪੈਟਰਨ ਦੇ ਅਨੁਸਾਰ, ਦੋਵਾਂ ਪ੍ਰੀਖਿਆਵਾਂ ਦਾ ਅਨੁਸਾਰੀ ਭਾਰ ਉਸ ਸਮੇਂ ਦੀ ਮਹਾਂਮਾਰੀ ਦੀ ਸਥਿਤੀ ਦੁਆਰਾ ਨਿਰਧਾਰਤ ਪ੍ਰਸੰਗਕ ਸਥਿਤੀਆਂ 'ਤੇ ਨਿਰਭਰ ਕਰਦਾ ਹੈ/ ਇਸ ਲਈ, ਵਿਦਿਆਰਥੀ ਇਹ ਪੱਕਾ ਨਹੀਂ ਜਾਣਦੇ ਕਿ ਉਨ੍ਹਾਂ ਦੀਆਂ ਪ੍ਰੀਖਿਆਵਾਂ ਆਨਲਾਈਨ ਜਾਂ ਆਫਲਾਈਨ ਹੋਣਗੀਆਂ, ਬਾਹਰੀ ਪ੍ਰੀਖਿਆ ਕੇਂਦਰਾਂ ਵਿਚ ਜਾਂ ਉਨ੍ਹਾਂ ਦੇ ਆਪਣੇ ਸਕੂਲ ਵਿਚ, ਅਤੇ ਕੀ ਲੇਖ-ਪ੍ਰਸ਼ਨ ਸਾਰੇ ਬਾਅਦ ਵਿਚ ਤੈਅ ਕੀਤੇ ਜਾਣਗੇ ਜਾਂ ਕੀ ਇਹ ਸਾਰੇ ਤਰੀਕੇ ਨਾਲ ਐਮਸੀਕਿਊਜ਼ ਹੋਣਗੇ।

ਇਕ ਹੋਰ ਸੰਭਾਵਨਾ ਇਹ ਹੈ ਕਿ ਜੇ ਕੋਈ ਬੋਰਡ ਪ੍ਰੀਖਿਆ ਨਹੀਂ ਹੋਵੇਗੀ ਤਾਂ ਨਤੀਜੇ ਵਿਦਿਆਰਥੀਆਂ ਦੇ ਸਬੰਧਤ ਸਕੂਲਾਂ ਵਿਚ ਕੀਤੇ ਕੰਮ ਦੇ ਮੁਲਾਂਕਣ 'ਤੇ ਨਿਰਭਰ ਕਰੇਗਾ।

ਇਕ ਹੋਰ ਚੱਲ ਰਹੀ ਬਹਿਸ ਐਮਸੀਕਿਊਜ਼ ਦੀ ਪ੍ਰਭਾਵਸ਼ੀਲਤਾ ਹੈ। ਹਰ ਕੋਈ ਮੰਨਦਾ ਹੈ ਕਿ ਐਮਸੀਕਿਊਜ਼ ਸਿਲੇਬਸ ਦੇ ਵੱਡੇ ਹਿੱਸੇ ਦੇ ਟੈਸਟ ਦੀ ਆਗਿਆ ਦਿੰਦੇ ਹਨ ਅਤੇ ਅਜਿਹੇ ਟੈਸਟਿੰਗ ਦਾ ਮਾਨਕੀਕਰਨ ਲੇਖ ਦੇ ਫਾਰਮੈਟ ਨਾਲੋਂ ਕਿਤੇ ਵਧੇਰੇ ਭਰੋਸੇਮੰਦ ਹੁੰਦਾ ਹੈ। ਮਾਰਕਿੰਗ ਡਿਜ਼ਾਇਨ ਦੁਆਰਾ ਨਿਰਪੱਖ ਹੋਵੇਗੀ ਅਤੇ ਮਨੁੱਖੀ ਗਲਤੀ ਨੂੰ ਦੂਰ ਕਰਨ ਅਤੇ ਜਲਦੀ ਪ੍ਰਕਿਰਿਆ ਕਰਨ ਲਈ ਆਪਟੀਕਲ ਪਾਠਕਾਂ ਦੀ ਸਹਾਇਤਾ ਨਾਲ ਵੀ ਕੀਤੀ ਜਾ ਸਕਦੀ ਹੈ/ ਅਸਲ ਵਿੱਚ ਇਸ ਤਰ੍ਹਾਂ, ਵਿਦਿਆਰਥੀਆਂ ਨੂੰ ਮਾੜੇ ਪ੍ਰਗਟਾਵੇ ਲਈ ਅਣਉਚਿਤ ਤੌਰ ਤੇ ਸਜ਼ਾ ਨਹੀਂ ਦਿੱਤੀ ਜਾਂਦੀ। ਇਹ ਦਰਸਾਉਣ ਲਈ ਅਧਿਐਨ ਕੀਤੇ ਗਏ ਹਨ ਕਿ ਉੱਚ-ਕ੍ਰਮ ਦੀ ਸੋਚਣ ਦੀਆਂ ਮੁਹਾਰਤਾਂ ਦਾ ਮੁਲਾਂਕਣ ਸਹੀ ਤਰ੍ਹਾਂ ਨਿਰਧਾਰਤ ਐਮਸੀਕਿਊਜ਼ ਦੁਆਰਾ ਕੀਤਾ ਜਾ ਸਕਦਾ ਹੈ। ਕਾਰਕ ਵਿਸ਼ਲੇਸ਼ਣ ਦੀ ਵਰਤੋਂ ਕਰਦੇ ਹੋਏ ਕੁਝ ਅਧਿਐਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਐਮਸੀਕਿਊਜ਼ਅਤੇ ਲੇਖ ਕਿਸਮ ਦੇ ਪ੍ਰਸ਼ਨ ਇਕੋ ਚੀਜ਼ ਦਾ ਮੁਲਾਂਕਣ ਕਰਦੇ ਹਨ। ਹਾਲਾਂਕਿ, ਇਸ ਸਿੱਟੇ ਨੂੰ ਆਮ ਤੌਰ ਤੇ ਸਵੀਕਾਰ ਨਹੀਂ ਕੀਤਾ ਗਿਆ ਹੈ ਅਤੇ ਇਹ ਪੱਕਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਲੇਖਾਂ ਵਿੱਚ ਵਿਦਿਆਰਥੀ ਸਿਖਲਾਈ ਦੇ ਉਹ ਹਿੱਸੇ ਹੁੰਦੇ ਹਨ ਜੋ ਐਮਸੀਕਿਊਜ਼ ਦੁਆਰਾ ਮਾਪ ਨਹੀਂ ਸਕਦੇ।

ਇੱਥੋਂ ਤਕ ਕਿ ਐਮਸੀਕਿਊਜ਼ ਅਤੇ ਲੇਖ ਕਿਸਮ ਦੇ ਪ੍ਰਸ਼ਨਾਂ ਦੀ ਤੁਲਨਾਤਮਕ ਕੁਸ਼ਲਤਾ ਤੇ ਵਿਗਿਆਨਕ ਅਧਿਐਨ ਦੇ ਸੰਦਰਭ ਤੋਂ ਬਿਨਾਂ, ਤਜ਼ਰਬੇਕਾਰ ਅਧਿਆਪਕ ਇਸ ਗੱਲ 'ਤੇ ਸੋਚਦੇ ਹਨ ਕਿ ਵਿਦਿਆਰਥੀ ਆਪਣੇ ਆਪ ਨੂੰ ਮਨਘੜਤ, ਸਹਿਜ ਜਾਂ ਸੂਝ ਨਾਲ ਜ਼ਾਹਰ ਨਹੀਂ ਕਰ ਸਕਣਗੇ ਜੇ ਉਹ ਕਿਤਾਬਾਂ ਪੜ੍ਹਨ ਦੀ ਆਦਤ ਪਾ ਲੈਂਦੇ ਹਨ। ਅੱਗੇ, ਇੱਥੇ "ਅੰਸ਼ਕ ਤੌਰ 'ਤੇ ਸਹੀ" ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿਉਂਕਿ ਐਮਸੀਕਿਊਜ਼ ਦੇ ਜਵਾਬ ਵਿੱਚ ਮਾਰਕ ਕਰਨ ਦਾ ਸਿਧਾਂਤ ਸਭ ਕੁਝ ਹੈ ਜਾਂ ਕੁਝ ਵੀ ਨਹੀਂ।

ਅਨੁਮਾਨਾਂ ਦੁਆਰਾ ਸਹੀ ਉੱਤਰ ਪ੍ਰਾਪਤ ਕਰਨਾ ਸੰਭਵ ਹੈ ਕਿਉਂਕਿ ਵਿਦਿਆਰਥੀ ਨੂੰ ਇਸ ਨੂੰ ਸਹੀ ਠਹਿਰਾਉਣ ਦੀ ਜ਼ਰੂਰਤ ਨਹੀਂ ਹੈ। ਪਰ ਇੱਕ ਲੇਖ ਵਿੱਚ, ਇੱਕ ਵਿਦਿਆਰਥੀ ਕਿਸੇ ਖਾਸ ਦ੍ਰਿਸ਼ਟੀਕੋਣ ਦਾ ਬਚਾਅ ਪ੍ਰਗਿਟ ਕਰਦਿਆਂ ਹੈ ਤੇ ਅੰਕ ਪ੍ਰਾਪਤ ਕਰ ਸਕਦਾ ਹੈ। ਸਮੁੱਚੀ ਮੁਲਾਂਕਣ ਲਈ ਪ੍ਰਸ਼ਨ ਅਤੇ ਮਾਪ ਦੇ ਵੱਖੋ ਵੱਖਰੇ ਢੰਗ ਲੋੜੀਂਦੇ ਹਨ। ਸਮੂਹ ਵਿੱਚ ਹਰੇਕ ਨੇ ਸਹਿਮਤੀ ਜਤਾਈ ਕਿ ਇਹ ਲਾਜ਼ਮੀ ਸੀ ਕਿ ਨਿਰੰਤਰ ਮੁਲਾਂਕਣ, ਜੋ ਕਿ ਇੱਕ ਵਿਦਿਆਰਥੀ ਦੀ ਸਿਖਲਾਈ ਪ੍ਰਕ੍ਰਿਆ ਵਿੱਚ ਬਹੁਤ ਮਹੱਤਵਪੂਰਨ ਹੈ, ਨੂੰ ਅੰਤ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਪ੍ਰਕਾਰ, ਸਮੂਹਕ ਇਮਤਿਹਾਨਾਂ ਵਿਚ ਐਮਸੀਕਿਊਜ਼ ਬਣਾਉਣਾ ਸਮਝਦਾਰੀ ਪੈਦਾ ਕਰਦਾ ਹੈ ਪਰ ਉਹਨਾਂ ਨੂੰ ਸਿਖਲਾਈ ਨੂੰ ਮਾਪਣ ਲਈ ਇਕੋ ਇਕ; ਤਰੀਕਾ ਨਹੀਂ ਹੋਣਾ ਚਾਹੀਦਾ। ਵਿਅਕਤੀਗਤ ਅੰਤਰ ਅਤੇ ਮਲਟੀਪਲ ਬੁੱਧੀਜੀਵੀਤਾਵਾਂ ਨੂੰ ਕਈ ਤਰ੍ਹਾਂ ਦੇ ਤਰੀਕੇ ਜਿਵੇਂ ਕਿ ਜ਼ੁਬਾਨੀ ਅਤੇ ਲਿਖਤ ਟੈਸਟਾਂ, ਪ੍ਰੋਜੈਕਟਾਂ, ਇੰਟਰਵਿਊਆਂ, ਖੋਜ ਪੱਤਰਾਂ, ਕੁਇਜ਼, ਅਤੇ ਹੋਰ ਕਈ ਤਰ੍ਹਾਂ ਦੀਆਂ ਸਾਧਨਾਂ ਦੀ ਨਿਰਣਾਇਕ ਅਤੇ ਚੱਲ ਰਹੀ ਵਰਤੋਂ ਦੁਆਰਾ ਹੀ ਵਿਚਾਰਿਆ ਜਾ ਸਕਦਾ ਹੈ। ਬੋਰਡ ਦੀਆਂ ਪ੍ਰੀਖਿਆਵਾਂ ਇਕਸਾਰਤਾ ਨਾਲ ਐਮਸੀਕਿਊਜ਼ ਪੈਟਰਨ ਦੀ ਪਾਲਣਾ ਕਰ ਸਕਦੀਆਂ ਹਨ ਜਿਵੇਂ ਕਿ ਸੈੱਟ ਪ੍ਰੀਖਿਆਵਾਂ ਦੁਆਰਾ ਕੀਤਾ ਜਾਂਦਾ ਹੈ।

ਹਾਲਾਂਕਿ, ਸਕੂਲ ਵਿਚ ਕੀਤੇ ਜਾ ਰਹੇ ਨਿਰੰਤਰ ਕੰਮ ਨੂੰ ਕਾਫ਼ੀ ਵਜ਼ਨ ਦਿੱਤਾ ਜਾਣਾ ਚਾਹੀਦਾ ਹੈ ਨਹੀਂ ਤਾਂ ਵਿਦਿਆਰਥੀ ਵਿਸ਼ੇ ਦੀ ਡੂੰਘਾਈ ਤੋਂ ਜਾਣਕਾਰੀ ਜ਼ਾਹਰ ਕਰਨ ਦੀ ਸਮਰੱਥਾ ਖੋਹ ਬੈਠਣ ਗਏ/ ਇਤਫਾਕਨ, ਸੰਯੁਕਤ ਕਾਲਜ ਦਾਖਲਾ ਪ੍ਰੀਖਿਆ ਇਕੱਲੇ ਸੈਟ ਨਤੀਜਿਆਂ 'ਤੇ ਨਿਰਭਰ ਨਹੀਂ ਕਰਦੀ - ਪਿਛਲੇ ਚਾਰ ਸਾਲਾਂ ਦੇ ਸਕੂਲ ਦੀਆਂ ਰਿਪੋਰਟਾਂ, ਸੰਬੰਧਿਤ ਅਧਿਆਪਕਾਂ ਦੁਆਰਾ ਸਿਫਾਰਸ਼ਾਂ ਦੇ ਪੱਤਰ, ਲੇਖ ਅਤੇ ਸਵੈ-ਰਿਪੋਰਟਾਂ, ਸਭ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। 2021-22 ਦੇ ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਸੀਬੀਐਸਈ ਫਾਰਮੂਲੇ ਦੇ ਗੁਣਾਂ ਦੀ ਪੜਤਾਲ ਕਰਦਿਆਂ, ਅਹਿਸਾਸ ਹੋਇਆ ਹੈ ਕਿ ਇਕ ਪ੍ਰੀਖਿਆ ਵਾਲਾ ਦੇਸ਼ ਵਿਚ, ਅਸੀਂ ਮੁਲਾਂਕਣ ਦੇ ਵੱਖੋ ਵੱਖਰੇ ਢੰਗਾਂ ਦੀਆਂ ਸੂਖਮਤਾਵਾਂ ਦੁਆਰਾ ਜਾਣਕਾਰੀ ਪ੍ਰਾਪਤ ਕਰਦੇ ਹੋ ਜੋ ਅਸੀਂ ਅਕਸਰ ਨਜ਼ਰਅੰਦਾਜ਼ ਕਰਦੇ ਹਾਂ। ਤੱਥ ਇਹ ਹੈ ਕਿ ਸਾਡੀ ਮੁੱਖ ਚਿੰਤਾ ਇਹ ਹੈ ਕਿ ਸਿੱਖਣ ਦੀ ਗੁਣਵੱਤਾ ਹੋਣੀ ਚਾਹੀਦੀ ਹੈ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ (1780-1839)



ਸਿੱਖ ਸਾਮਰਾਜ ਵਿਚ 1699 ਈ: ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ। ਧਰਮ ਯੁੱਧ ਵਿਚ ਬੇਸ਼ੁਮਾਰ ਸ਼ਹੀਦੀਆਂ ਹੋਈਆਂ। ਸੰਨ 1709 ਈ: ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੇ ਖ਼ਾਲਸੇ ਦੀ ਅਗਵਾਈ ਸ਼ਹੀਦ ਬਾਬਾ ਬੰਦਾ ਬਹਾਦਰ ਜੀ ਨੂੰ ਸੌਂਪੀ ਗਈ, ਜਿਹਨਾਂ ਨੇ ਸੰਨ 1710-1716 ਤੱਕ ਮੁਗਲ ਨੂੰ ਹਰਾ ਕੇ ਪਹਿਲਾ ਖਾਲਸਾ ਰਾਜ ਸਥਾਪਤ ਕੀਤਾ। ਸੰਨ 1716-1738 ਮੁਗਲਾਂ ਨੇ ਫਿਰ ਅੱਤ ਮਚਾਈ ਰੱਖੀ। ਸਿੰਘ ਬਗਾਵਤ ਅਧੀਨ ਗੁਰੀਲਾ ਯੁੱਧਾਂ ਵਿਚ ਰੁੱਝ ਗਏ। ਇਸ ਦੌਰਾਨ 1733-1735 ਮੁਗਲਾਂ ਨੇ ਆਰਜ਼ੀ ਤੌਰ 'ਤੇ ਨਵਾਬੀ ਸ. ਕਪੂਰ ਸਿੰਘ ਜੀ ਨੂੰ ਸੌਂਪੀ। ਸੰਨ 1748-1767 ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਹੋਏ। ਸੰਨ 1763-1774 ਸ. ਚੜ੍ਹਤ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਬਣੇ। ਉਹ ਗੁਜਰਾਂਵਾਲਾ ਵਿਖੇ ਸਥਾਪਤ ਹੋਏ। ਉਹ ਸ. ਨੌਧ ਸਿੰਘ ਦੇ ਪੁੱਤਰ ਅਤੇ ਸ. ਮਹਾਂ ਸਿੰਘ ਦੇ ਪਿਤਾ ਸਨ। ਉਹ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਾਦਾ ਜੀ ਸਨ। ਉਹਨਾਂ ਨੇ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਮੁਹਿੰਮ ਵਿਚ ਹਿੱਸਾ ਲਿਆ ਸੀ। ਉਹਨਾਂ ਨੇ 150 ਘੋੜ ਸਵਾਰਾਂ ਨਾਲ ਸਿੰਘਪੁਰੀਆ ਮਿਸਲ ਤੋਂ ਅਲੱਗ ਹੋ ਕੇ ਸ਼ੁਕਰਚੱਕੀਆ ਮਿਸਲ ਦੀ ਸਥਾਪਨਾ ਕੀਤੀ। ਸੰਨ 1774 ਵਿਚ ਸ. ਮਹਾਂ ਸਿੰਘ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਬਣੇ। ਉਹਨਾਂ ਦੇ ਪੁੱਤਰ ਮਹਾਰਾਜਾ ਰਣਜੀਤ ਸਿੰਘ ਇਤਿਹਾਸ ਦੇ ਜੰਗਜੂ, ਦਲੇਰ ਤੇ ਮਹਾਨ ਸ਼ਖਸੀਅਤ ਹੋਏ ਹਨ। ਉਹਨਾਂ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤਾ, ਜਿਸ ਵਿਚ ਹਰ ਧਰਮ ਦੇ ਲੋਕਾਂ ਦਾ ਬਰਾਬਰ ਦਾ ਸਤਿਕਾਰ ਸੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪ ਜੀ ਦਾ ਜਨਮ 13 ਨਵੰਬਰ 1780 ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਮਿਸਲਦਾਰ ਅਤੇ ਮਾਤਾ ਰਾਜ ਕੌਰ ਜੀ ਦੇ ਘਰ ਹੋਇਆ। ਆਪ ਜੀ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ। ਆਪ ਜੀ ਦੇ ਜਨਮ ਦੀ ਖ਼ਬਰ ਪਿਤਾ ਜੀ ਨੂੰ ਉਸ ਵੇਲੇ ਮਿਲੀ ਜਦੋਂ ਉਹ ਇਕ ਜੰਗ ਜਿੱਤ ਕੇ ਆ ਰਹੇ ਸਨ, ਪੁੱਤਰ ਦਾ ਨਾਂ ਰਣਜੀਤ ਸਿੰਘ ਰੱਖਿਆ।

ਆਪ ਜੀ ਦੀ ਧਾਰਮਿਕ ਵਿੱਦਿਆ, ਘੋੜ ਸਵਾਰੀ, ਤੈਰਾਕੀ, ਸ਼ਸ਼ਤਰ ਵਿੱਦਿਆ ਅਤੇ ਸਰੀਰਕ ਕਸਰਤਾਂ ਦਾ ਵਿਸ਼ੇਸ਼ ਪ੍ਰਬੰਧ ਸੀ। ਆਪ ਤਲਵਾਰ ਦੇ ਧਨੀ ਸਨ। ਛੋਟੀ ਉਮਰ ਵਿਚ ਹੀ ਪਿਤਾ ਨਾਲ ਰਣਭੂਮੀ ਜਾਂਦੇ ਰਹੇ। ਇਕ ਜੰਗ ਵਿਚ 10 ਸਾਲ ਦੀ ਉਮਰ ਵਿਚ ਹੀ ਇਕ ਪਠਾਣ ਨੂੰ ਮਾਰ ਮੁਕਾਇਆ। ਪਿਤਾ ਜੀ ਦੇ ਚਲਾਣੇ ਤੇ 12 ਸਾਲ ਦੀ ਉਮਰ ਵਿਚ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਬਣੇ। ਛੋਟੀ ਉਮਰ ਕਰਕੇ ਸ. ਦਲ ਸਿੰਘ, ਦੀਵਾਨ ਲੱਖਪਤ ਰਾਏ ਅਤੇ ਮਾਤਾ ਰਾਜ ਕੌਰ ਜੀ ਨੇ ਰਿਆਸਤ ਦਾ ਪ੍ਰਬੰਧ ਸੰਭਾਲਿਆ। ਦੀਵਾਨ ਲੱਖਪਤ ਰਾਏ ਅਤੇ ਮਾਤਾ ਜੀ ਦੇ ਚਲਾਣੇ ਵੇਲੇ ਸ. ਰਣਜੀਤ ਸਿੰਘ ਦੀ ਉਮਰ 18 ਸਾਲ ਸੀ। ਉਹਨਾਂ ਨੇ ਕਾਰਜਭਾਰ ਆਪ ਸੰਭਾਲ ਲਿਆ। ਸੰਨ 1795 ਵਿਚ ਆਪ ਜੀ ਦਾ ਵਿਆਹ ਘਨੱਈਆ ਮਿਸਲ ਦੀ ਧੀ ਮਹਿਤਾਬ ਕੌਰ ਨਾਲ ਹੋਇਆ। ਆਪ ਜੀ ਦੀ ਸੱਸ ਰਾਣੀ ਸਦਾ ਕੌਰ ਦੀ ਯੋਗ ਅਗਵਾਈ ਹੇਠ ਆਪ ਜੀ ਨੇ ਬੜੀ ਤਰੱਕੀ ਕੀਤੀ।

ਆਪ ਜੀ ਨੇ ਕਈ ਮਿਸਲਾਂ ਨੂੰ ਜਿੱਤ ਕੇ 1799 ਵਿਚ ਸਿੱਖ ਸਾਮਰਾਜ ਦੀ ਨੀਂਹ ਰੱਖੀ ਕਿ ਜਮਾਲ ਸ਼ਾਹ ਦੇ ਲਾਹੌਰ ਤੋਂ ਵਾਪਸ ਜਾਣ ਤੇ ਭੰਗੀ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਭੰਗੀਆਂ ਦੇ ਅਯਾਸ਼ੀ, ਨਿਕੰਮੇ ਰਾਜ ਪ੍ਰਬੰਧ ਤੋਂ ਪਰਜਾ ਬੜੀ ਦੁਖੀ ਸੀ। ਕਸੂਰ ਦਾ ਨਵਾਬ ਨਿਜ਼ਾਮਦੀਨ ਕਸੂਰ 'ਤੇ ਹਮਲਾ ਕਰਨਾ ਚਾਹੁੰਦਾ ਸੀ। ਪਰਜਾ ਸੁਖ-ਸ਼ਾਂਤੀ ਅਤੇ ਅਮਨ ਲਈ ਸ. ਰਣਜੀਤ ਸਿੰਘ ਜੀ ਨੂੰ ਲਾਹੌਰ ਦਾ ਹਾਕਮ ਬਣਾਉਣਾ ਚਾਹੁੰਦੀ ਸੀ। ਪਰਜਾ ਸੁੱਖ-ਸ਼ਾਂਤੀ ਅਤੇ ਅਮਨ ਲਈ ਸ. ਰਣਜੀਤ ਸਿੰਘ ਜੀ ਨੂੰ ਲਾਹੌਰ ਦਾ ਹਾਕਮ ਬਣਾਉਣਾ ਚਾਹੁੰਦੀ ਸੀ। ਲਾਹੌਰ ਦੇ ਪਤਵੰਤਿਆਂ ਨੇ ਅਰਜ਼ ਕੀਤੀ ਕਿ ਤੁਹਾਨੂੰ ਅਸੀਂ ਲਾਹੌਰ 'ਤੇ ਕਬਜ਼ਾ ਕਰਨ ਦੀ ਬੇਨਤੀ ਕਰਦੇ ਹਾਂ। ਸ਼ਾਮਲ ਸਨ ਹਕੀਮ ਹਾਕਮ ਰਾਇ, ਮਾਹਿਰ ਮਹਿਕਮਦੀਨ, ਮੀਆਂ ਮੁਹੰਮਦ ਚਾਕਰ, ਮੀਆਂ ਮੁਹੰਮਦ ਤਾਹਰ, ਮੀਆਂ ਆਸ਼ਕ ਮੁਹੰਮਦ ਅਤੇ ਭਾਈ ਗੁਰਬਖਸ਼ ਸਿੰਘ ਆਦਿ। ਸ. ਰਣਜੀਤ ਸਿੰਘ ਨੇ ਕਾਜ਼ੀ ਅਬਦੁਲ ਰਹਿਮਾਨ ਨੂੰ ਲਾਹੌਰ ਦੀ ਰਾਜਨੀਤਿਕ ਸਥਿਤੀ ਦਾ ਪੂਰਾ ਜਾਇਜ਼ਾ ਲੈਣ ਲਈ ਭੇਜਿਆ। ਸ. ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਰਾਣੀ ਸਦਾ ਕੌਰ ਵੀ ਰਣਜੀਤ ਸਿੰਘ ਦੀ ਮਦਦ ਲਈ ਆ ਗਈ। ਦੋਹਾਂ ਨੇ 25000 ਦੀ ਫੌਜ ਨਾਲ ਲਾਹੌਰ 'ਤੇ ਹਮਲਾ ਕਰ ਦਿੱਤਾ। ਰਾਣੀ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਤੋਂ ਹਮਲਾ ਕੀਤਾ। ਉਧਰੋਂ ਸ. ਰਣਜੀਤ ਸਿੰਘ ਜੀ ਨੇ ਵੀ ਲੋਹਾਰੀ ਦਰਵਾਜ਼ੇ ਤੋਂ ਹਮਲਾ ਕੀਤਾ। ਭੰਗੀ ਸਾਹਿਬ ਸਿੰਘ ਤੇ ਮੋਹਰ ਸਿੰਘ ਨੱਠ ਗਏ। ਚੇਤ ਸਿੰਘ ਹਜ਼ੂਰੀ ਬਾਗ ਕਿਲੇ ਵਿਚ ਜਾ ਵੜਿਆ। ਮੁਹਕਮਦੀਨ ਨੇ ਸ਼ਹਿਰ ਦੇ ਦਰਵਾਜ਼ੇ ਖੁੱਲ੍ਹਵਾ ਲਏ। ਸਰਦਾਰ ਚੇਤ ਸਿੰਘ ਕਿਲਾ ਖਾਲੀ ਕਰ ਗਿਆ। ਲਾਹੌਰ ਤੇ ਖ਼ਾਲਸੇ ਦਾ ਕਬਜ਼ਾ ਹੋ ਗਿਆ।

7 ਜੁਲਾਈ 1799 ਨੂੰ ਭੰਗੀ ਸਰਦਾਰ ਚੇਤ ਸਿੰਘ ਨੇ ਅਧੀਨਗੀ ਮੰਨ ਲਈ, ਉਸਨੂੰ ਵੱਡੀ ਜਾਗੀਰ ਦਿੱਤੀ ਗਈ। ਭੰਗੀ ਸਰਦਾਰ ਸਾਹਿਬ ਸਿੰਘ ਤੇ ਮੋਹਰ ਸਿੰਘ ਨੇ ਸ. ਜੋਧ ਸਿੰਘ ਰਾਮਗੜ੍ਹੀਆ ਅਤੇ ਕਸੂਰ ਦੇ ਨਵਾਬ ਨਿਜ਼ਾਮਦੀਨ ਨਾਲ ਮਿਲ ਕੇ ਲਾਹੌਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਭਸੀਨ ਦੇ ਮੈਦਾਨ ਵਿਚ ਹੋਈ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ। ਇਹਨਾਂ ਭੰਗੀਆਂ ਨੂੰ ਵੀ ਚੰਗੀਆਂ ਜਾਗੀਰਾਂ ਮਿਲੀਆਂ। ਜਿਸ ਕਿਸੇ ਨੇ ਵੀ ਅਧੀਨਗੀ ਮੰਨ ਲਈ, ਜਗੀਰਾਂ ਦਿੱਤੀਆਂ ਗਈਆਂ। ਨਾਲ ਹੀ ਸੀਰੋਵਾਲ ਅਤੇ ਨਾਰੋਵਾਲ ਵੀ ਜਿੱਤ ਲਏ।

ਸ. ਰਣਜੀਤ ਸਿੰਘ ਨੇ ਜੰਮੂ 'ਤੇ ਚੜ੍ਹਾਈ ਕੀਤੀ। ਜੰਮੂ ਦੇ ਰਾਜੇ ਨੇ ਅਧੀਨਤਾ ਮੰਨ ਲਈ ਅਤੇ 20000 ਰੁਪਏ ਤੇ ਇਕ ਹਾਥੀ ਭੇਂਟ ਕੀਤਾ। ਮੁੜਦਿਆਂ ਸ. ਰਣਜੀਤ ਸਿੰਘ ਨੇ ਸਿਆਲਕੋਟ ਅਤੇ ਦਿਲਾਵਰਗੜ੍ਹ ਉੱਤੇ ਕਬਜ਼ਾ ਕੀਤਾ। ਖਾਲਸੇ ਦੀਆਂ ਹੋ ਰਹੀਆਂ ਜਿੱਤਾਂ ਤੇ ਅੰਗਰੇਜ਼ਾਂ ਨੇ ਵੀ ਦੋਸਤੀ ਦਾ ਹੱਥ ਵਧਾਇਆ।

13 ਅਪ੍ਰੈਲ 1801 ਨੂੰ ਸ. ਰਣਜੀਤ ਸਿੰਘ ਬਕਾਇਦਾ ਤਖਤ 'ਤੇ ਬੈਠਾ ਅਤੇ 'ਮਹਾਰਾਜਾ' ਦੀ ਪਦਵੀ ਹਾਸਲ ਕੀਤੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਮਹਾਰਾਜਾ ਨੇ ਰਾਜ ਪ੍ਰਬੰਧ ਵਿਚ ਸੁਧਾਰ ਲਿਆਂਦਾ। ਰਾਜ ਪ੍ਰਬੰਧ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ ਯੋਗਤਾ ਅਨੁਸਾਰ ਪ੍ਰਬੰਧਕ ਰੱਖਿਆ। ਅਮਨ ਕਾਨੂੰਨ ਨੂੰ ਯਕੀਨੀ ਬਣਾਇਆ। ਪਰਜਾ ਦਾ ਵਿਸ਼ਵਾਸ ਜਿੱਤਿਆ।

ਧਰਮ ਅਸਥਾਨਾਂ ਦੀ ਉਨਤੀ ਲਈ ਮਾਇਆ ਵੰਡੀ। ਸਕੂਲਾਂ ਅਤੇ ਹਸਪਤਾਲਾਂ ਦਾ ਮਿਆਰ ਵਧਾਇਆ। ਸਰਕਾਰੀ ਕਰਮਚਾਰੀਆਂ ਨੂੰ ਪਰਜਾ ਦੇ ਜਵਾਬਦੇਹ ਬਣਾਇਆ। ਲੋਕਰਾਜ ਪੱਖੀ ਸਭਨਾਂ ਦਾ ਸਾਂਝਾ ਪੰਜਾਬੀ ਖਾਲਸਾ ਰਾਜ ਸਥਾਪਤ ਕੀਤਾ। ਭਰਾਤਰੀ ਭਾਵ ਵਧਿਆ, ਛੋਟੀਆਂ-ਵੱਡੀਆਂ ਤਾਕਤਾਂ ਨਾਲ ਬੜੀ ਸਿਆਣਪ ਨਾਲ ਨਜਿੱਠ ਕੇ ਆਪਣਾ ਵਿਸ਼ਾਲ ਰਾਜ ਕਾਇਮ ਕੀਤਾ। ਕੁਸ਼ਲ ਰਾਜ ਪ੍ਰਬੰਧ ਚਲਾਉਂਦਿਆਂ ਜੰਗੀ ਮੁਹਿੰਮਾਂ ਵੀ ਜਾਰੀ ਰੱਖੀਆਂ।

ਸੰਨ 1801 ਕਸੂਰ ਵਿਰੁੱਧ ਫੌਜ ਭੇਜੀ। ਫਸਵੀਂ ਲੜਾਈ ਤੋਂ ਬਾਅਦ ਨਿਜ਼ਾਮਦੀਨ ਨੇ ਅਧੀਨਗੀ ਮੰਨ ਲਈ ਅਤੇ ਰਕਮ ਭਰਨ ਦੀ ਹਾਮੀ ਭਰੀ। ਪਰ ਨਿਜ਼ਾਮਦੀਨ ਨੇ ਇਕ ਵਾਰ ਫਿਰ ਕੋਸ਼ਿਸ਼ ਕੀਤੀ ਪਰ ਮਹਾਰਾਜ ਨੇ ਉਸਨੂੰ ਹਾਰ ਦਿੱਤੀ। ਨਿਜ਼ਾਮਦੀਨ 1807 ਵਿਚ ਗੁਜ਼ਰ ਗਿਆ। ਉਸਦਾ ਭਰਾ ਕੁਤਬਦੀਨ ਕਸੂਰ ਦਾ ਹਾਕਮ ਬਣਿਆ। ਮਹਾਰਾਜਾ ਨੇ ਕਸੂਰ ਤੇ ਚੜ੍ਹਾਈ ਕਰ ਦਿੱਤੀ। ਮਹਾਰਾਜਾ ਨੇ ਕਸੂਰ 'ਤੇ ਕਬਜ਼ਾ ਕਰਕੇ ਨਵਾਬ ਕੁਤਬਦੀਨ ਨੂੰ ਮਮਦੋਟ (ਫਿਰੋਜ਼ਪੁਰ) ਇਕ ਲੱਖ ਰੁਪਏ ਸਾਲਾਨਾ ਆਮਦਨ ਦੀ ਜਗੀਰ ਦੇ ਦਿੱਤੀ। ਸੰਨ 1803 ਵਿਚ ਮਹਾਰਾਜਾ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਮੁਜੱਫਰ ਖਾਂ ਨੇ ਅਧੀਨਗੀ ਮੰਨ ਕੇ ਰਕਮ ਅਦਾ ਕੀਤੀ। ਇਸ ਲੜਾਈ ਵਿਚ ਨਵਾਬ ਕੁਤਬਦੀਨ ਨੇ ਮੁਲਤਾਨ ਦੇ ਨਵਾਬ ਦੀ ਮਦਦ ਕਰਨ ਬਦਲੇ ਮਹਾਰਾਜਾ ਤੋਂ ਮੁਆਫੀ ਲਈ 70 ਹਜ਼ਾਰ ਰੁਪਿਆ ਦਿੱਤਾ। ਸੰਨ 1805 ਵਿਚ ਅੰਗਰੇਜ਼ ਲਾਰਡ ਲੇਕ ਅਤੇ ਇੰਦੌਰ ਦਾ ਮਰਹੱਟਾ ਰਾਜਾ ਜਸਵੰਤ ਰਾਉ ਹਲਕਰ ਵਿਚਕਾਰ ਲੜਾਈ ਦੇ ਆਸਾਰ ਬਣ ਗਏ। ਮਹਾਰਾਜਾ ਨੇ ਉਹਨਾਂ ਦਾ ਰਾਜੀਨਾਵਾਂ ਕਰਵਾ ਦਿੱਤਾ। ਅੰਗਰੇਜ਼ਾਂ ਨੇ ਉਸਦਾ ਇਲਾਕਾ ਵਾਪਸ ਕਰ ਦਿੱਤਾ। ਮਹਾਰਾਜਾ ਨੇ ਪਟਿਆਲਾ ਅਤੇ ਨਾਭਾ ਦਾ ਝਗੜਾ ਵੀ ਨਿਬੇੜਿਆ। ਨਿਪਾਲੀ ਜਰਨੈਲ ਅਮਰ ਸਿੰਘ ਥਾਪਾ ਨੇ ਪਹਾੜੀ ਇਲਾਕਾ ਕਬਜ਼ੇ ਹੇਠ ਲਿਆ ਤਾਂ ਮਹਾਰਾਜਾ ਨੇ ਉਸਨੂੰ ਕਾਂਗੜਾ ਤੋਂ ਭਜਾ ਦਿੱਤਾ। ਮਹਾਰਾਜਾ ਨਾਲ ਹੀ ਪਠਾਨਕੋਟ, ਜਸਰੋਟਾ ਅਤੇ ਚੰਬਾ ਵੀ ਫਤਿਹ ਕਰ ਲਿਆ।

ਸਰਦਾਰ ਤਾਰਾ ਸਿੰਘ ਡਲੇਵਾਲ ਦੇ ਮਰਨ ਤੇ ਮਹਾਰਾਜਾ ਨੇ ਉਸਦਾ ਇਲਾਕਾ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸੰਨ 1808 ਵਿਚ ਪਟਿਆਲਾ ਦੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਸਾਂਝ ਪਾਉਣ ਦਾ ਫੈਸਲਾ ਕੀਤਾ। ਅੰਗਰੇਜ਼ ਨੈਪੋਲੀਅਨ ਅਤੇ ਰੂਸ ਦੇ ਬਾਦਸ਼ਾਹ ਦੇ ਹਮਲੇ ਤੋਂ ਡਰਦਿਆਂ ਸਿੱਖਾਂ ਨਾਲ ਭਿੜਨਾ ਨਹੀਂ ਚਾਹੁੰਦੇ ਸਨ। ਮਹਾਰਾਜਾ ਅਤੇ ਅੰਗਰੇਜ਼ਾਂ ਵਿਚ ਸੰਧੀ ਤਜਵੀਜ਼ ਚੱਲ ਰਹੀ ਸੀ। ਮਹਾਰਾਜਾ ਨੇ ਮਾਲਵੇ ਦੇ ਇਲਾਕੇ ਨੂੰ ਸੁਰੱਖਿਅਤ ਕਰਨਾ ਚਾਹਿਆ। ਅੰਗਰੇਜ਼ਾਂ ਨੇ ਮਹਾਰਾਜਾ ਨੂੰ ਚਿੱਠੀ ਭੇਜੀ ਸਤਲੁਜ ਤੋਂ ਦੱਖਣ ਵੱਲ ਦੇ ਸਿੱਖ ਇਲਾਕਿਆਂ ਨੂੰ ਉਹਨਾਂ ਆਪਣੀ ਰੱਖਿਆ ਹੇਠ ਲੈ ਲਿਆ ਹੈ। ਅੰਗਰੇਜ਼ ਫੌਜ ਲੁਧਿਆਣਾ ਆ ਟਿਕੀ। ਮਹਾਰਾਜਾ ਨੇ ਵੀ ਤਿਆਰ ਫੜ ਲਈ, ਫੌਜ ਦਾ ਤੋਪਖਾਨਾ ਫਿਲੌਰ ਭੇਜਿਆ। ਅੰਮ੍ਰਿਤਸਰ ਦੇ ਕਿਲੇ ਪੱਕੇ ਕਰ ਲਏ। ਤੋਪਾਂ ਬੀੜ ਲਈਆਂ। ਸਿੱਖਾਂ ਨੂੰ ਤਿਆਰੀ ਲਈ ਇਕ ਲੱਖ ਫੌਜ ਦੇ ਦਿੱਤੀ। ਪਰ ਕੋਈ ਕਦਮ ਨਾ ਚੁੱਕਿਆ।

25 ਅਪ੍ਰੈਲ 1809 ਨੂੰ ਅੰਮ੍ਰਿਤਸਰ ਦੀ ਸੰਧੀ ਦੀਆਂ ਹੇਠ ਲਿਖੀਆਂ ਸ਼ਰਤਾਂ ਸਨ:-
ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਵਿਚ ਦੋਸਤਾਨਾ ਰਹੇਗਾ। ਅੰਗਰੇਜ਼ੀ ਸਰਕਾਰ ਮਹਾਰਾਜਾ ਸਾਹਿਬ ਦਾ ਸਤਿਕਾਰ ਅਤੇ ਇਕ ਵੱਡੀ ਸ਼ਕਤੀ ਗਿਣੇਗੀ। ਉਹਨਾਂ ਦੇ ਉਤਰ ਵੱਲ ਸਤਲੁਜ ਦਰਿਆ ਦੇ ਇਲਾਕਿਆਂ ਵਿਚ ਦਖਲ ਨਹੀਂ ਦੇਵੇਗੀ। ਮਹਾਰਾਜਾ ਸਤਲੁਜ ਦੇ ਦੱਖਣ ਦੇ ਇਲਾਕਿਆਂ ਵਿਚ ਦਖਲ ਨਹੀਂ ਦੇਵੇਗਾ।

ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਲੁਧਿਆਣਾ ਛਾਉਣੀ ਪਾ ਲਈ। ਇਸ ਨਾਲ ਮਹਾਰਾਜਾ ਦਾ ਇਕ ਪਾਸਿਉਂ ਅੰਗਰੇਜ਼ਾਂ ਦਾ ਡਰ ਖਤਮ ਹੋ ਗਿਆ। ਹੁਣ ਉਹ ਪੱਛਮ ਦੇ ਪਹਾੜੀ ਇਲਾਕੇ ਜਿੱਤਣ ਵੱਲ ਧਿਆਨ ਕਰਨ ਲੱਗੇ। ਅੰਗਰੇਜ਼ਾਂ ਦੀ ਸਿੱਖਾਂ ਦੀ ਤਾਕਤ ਘਟਾਉਣ ਦੀ ਸਾਜ਼ਿਸ਼ ਸੀ। ਅੰਗਰੇਜ਼ ਲੁਧਿਆਣਾ ਛਾਉਣੀ ਦੇ ਬਰਾਬਰ ਮਹਾਰਾਜਾ ਨੇ ਕਾਂਗੜੇ ਵਾਲੀ ਫੌਜ ਨੂੰ ਫਿਲੌਰ ਤਾਇਨਾਤ ਹੋਣ ਦਾ ਹੁਕਮ ਦਿੱਤਾ। ਨੇਪਾਲ ਦਾ ਸੈਨਾਪਤੀ ਫਿਰ ਕਾਂਗੜਾ ਆ ਵੜਿਆ। ਗੋਰਖਿਆਂ ਨਾਲ ਡਟਵੀਂ ਲੜਾਈ ਹੋਈ, 24 ਸਤੰਬਰ 1809 ਨੂੰ ਖਾਲਸੇ ਦਾ ਕਬਜ਼ਾ ਹੋ ਗਿਆ। ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਹਾਕਮ ਬਣਾ ਦਿੱਤਾ। ਮਹਾਰਾਜਾ ਨੇ ਸ਼ਾਹੀ ਦਰਬਾਰ ਲਾਇਆ, ਜਿਸ ਵਿਚ ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰਾ, ਗੁਲੇਰ, ਕਾਹਲੂਰ, ਮੰਡੀ, ਸੁਕੇਤ ਅਤੇ ਕੁੱਲੂ ਦੇ ਰਾਜੇ ਸ਼ਾਮਲ ਹੋਏ, ਜਿਹਨਾਂ ਰਕਮਾਂ ਅਦਾ ਕੀਤੀਆਂ।

ਮੁਲਤਾਨ ਉੱਤੇ 1803, 1810, 1817, 1818 ਵਿਚ ਹਮਲੇ ਕੀਤੇ। ਨਵਾਬ ਮੁਜਫਰ ਖਾਂ, ਜਿਸਨੇ ਪਹਿਲਾਂ ਅਧੀਨਗੀ ਮੰਨੀ ਸੀ, ਫਿਰ ਬਾਗੀ ਹੋ ਗਿਆ। ਮਹਾਰਾਜਾ ਦੀ ਫੌਜ ਅਤੇ ਸਰਦਾਰ ਫਤਿਹ ਸਿੰਘ ਆਹਲੂਵਾਲੀਆ ਦੀ ਫੌਜ ਨਾਲ ਉਸਦਾ ਟਾਕਰਾ ਹੋਇਆ। ਉਸਨੇ ਹਾਰ ਕੇ ਫਿਰ ਅਧੀਨਗੀ ਮੰਨ ਲਈ।

ਕਾਬਲ ਦੇ ਬਾਦਸ਼ਾਹ ਸ਼ਾਹ ਸ਼ੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲ੍ਹੇਦਾਰ ਜਹਾਨ ਖਾਂ ਸੀ, ਉਸਨੇ ਸ਼ਾਹ ਸ਼ੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤੇ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸ਼ੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧਾ ਅਤੇ 9 ਲੱਖ ਰੁਪਿਆ ਦੇਵਾਂਗਾ। ਉਦੋਂ ਹੀ ਸ਼ਾਹ ਸ਼ੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਜੇ ਤੁਸੀਂ ਸ਼ਾਹ ਸ਼ੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਖਾਲਸਾ ਫੌਜ ਨੂੰ ਕਸ਼ਮੀਰ 'ਤੇ ਚੜ੍ਹਾਈ ਕਰਨ ਦਾ ਹੁਕਮ ਕੀਤਾ। ਸਰਦਾਰ ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਖਾਲਸਾ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸ਼ੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸਾ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਏ ਮੰਗੇ ਤਾਂ ਬਹਾਨੇ ਲਾਉਣ ਲੱਗਾ। ਖਾਲਸਾ ਫੌਜਾਂ ਨੇ ਸ਼ਾਹ ਸ਼ੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਜੂਨ 1813 ਵਿਚ ਬੇਗਮ ਨੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜਈ ਸਰਦਾਰਾਂ ਦੀ ਅਫ਼ਗਾਨਿਸਤਾਨ ਵਿਚ ਵਧਦੀ ਤਾਕਤ ਦੇਖ ਕੇ ਅਟਕ ਦੇ ਕਿਲ੍ਹੇਦਾਰ ਜਹਾਂਦੀਦ ਨੇ ਬਾਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ। ਕਾਬਲ ਤੋਂ ਵਜ਼ੀਰ ਫਤਿਹ ਖਾਂ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਹਜ਼ਾਂਰੇ ਨੇੜੇ ਖੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। ਇਸ ਨਾਲ 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1814 ਵਿਚ ਮਹਾਰਾਜਾ ਆਪ ਕਸ਼ਮੀਰ ਦੀ ਮੁਹਿੰਮ ਤੇ ਗਏ। ਬਹਿਰਾਮ, ਅਮਾਦਪੁਰ ਤੇ ਹਮੀਰਾ 'ਤੇ ਕਬਜ਼ਾ ਕੀਤਾ। ਖਾਸੇ ਨੇ ਸ਼ਿਰੀਨਗਰ ਨੂੰ ਘੇਰਾ ਪਾਇਆ। ਕਸ਼ਮੀਰ ਦੇ ਹਾਕਮ ਅਜ਼ੀਮ ਖਾਂ ਨੇ ਸੁਲਾਹ ਕਰ ਲਈ ਤਾਂ ਮੁਹਿੰਮ ਖਤਮ ਹੋਈ। ਸੰਨ 1815 ਵਿਚ ਖਾਲਸਾ ਫੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਰਾਜਾ ਨੂਰਪੁਰ, ਰਾਜਾ ਜਸਵਾਲ ਅਤੇ ਕਾਂਗੜਾ ਦੇ ਇਲਾਕੇ ਵੀ ਸਰ ਕਰ ਗਏ। ਮੁਲਤਾਨ ਦੇ ਨਵਾਬ ਮੁਜੱਫਰ ਖਾਂ ਨੇ ਚੜ੍ਹਾਈ ਕਰ ਦਿੱਤੀ। ਮੁਲਤਾਨ ਦੇ ਨੇੜੇ ਘਮਸਾਨ ਦੀ ਲੜਾਈ ਹੋਈ। ਨਵਾਬ ਕਿਲੇ ਅੰਦਰ ਚਲਾ ਗਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਚੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਅਕਾਲੀ ਫੂਲਾ ਸਿੰਘ ਦਾ ਜਥਾ ਕਿਲੇ ਵਿਚ ਦਾਖਲ ਹੋ ਗਿਆ। ਮੁਲਤਾਨ ਦਾ ਨਵਾਬ ਮੁਜੱਫਰ ਖਾਂ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ।

18 ਨਵੰਬਰ 1818 ਨੂੰ ਮਹਾਰਾਜਾ ਨੇ ਪਿਸ਼ਾਵਰ 'ਤੇ ਚੜ੍ਹਾਈ ਕੀਤੀ। ਰੁਹਤਾਸ, ਰਾਵਲਪਿੰਡੀ, ਪੰਜਾ ਸਾਹਿਬ ਤੋਂ ਹੁੰਦੇ ਹੋਏ ਹੁਜ਼ਰੋ ਪਹੁੰਚੇ। ਦਰਿਆ ਅਟਕ ਪਾਰ ਪਠਾਣਾਂ ਨਾਲ ਘਮਸਾਣ ਦੀ ਜੰਗ ਹੋਈ। ਸਿੰਘ ਯੋਧੇ ਬਹਾਦਰੀ ਨਾਲ ਲੜੇ। ਮਹਾਰਾਜਾ ਨੇ ਖੈਰਾਬਾਦ ਤੇ ਜਹਾਂਗੀਰੀ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। ਜਦੋਂ ਖਾਲਸਾ ਫੌਜ ਪਿਸ਼ਾਵਰ ਵੱਲ ਵਧੀ ਤਾਂ ਹਾਕਮ ਯਾਰ, ਮੁਹੰਮਦ ਖਾਂ ਭੱਜ ਗਿਆ। ਮਹਾਰਾਜਾ ਦੇ ਹੱਥ 14 ਤੋਪਾਂ ਤੇ ਘੋੜਿਆਂ ਸਮੇਤ ਬਹੁਤ ਸਾਰਾ ਜੰਗੀ ਸਮਾਨ ਹੱਥ ਆਇਆ। ਮਹਾਰਾਜਾ ਨੇ ਕਬਜ਼ਾ ਕਰਕੇ ਜਹਾਂਦਾਦ ਨੂੰ ਪਿਸ਼ਾਵਰ ਦਾ ਹਾਕਮ ਨਿਯੁਕਤ ਕੀਤਾ। ਮਹਾਰਾਜਾ ਨੇ ਮੁੜਨ ਤੇ ਯਾਰ ਮੁਹੰਮਦ ਖਾਂ ਨੇ ਜਹਾਂਦਾਦ ਨੂੰ ਕੱਢ ਕੇ ਬੇਨਤੀ ਭੇਜੀ ਕਿ ਮੈਨੂੰ ਹਾਕਮ ਬਣਾਓ। ਮੈਂ ਸਾਲ ਦਾ ਇਕ ਲੱਖ ਰੁਪਿਆ ਦੇਵਾਂਗਾ। ਮਹਾਰਾਜਾ ਨੇ ਉਸਨੂੰ ਪਿਸ਼ਾਵਰ ਦਾ ਹਾਕਮ ਬਣਾਇਆ।

ਕਸ਼ਮੀਰ ਦਾ ਹਾਕਮ ਜਾਬਰ ਖਾਂ ਪਰਜਾ 'ਤੇ ਬੜਾ ਜ਼ੁਲਮ ਕਰਦਾ ਸੀ। ਉਸਦਾ ਮਾਲ ਮੰਤਰੀ ਪੰਡਤ ਬੀਰ ਦੇਵ ਮਹਾਰਾਜਾ ਦੀ ਸ਼ਰਨ ਵਿਚ ਆ ਗਿਆ। ਮਹਾਰਾਜਾ ਨੇ ਉਸ ਤੋਂ ਕਸ਼ਮੀਰ ਦੇ ਜੰਗੀ ਰਸਤੇ ਦੀ ਸੂਹ ਲੈ ਲਈ। ਰਾਜੌਰੀ ਤੇ ਹਮਲਾ ਕਰਨ ਲਈ ਸ਼ਾਹਜ਼ਾਦਾ ਖੜਕ ਸਿੰਘ ਨੂੰ ਮੁਖੀ ਬਣਾਇਆ। ਉਥੋਂ ਦਾ ਹਾਕਮ ਅਗਰ ਖਾਂ ਭੱਜ ਗਿਆ। ਉਸਦੇ ਭਰਾ ਹਰੀਮਉਲਾ ਨੂੰ ਕੈਦ ਕਰ ਲਿਆ। ਮਹਾਰਾਜਾ ਨੇ ਉਸਨੂੰ ਹਾਕਮ ਬਣਾ ਦਿੱਤਾ।

ਖਾਲਸਾ ਫੌਜ ਬਹਿਰਾਮ ਪਹੁੰਚੀ। ਸਪੀਨ ਦੇ ਹਾਕਮ ਨੇ ਅਧੀਨਗੀ ਮੰਨ ਲਈ। ਪੁਣਛ ਦਾ ਹਾਕਮ ਜਬਰਦਸਤ ਵੀ ਅਧੀਨ ਹੋ ਗਿਆ। ਸੰਨ 1819 ਵਿਚ ਕਸ਼ਮੀਰ ਤੇ ਹੱਲਾ ਬੋਲਿਆ। ਜਬਰ ਖਾਂ ਮੈਦਾਨ ਛੱਡ ਕੇ ਨੱਸ ਗਿਆ। ਅਮਨ ਪੂਰਵਕ ਫੌਜ ਸ੍ਰੀਨਗਰ ਵਿਚ ਦਾਖਲ ਹੋਈ। ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਹਾਕਮ ਨਿਯੁਕਤ ਕੀਤਾ। ਸ. ਸ਼ਾਮ ਸਿੰਘ ਅਟਾਰੀ, ਸ. ਜਵਾਲਾ ਸਿੰਘ ਭੜਾਣੀਆ ਅਤੇ ਮਿਸਰ ਦੀਵਾਨ ਚੰਦ ਇਲਾਕੇ ਦੀ ਨਿਗਰਾਨੀ ਲਈ ਉਥੇ ਟਿਕੇ ਰਹੇ। ਮਹਾਰਾਜਾ ਨੇ ਕਸ਼ਮੀਰ ਦੀ ਉਨਤੀ ਲਈ ਬੜੇ ਯਤਨ ਕੀਤੇ। ਵਿਉਪਾਰ, ਦਸਤਕਾਰੀ ਨੂੰ ਉਤਸ਼ਾਹ ਦਿੱਤਾ। ਜਦ ਭਿਆਨਕ ਕਾਲ ਪਿਆ ਤਾਂ ਮਹਾਰਾਜਾ ਨੇ ਦਿਲ ਖੋਲ੍ਹ ਕੇ ਅਨਾਜ ਵੰਡਿਆ। ਜਰਨੈਲ ਹਰ ਸਿੰਘ ਨਲੂਆ ਨੂੰ ਹਾਕਮ ਨਿਯੁਕਤ ਕੀਤਾ।

ਕਸ਼ਮੀਰ ਦੀ ਜਿੱਤ ਤੋਂ ਬਾਅਦ ਮਹਾਰਾਜਾ ਨੇ ਪਿੰਡ ਭਟੀਆਂ ਚਨਯੋਟ ਮੁਲਤਾਨ ਵਿਖੇ ਖੁੱਲ੍ਹੇ ਦਰਬਾਰ ਲਗਾਏ। ਪਰਜਾ ਦੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਦੇ ਗਏ। ਜਦੋਂ ਮਹਾਰਾਜਾ ਨੂੰ ਪਤਾ ਲੱਗਾ ਕਿ ਮੁਲਤਾਨ ਦਾ ਹਾਕਮ ਸ਼ਾਮ ਸਿੰਘ ਪਿਸੋਰੀਏ ਦੇ ਹੱਥੋਂ ਪਰਜਾ ਦੁਖੀ ਹੈ ਤਾਂ ਉਸਨੂੰ ਤੁਰੰਤ ਪਦਵੀ ਤੋਂ ਲਾਹ ਦਿੱਤਾ। ਜਥੇਦਾਰ ਖੁਸ਼ਹਾਲ ਸਿੰਘ ਨੂੰ ਫੌਜ ਦੇ ਕੇ ਡੇਹਰਾ ਗਾਜ਼ੀ ਖਾਂ ਤੇ ਕਬਜ਼ਾ ਕਰਨ ਲਈ ਭੇਜਿਆ। ਹਾਕਮ ਜਮਾਨ ਖਾਂ ਭੱਜ ਗਿਆ।ਸੰਨ 1820 ਵਿਚ ਸੈਨਾਪਤੀ ਫਤਿਹ ਸਿੰਘ ਆਹਲੂਵਾਲੀਆ, ਸ. ਸ਼ਾਮ ਸਿੰਘ ਅਟਾਰੀ ਤੇ ਦੀਵਾਨ ਰਾਮ ਦਿਆਲ ਦੇ ਨਾਲ ਫੌਜ ਹਜ਼ਾਰੇ ਭੇਜੀ। ਸੈਨਾਪਤੀ ਰਾਮ ਦਿਆਲ ਪਠਾਣਾਂ ਹੱਥੋਂ ਮਾਰਿਆ ਗਿਆ। ਸਿੰਘਾਂ ਨੇ ਪਠਾਣਾਂ ਦੇ ਆਹੂ ਲਾਹ ਦਿੱਤੇ। ਉਹ ਭੱਜ ਗਏ ਹਜ਼ਾਰ ਦਾ ਇਲਾਕਾ ਫਤਿਹ ਹੋ ਗਿਆ।

ਸੰਨ 1821 ਵਿਚ ਸਿੱਖ ਫੌਜਾਂ ਨੇ ਮਨਕੇਰਾ ਦਾਖਲ ਹੁੰਦਿਆਂ ਭਖਰ ਦਾ ਕਿਲਾ ਸਰ ਕੀਤਾ। ਫਿਰ ਡੇਹਰਾ ਇਸਮਾਈਲ ਖਾਂ, ਖਾਨਗੜ੍ਹ ਦੇ ਕਿਲੇ ਸਰ ਕੀਤੇ। ਮਨਕੇਰਾ ਨਵਾਬ ਅਹਿਮਦ ਖਾਂ ਨੇ ਟਾਕਰਾ ਕੀਤਾ। ਪਰ ਛੇਤੀ ਹੀ ਹਾਰ ਮੰਨ ਗਿਆ। ਪਰ ਨਵਾਬ ਅਹਿਮਦ ਖਾਂ ਨੂੰ ਡੇਰਾ ਇਸਮਾਈਲ ਖਾਂ ਜਗੀਰ ਵਿਚ ਦੇ ਦਿੱਤਾ। ਇਸ ਮੁਹਿੰਮ ਵਿਚ ਦਸ ਲੱਖ ਸਾਲਾਨਾ ਆਮਦਨ ਦਾ ਇਲਾਕਾ ਸਿੱਖ ਰਾਜ ਵਿਚ ਆ ਗਿਆ।

ਵਜ਼ੀਰ ਮੁਹੰਮਦ ਖਾਂ ਨੇ 1823 ਵਿਚ ਪਿਸ਼ੌਰ ਤੇ ਚੜ੍ਹਾਈ ਕੀਤੀ। ਉਸਦਾ ਭਰਾ ਮੁਹੰਮਦ ਯਾਰ ਖਾਂ ਪਿਸ਼ੌਰ ਦਾ ਹਾਕਮ ਸੀ। ਪਰ ਉਸਦੇ ਨਾਲ ਰਲਿਆ ਹੋਇਆ ਸੀ। ਤਦ ਹੀ ਤਾਂ ਉਹ ਇਲਾਕਾ ਛੱਡ ਕੇ ਭੱਜ ਗਿਆ। ਅਮੀਨ ਖਾਂ ਨੇ ਬਿਨਾਂ ਕਿਸੇ ਟਾਕਰੇ ਦੇ ਪਿਸ਼ੌਰ ਤੇ ਕਬਜ਼ਾ ਕਰ ਲਿਆ। ਉਹਨਾਂ ਜਹਾਦ ਦਾ ਨਾਅਰਾ ਦੇ ਕੇ ਹੋਰ ਪਠਾਣ ਵੀ ਨਾਲ ਰਲਾ ਲਏ। ਉਹਨਾਂ ਨੇ ਨੌਸ਼ਹਿਰਾ ਅਤੇ ਹਸਤ ਨਗਰ ਮੁਕਾਬਲੇ ਲਈ ਚੁਣ ਲਏ। ਸ਼ਾਹਜਾਦਾ ਸ਼ੇਰ ਸਿੰਘ ਦੀ ਅਗਵਾਈ ਹੇਠ ਖਾਲਸਾ ਫੌਜ ਪਿਸ਼ੌਰ ਵੱਲ ਤੁਰੀ। ਸ. ਹਰੀ ਸਿੰਘ ਨਲੂਆ ਵੀ ਪਹੁੰਚ ਗਿਆ। ਮਹਾਰਾਜਾ ਨਾਲ ਅਕਾਲੀ ਫੂਲਾ ਸਿੰਘ, ਸ. ਦੇਸਾ ਸਿੰਘ ਮਜੀਠੀਆ ਅਤੇ ਫਤਿਹ ਸਿੰਘ ਆਹਲੂਵਾਲੀਆ ਸਨ। ਅਜ਼ੀਮ ਖਾਂ ਦੇ ਭਤੀਜੇ ਮੁਹੰਮਦ ਜਮਾਨ ਨੇ ਜਹਾਂਗੀਰੇ ਦਾ ਕਿਲਾ ਸਰ ਕਰ ਲਿਆ। ਜਦੋਂ ਸਿੱਖ ਫੌਜਾਂ ਪਹੁੰਚੀਆਂ ਤਾਂ ਉਹਨਾਂ ਨੇ ਜਹਾਂਗੀਰੇ ਤੇ ਕਬਜ਼ਾ ਕਰ ਲਿਆ।

ਦੋਸਤ ਮੁਹੰਮਦ ਖਾਂ ਨੇ ਜਬਾਰ ਖਾਨ ਨਾਲ ਜਹਾਂਗੀਰੇ ਦੇ ਨੇੜੇ ਖੂਨੀ ਜੰਗ ਹੋਈ। ਸਿੰਘਾਂ ਨੇ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ। ਪਠਾਣਾਂ ਨੇ ਅਟਕ ਪਾਰ ਗਏ ਸਿੰਘਾਂ ਤੇ ਅਟਕ ਦਾ ਪੁਲ ਤੋੜ ਦਿੱਤਾ। ਮਹਾਰਾਜਾ ਨੇ ਆਪਣਾ ਘੋੜਾ ਅਟਕ ਦਰਿਆ ਵਿਚ ਠੇਲ੍ਹ ਦਿੱਤਾ। ਨਾਲ ਹੀ ਸੂਰਬੀਰ ਖਾਲਸਾ ਅਟਕ ਦਰਿਆ ਪਾਰ ਹੋ ਗਿਆ। ਪਠਾਣ ਜਹਾਂਗੀਰੇ ਤੋਂ ਨੌਸ਼ਹਿਰਾ ਵੱਡੀ ਫੌਜ ਨਾਲ ਇਕੱਠੇ ਹੋ ਗਏ। ਜਹਾਂਗੀਰੇ ਵਿਖੇ ਨਰਾਜ਼ ਸਰਦਾਰ ਜੈ ਸਿੰਘ ਅਟਾਰੀ ਨਜ਼ੀਮ ਖਾਂ ਤੋਂ ਵੱਖ ਹੋ ਕੇ ਮਹਾਰਾਜਾ ਨਾਲ ਆਣ ਰਲਿਆ। ਮਾਰਚ 14, 1824 ਨੂੰ ਅਕਾਲੀ ਫੂਲਾ ਸਿੰਘ ਵੈਰੀਆਂ ਦੇ ਦਲ ਤੇ ਜਾ ਪਏ। ਮਹਾਰਾਜਾ ਨੇ ਹੋਰ ਫੌਜ ਭੇਜੀ। ਅਕਾਲੀ ਜੀ ਨੇ ਰਣਤੱਤੇ ਵਿਚ ਬੜੀ ਬਹਾਦਰੀ ਦੇ ਜੌਹਰ

**(ਬਾਕੀ ਅਗਲੇ ਸਫੇ 'ਤੇ)**

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ (1780-1839)

(ਸਫਾ 23 ਦੀ ਬਾਕੀ)

ਦਿਖਾਏ ਅਤੇ ਲੜਦੇ ਲੜਦੇ ਸ਼ਹੀਦ ਹੋ ਗਏ। ਸਿੱਖ ਫੌਜਾਂ ਨੇ ਰੋਹ ਵਿਚ ਆ ਕੇ ਪਠਾਣਾਂ ਦੇ ਪੈਰ ਉਖਾੜ ਦਿੱਤੇ। ਪਠਾਣ ਭੱਜ ਗਏ, ਖਾਲਸਾ ਫੌਜ ਦੇ ਹੱਥ ਬਹੁਤ ਸਾਰਾ ਜੰਗੀ ਸਮਾਨ ਆਇਆ। ਇਸ ਜੰਗ ਵਿਚ ਖਾਲਸਾ ਫੌਜ ਦਾ ਵੀ ਵੱਡਾ ਨੁਕਸਾਨ ਹੋਇਆ। ਪਰ ਬਹੁਤ ਸਾਰਾ ਪਠਾਣੀ ਇਲਾਕਾ ਮਹਾਰਾਜਾ ਦੇ ਕਬਜ਼ੇ ਵਿਚ ਆ ਗਿਆ। ਤੇ ਦੋਸਤ ਮੁਹੰਮਦ ਖਾਂ ਨੇ 50 ਵਧੀਆ ਘੋੜੇ ਅਤੇ ਹੋਰ ਕੀਮਤੀ ਤੋਹਫ਼ੇ ਮਹਾਰਾਜਾ ਨੂੰ ਭੇਂਟ ਕੀਤੇ। ਯਾਰ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ।

ਸਯਦ ਅਹਿਮਦ ਨੇ 50,000 ਪਠਾਣਾਂ ਨੂੰ ਜਹਾਦ ਦੇ ਨਾਂ ਹੇਠ ਇਕੱਠਾ ਕਰ ਲਿਆ। ਮਹਾਰਾਜਾ ਨੇ ਬਗਾਵਤ ਨੂੰ ਦਬਾਉਣ ਲਈ ਸਰਦਾਰ ਬੁੱਧ ਸਿੰਘ ਸੰਧਾਵਾਲੀਆ ਨੂੰ ਪਿਸ਼ੌਰ ਭੇਜਿਆ। ਦੋ ਤਕੜੀਆਂ ਜੰਗਾਂ ਵਿਚ ਸਯਦ ਅਹਿਮਦ ਹਾਰ ਗਿਆ। ਉਹ ਫਿਰ ਅਟਕ ਦੇ ਇਲਾਕੇ ਵਿਚ ਆ ਨਿਕਲਿਆ। ਮਹਾਰਾਜਾ ਖੜਕ ਸਿੰਘ ਜੀ ਨੂੰ ਭੇਜਿਆ। ਪਠਾਣਾਂ ਅਤੇ ਸਿੰਘਾਂ ਵਿਚ ਤਕੜਾ ਯੁੱਧ ਹੋਇਆ। ਪਠਾਣ ਮੈਦਾਨ ਛੱਡ ਕੇ ਭੱਜ ਗਏ। ਮਹਾਰਾਜਾ ਨੇ ਫਿਰ ਵੀ ਤਿਆਰੀ ਨਾਲ ਪਿਸ਼ੌਰ ਤੇ ਹਮਲਾ ਕੀਤਾ। ਯਾਰ ਮੁਹੰਮਦ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ। ਉਹ ਸਯਦ ਅਹਿਮਦ ਦੇ ਹੱਥੋਂ ਮਾਰਿਆ ਗਿਆ। ਸਯਦ ਅਹਿਮਦ ਨੇ ਪਿਸ਼ੌਰ ਤੇ ਕਬਜ਼ਾ ਕਰ ਲਿਆ। ਉਸਨੇ ਔਰਤਾਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ।

ਕੰਵਰ ਸ਼ੇਰ ਸਿੰਘ ਤੇ ਵਨਤੂਰਾ ਦੀ ਅਗਵਾਈ ਹੇਠ ਫੌਜ ਭੇਜੀ ਗਈ। ਸਯਦ ਅਹਿਮਦ ਦੀ ਹਾਰ ਹੋਈ। ਪਿਸ਼ੌਰ ਤੇ ਮਹਾਰਾਜਾ ਦਾ ਕਬਜ਼ਾ ਹੋ ਗਿਆ। ਸੁਲਤਾਨ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ। ਉਸਨੇ ਪ੍ਰਸਿੱਧ ਘੋੜਾ ਮਹਾਰਾਜਾ ਨੂੰ ਭੇਂਟ ਕੀਤਾ। ਸਯਦ ਅਹਿਮਦ ਨੇ ਸੁਲਤਾਨ ਮੁਹੰਮਦ ਨਾਲ ਕਈ ਵਾਰ ਲੜਾਈਆਂ ਲੜੀਆਂ। ਅੰਤ ਵਿਚ ਪਠਾਣ ਉਸਦਾ ਸਾਥ ਛੱਡ ਗਏ। ਉਹ ਮੁਜੱਫਰਾਬਾਦ ਚਲਾ ਗਿਆ। ਖਾਲਸਾ ਫੌਜ ਨੇ ਮੁਜੱ-ਫਰਨਗਰ ਦੇ ਕਿਲੇ ਨੂੰ ਘੇਰਾ ਪਾ ਲਿਆ। ਸਯਦ ਅਹਿਮਦ ਮਾਰਿਆ ਗਿਆ।

ਅੰਗਰੇਜ਼ਾਂ ਨਾਲ ਪ੍ਰਬੰਧਕਾਂ ਦੀਆਂ ਮੁਲਾਕਾਤਾਂ ਹੋਈਆਂ। ਮਹਾਰਾਜਾ ਨਾਲ ਵੀ ਅਕਤੂਬਰ 1831 ਨੂੰ ਮੁਲਾਕਾਤ ਹੋਈ, ਜੋ ਏਕਤਾ ਦਾ ਸਬੂਤ ਸਨ। ਸੰਨ 1834 ਵਿਚ ਮਹਾਰਾਜਾ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਅਤੇ ਹਰੀ ਸਿੰਘ ਨਲੂਆ ਅਧੀਨ ਫੌਜ ਪਿਸ਼ਾਵਰ ਭੇਜੀ। ਪਠਾਣਾਂ ਨੇ ਸ਼ਹਿਰ ਦੀ ਕਿਲਾਬੰਦੀ ਕਰਕੇ ਖਾਲਸੇ ਦਾ ਟਾਕਰਾ ਕੀਤਾ। ਪਰ ਖਾਲਸੇ ਦੀ ਜਿੱਤ ਹੋਈ। ਪਿਸ਼ਾਵਰ ਦਾ ਹਾਕਮ ਕੰਵਰ ਨੌਨਿਹਾਲ ਨੂੰ ਨਿਯੁਕਤ ਕੀਤਾ। ਮਹਾਰਾਜਾ ਨੇ ਹੋਰ ਵੀ ਕਿਲੇ ਬਣਾ ਲਏ। ਕਾਬਲ ਦੇ ਬਾਦਸ਼ਾਹ ਮੁਹੰਮਦ ਖਾਂ ਨੇ 1835 ਵਿਚ ਪਿਸ਼ਾਵਰ ਤੇ ਚੜ੍ਹਾਈ ਕਰ ਦਿੱਤੀ। ਪਰ ਛੇਤੀ ਹੀ ਜਿੱਤਣ ਦੀ ਉਮੀਦ ਛੱਡ ਦਿੱਤੀ। ਕੰਵਰ ਸ਼ੇਰ ਸਿੰਘ ਕਸ਼ਮੀਰ ਦਾ ਹਾਕਮ ਸੀ, ਨੇ ਲਦਾਖ ਤੇ ਸ. ਜ਼ੋਰਾਵਰ ਸਿੰਘ ਹੇਠ 8000 ਫੌਜ ਭੇਜੀ। ਪਹਾੜੀਆਂ ਦੀ ਦੋ ਮਹੀਨੇ ਦੀ ਲੜਾਈ ਵਿਚ ਲਦਾਖੀ ਭੱਜ ਗਏ। ਲਦਾਖ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ।

ਸ. ਹਰੀ ਸਿੰਘ ਨਲੂਆ ਨੇ ਕਾਬਲ ਤੋਂ ਆਉਣ ਵਾਲੇ ਦੁਸ਼ਮਣਾਂ ਦੇ ਵੱਡੇ ਰਾਹ ਦਰ੍ਹਾ ਖੈਬਰ ਨੂੰ ਰੋਕਣ ਦਾ ਫੈਸਲਾ ਕੀਤਾ। ਇਸ ਲਈ ਦਰ੍ਹਾ ਖੈਬਰ ਦੇ ਅੱਗੇ ਜਮਰੌਦ 'ਤੇ ਕਬਜ਼ਾ ਕੀਤਾ। ਪਿਸ਼ੌਰ ਤੋਂ ਜਮਰੌਦ ਦੇ ਰਾਹ ਉੱਤੇ 'ਬੁਰਜ ਹਰੀ ਸਿੰਘ ਕਿਲਾ ਬਣਵਾਇਆ। ਇਕ ਕਿਲਾ ਬਾੜਾ ਨਦੀ ਦੇ ਕੰਢੇ ਅਤੇ ਹਸਤਾਨਗਰ, ਬਿਜੌਰ ਤੇ ਗੰਧਾਰ ਦੇ ਰਾਹ ਰੋਕਣ ਲਈ ਸ਼ੰਕਰਗੜ੍ਹ ਕਿਲਾ ਬਣਾਇਆ। ਇਸ ਪਠਾਣੀ ਇਲਾਕੇ ਵਿਚ ਵੱਡੀ ਫੌਜ ਰੱਖ ਕੇ ਅਮਨ ਕਾਇਮ ਕੀਤਾ।

ਅਪ੍ਰੈਲ 1837 ਨੂੰ ਦੋਸਤ ਮੁਹੰਮਦ ਖਾਂ ਨੇ ਸਿੱਖ ਰਾਜ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ। ਆਪਣੇ ਪੁੱਤਰ ਮੁਹੰਮਦ ਅਕਬਰ ਦੇ ਹੇਠ ਫੌਜ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜੀ। ਉਸ ਵੇਲੇ ਸ. ਮਹਾਂ ਸਿੰਘ ਦੇ ਕੋਲ 800 ਫੌਜੀ ਸਨ ਤੇ ਉਹ ਬਿਮਾਰ ਸੀ। ਸ. ਹਰੀ ਸਿੰਘ ਨਲੂਆ ਵੀ ਮੌਜੂਦ ਨਹੀਂ ਸੀ। ਦੁਸ਼ਮਣ ਦੀ ਫੌਜ ਨੇ ਜਮਰੌਦ ਕਿਲੇ ਦੀਆਂ ਕੰਧਾਂ ਤੇ ਗੋਲੇ ਵਰਸ-ਾਉਣੇ ਸ਼ੁਰੂ ਕਰ ਦਿੱਤੇ। ਸ. ਮਹਾਂ ਸਿੰਘ ਨੇ ਮੁਕਾਬਲਾ ਕੀਤਾ। ਪਠਾਣਾਂ ਨੇ ਕਿਲੇ ਦੀ ਕੰਧ ਢਾਹ ਲਈ ਪਰ ਡਰਦੇ ਕਿਲੇ ਵਿਚ ਨਾ ਵੜੇ।

ਸ. ਹਰੀ ਸਿੰਘ ਨਲੂਆ ਵੱਲ ਚਿੱਠੀ ਭੇਜੀ ਗਈ। ਸ. ਨਲੂਆ 10 ਹਜ਼ਾਰ ਦੀ ਫੌਜ ਲੈ ਕੇ ਜਮਰੌਦ ਪੁੱਜਾ। ਸਿੰਘਾਂ ਅਤੇ ਪਠਾਣਾਂ ਦੀ ਭਿਆਨਕ ਲੜਾਈ ਹੋਈ। ਸਿੰਘਾਂ ਨੇ ਪਠਾਣਾਂ ਨੂੰ ਮਾਰ ਢੇਰ ਲਗਾ ਦਿੱਤੇ। ਪਠਾਣੀ ਫੌਜ ਭੱਜ ਗਈ। ਉਹ 14 ਤੋਪਾਂ ਅਤੇ ਜੰਗੀ ਸਮਾਨ ਵੀ ਛੱਡ ਗਏ। ਸ. ਨਿਧਾਨ ਸਿੰਘ ਪਿੱਛਾ ਕਰਦਾ ਪਠਾਣੀ ਫੌਜ ਦੇ ਘੇਰੇ ਵਿਚ ਆ ਗਿਆ। ਸ. ਨਲੂਆ ਉਸਦੀ ਮਦਦ ਲਈ ਦੌੜੇ।

ਪਠਾਣ ਲੁਕੇ ਹੋਏ ਵੀ ਸਨ। ਉਹਨਾਂ ਸ. ਨਲੂਆ ਤੇ ਗੋਲੀਆਂ ਚਲਾ ਦਿੱਤੀਆਂ। ਸਖਤ ਫੱਟੜ ਖਾਲਸੇ ਨੇ ਲੁਕੇ ਹੋਏ ਪਠਾਣਾਂ ਨੂੰ ਮਾਰ ਮੁਕਾਇਆ। ਸ. ਨਲੂਆ ਨੂੰ ਜਮਰੌਦ ਦੇ ਕਿਲੇ ਵਿਚ ਲਿਜਾਇਆ ਗਿਆ, ਜ਼ਖਮਾਂ ਦਾ ਇਲਾਜ ਕੀਤਾ ਪਰ ਉਹ ਸ਼ਹੀਦੀ ਪਾ ਗਏ। ਮਹਾਰਾਜਾ ਨੇ ਆਪ ਪਿਸ਼ੌਰ ਜਾ ਕੇ ਬਹਾਦਰ ਜਰਨੈਲ ਨੂੰ ਸ਼ਰਧਾਂਜਲੀ ਦਿੱਤੀ।

ਅਫ਼ਗਾਨ ਤੇ ਕਬਜ਼ਾ ਕਰਨ ਲਈ ਮਹਾਰਾਜਾ ਨੇ ਕੰਵਰ ਨੌਨਿਹਾਲ ਸਿੰਘ ਨਾਲ ਫੌਜ ਭੇਜੀ। ਇਸ ਜੰਗ ਵਿਚ ਸਿੱਖ ਅਤੇ ਅੰਗਰੇਜ਼ ਰਲ ਕੇ ਲੜੇ। ਦੋਸਤ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਸ਼ਾਹ ਸੁਜਾਹ ਨੂੰ ਕਾਬਲ ਦਾ ਹਾਕਮ ਬਣਾਇਆ।ਮਈ 1839 ਨੂੰ ਮਹਾਰਾਜਾ ਨੂੰ ਅਧਰੰਗ ਦਾ ਸਖਤ ਦੌਰਾ ਪਿਆ। ਰੋਗ ਵਧਦਾ ਹੀ ਗਿਆ। ਮਹਾਰਾਜਾ ਨੇ ਸਭ ਮੋਹਤਬਰਾਂ ਨੂੰ ਬੁਲਾ ਕੇ ਹਜ਼ੂਰੀ ਬਾਗ ਵਿਚ ਆਖਰੀ ਦਰਬਾਰ ਕੀਤਾ। ਸ਼ਹਿਜਾਦਾ ਖੜਕ ਸਿੰਘ ਨੂੰ ਰਾਜ ਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ ਗਈ। ਮੁੱਖ ਵਜ਼ੀਰ ਰਾਜਾ ਧਿਆਨ ਸਿੰਘ ਨੂੰ ਬਣਾਇਆ। ਮਹਾਰਾਜਾ ਦੇ ਬੋਲ ਸਨ ਕਿ ਖਾਲਸਾ ਜੀ ਸਿੱਖ ਰਾਜ ਦੀ ਵਾੜੀ ਨੂੰ ਬੜੀ ਮਿਹਨਤ ਅਤੇ ਮੁਸ਼ਕਿਲ ਨਾਲ ਸਤਿਗੁਰੂ ਦੀ ਬਖਸ਼ਿਸ਼ ਨਾਲ ਲਾਇਆ ਹੈ।

ਵੇਖਣਾ ਕੋਈ ਐਸਾ ਕੰਮ ਨਾ ਕਰਨਾਂ ਕਿ ਖਾਲਸਾ ਰਾਜ ਨੂੰ ਨੁਕਸਾਨ ਪੁੱਜੇ। ਖ਼ਾਲਸਾਈ ਨਿਸ਼ਾਨ ਨੂੰ ਉੱਚਿਆਂ ਰੱਖਣ ਲਈ ਜ਼ੋਰ ਲਾਉਣਾ। ਮਹਾਰਾਜਾ ਦਾ ਅਕਾਲ ਚਲਾਣਾ 27 ਜੂਨ 1839 ਨੂੰ ਹੋਇਆ। ਲੋਕ ਮਹਾਰਾਜਾ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ। ਲੋਕਾਂ ਨੇ ਇਕੋ ਆਵਾਜ਼ ਵਿਚ ਕਿਹਾ ਕਿ ਪੰਜਾਬ ਰੰਡੀ ਹੋ ਗਈ ਹੈ। ਮਹਾਰਾਜਾ ਦਾ ਸਸਕਾਰ ਛੋਟੀ ਰਾਵੀ ਦੇ ਕੰਢੇ ਲਾਹੋਰ ਕਿਲੇ ਦੇ ਬਾਹਰ ਗੁਰਦੁਆਰਾ ਡੇਹਰਾ ਸਾਹਿਬ ਸਾਹਮਣੇ ਕੀਤਾ ਗਿਆ। ਇਸ ਦੀ ਯਾਦਗਾਰ ਪੱਛਮੀ ਪੰਜਾਬ ਪਾਕਿਸਤਾਨ ਵਿਚ ਰਹਿ ਗਈ ਹੈ। ਮਹਾਰਾਜਾ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤਾ। ਚਾਰ ਸੂਬੇ ਸਨ- ਲਾਹੋਰ, ਮੁਲਤਾਨ, ਪਿਸ਼ਾਵਰ ਅਤੇ ਕਸ਼ਮੀਰ।

# ਵਕਤ ਇਕੋ ਜਿਹਾ ਨਹੀਂ ਰਹਿੰਦਾ

ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ
ਕਦੇ ਧੁੱਪਾਂ ਸਿਰ ਤੇ ਪੈਂਦੀਆਂ ਨੇ
ਤੇ ਕਦੇ ਛਾਮਾਂ ਵਾਲੇ ਰੁੱਖ ਵੀ ਨੇ
ਕਦੇ ਚਾਨਣ ਕਦੇ ਹਨੇਰਾ ਏ
ਕਦੇ ਰਾਤਾਂ ਕਦੇ ਸਵੇਰਾ ਏ
ਪਰ ਤੂੰ ਹੱਸਣਾ ਕਿਤੇ ਭੁੱਲ ਜਾਈਂ ਨਾ
ਗੁੰਮਨਾਮ ਹੋ ਕੇ ਰੁਲ ਜਾਈ ਨਾ
ਗੱਲ ਰੱਖੀ ਯਾਦ ਸਿਆਣਿਆਂ ਦੀ
ਦੁੱਖਾਂ ਬਾਦ ਆਉਂਦੇ ਸਦਾ ਸੁੱਖ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ ..

ਅੱਜ ਦਾ ਦਿਨ ਮਸਤੀ ਵਿਚ ਕੱਢ ਲੈ
ਕੱਲ੍ਹ ਆਊ, ਦੇਖੀ ਜਾਊਗੀ
ਸ਼ਾਇਦ ਕੱਲ੍ਹ ਨੂੰ ਅੱਖਾਂ ਹੋ ਜਾਣਾ ਸਿੱਲੀਆਂ
ਸ਼ਾਇਦ ਖੁਸ਼ੀ ਵਿਹੜੇ ਵਿਚ ਆਊਗੀ
ਕੁਝ ਅਰਮਾਨ ਕੱਲ੍ਹ ਨੂੰ ਭਾਮੇ ਜੇ ਜਾਵਣ ਪੂਰੇ
ਤੇ ਕੁਝ ਅਰਮਾਨ ਸ਼ਾਇਦ ਜਾਣੇ ਟੁੱਟ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ

ਕੋਈ ਚੜ੍ਹ ਗਿਆ ਉਤੇ ਅਰਸ਼ਾਂ 'ਤੇ
ਤੇ ਕੋਈ ਬੈਠਾ ਰਹਿ ਗਿਆ ਫਰਸ਼ਾਂ 'ਤੇ
ਇਹ ਤਾਂ ਕਿਸਮਤ ਦੇ ਸਿਤਾਰੇ ਨੇ
ਬਾਕੀ ਮਿਹਨਤ ਤਾਂ ਕਰਦੇ ਸਾਰੇ ਨੇ
ਕੁਝ ਫਾਈਬ ਸਟਾਰਾਂ ਵਿਚ ਖਾਣ ਖਾਣੇ
ਕੁਝ ਖਾਂਦੇ ਭੁੰਜਿਉਂ ਚੁੱਕ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ।

ਚੰਗੇ ਮਾੜੇ ਦਿਨ ਤਾਂ ਆਉਂਦੇ ਹੀ ਰਹਿੰਦੇ
ਰੱਖੀਂ ਹੌਸਲਾ ਤੇ ਦਿਲ ਨੂੰ ਛੱਡੀ ਨਾ
ਆਸਾਂ ਦੇ ਸਾਲ ਦਿਲਾਂ ਵਿਚ ਲੰਘ ਜਾਂਦੇ
ਤੇ ਤੂੰ ਆਸਾਂ ਦਿਲਾਂ 'ਚੋਂ ਕੱਢੀ ਨਾ
ਸਿੰਬਲ ਰੁੱਖ ਉਚਾ ਪਰ ਫਲਾਂ ਤੋਂ ਖਾਲੀ
ਨੀਮੇ ਰੁੱਖ ਫਲਾਂ ਨਾਲ ਜਾਂਦੇ ਝੁਕ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ ਕਦੇ ਸੁੱਖ ਵੀ ਨੇ।

ਕਦੇ ਤੱਕ ਲਈ ਜਾ ਕੇ ਪੰਛੀਆਂ ਨੂੰ
ਕੱਚੇ ਆਲਣਿਆਂ 'ਚ ਜ਼ਿੰਦਗੀ ਬਿਤਾਉਂਦੇ ਨੇ
ਚਾਰ ਦਾਣੇ ਜਦ ਖਾਣ ਨੂੰ ਮਿਲ ਜਾਂਦੇ
ਉਹ ਵੀ ਰੱਬ ਦਾ ਸ਼ੁਕਰ ਮਨਾਉਂਦੇ ਨੇ
ਉਹਨਾਂ ਕੋਲ ਪੱਕੇ ਮਹਿਲ ਕੋਠੀਆਂ ਨਹੀਂ
ਬੱਸ ਕੁਝ ਟਾਹਣੀਆਂ ਤੇ ਕੁਝ ਰੁੱਖ ਹੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ।

ਹੋਣਾ ਉਹੀ ਜੋ ਰੱਬ ਨੂੰ ਮਨਜ਼ੂਰ ਐ
ਬੰਦਾ ਵਕਤ ਦੇ ਅੱਗੇ ਮਜ਼ਬੂਰ ਐ
ਮੰਜ਼ਿਲਾਂ ਵੱਲ ਨੂੰ ਤੁਰਦਾ ਜਾ 'ਧਾਮੀ'
ਪੈਂਡਾ ਮੁੱਕਾ ਜਾਣਾ ਚਾਹੇ ਜ਼ਰਾ ਦੂਰ ਐ
ਜੇ ਉਹਨੇ ਦੁੱਖ ਦਿੱਤੇ ਉਹਦੀ ਮਰਜ਼ੀ
ਉਹਨੇ ਆਪੇ ਦੇਣੇ ਸੁੱਖ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ
ਕਦੇ ਧੁੱਪਾਂ ਸਿਰ 'ਤੇ ਪੈਂਦੀਆਂ ਨੇ
ਤੇ ਕਦੇ ਛਾਮਾਂ ਵਾਲੇ ਰੁੱਖ ਵੀ ਨੇ
ਪਰ ਤੂੰ ਹੱਸਣਾ ਕਿਤੇ ਭੁੱਲ ਜਾਈ ਨਾ
ਗੁੰਮਨਾਮ ਹੋ ਕੇ ਰੁੱਲ ਜਾਈ ਨਾ
ਗੱਲ ਰੱਖੀ ਯਾਦ ਸਿਆਣਿਆਂ ਦੀ
ਦੁੱਖਾਂ ਬਾਅਦ ਆਉਂਦੇ ਸਦਾ ਸੁੱਖ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ।

ਹੋਣਾ ਉਹੀ ਜੋ ਰੱਬ ਨੂੰ ਮਨਜ਼ੂਰ ਐ
ਬੰਦਾ ਵਕਤ ਦੇ ਅੱਗੇ ਮਜ਼ਬੂਰ ਐ
ਮੰਜ਼ਿਲਾਂ ਵੱਲ ਨੂੰ ਤੁਰਦਾ ਜਾ 'ਧਾਮੀ'
ਪੈਂਡਾ ਮੁੱਕ ਜਾਣਾ ਚਾਹੇ ਜ਼ਰਾ ਦੂਰ ਐ
ਜੇ ਉਹਨੇ ਦੁੱਖ ਦਿੱਤੇ ਉਹਦੀ ਮਰਜ਼ੀ
ਉਹਨੇ ਆਪੇ ਦੇਣੇ ਸੁੱਖ ਵੀ ਨੇ
ਇਹ ਵਕਤ ਇਕੋ ਜਿਹਾ ਨਹੀਂ ਰਹਿੰਦਾ
ਕਦੇ ਦੁੱਖ ਵੀ ਨੇ, ਕਦੇ ਸੁੱਖ ਵੀ ਨੇ
ਕਦੇ ਧੁੱਪਾਂ ਸਿਰ ਤੇ ਪੈਂਦੀਆਂ ਨੇ
ਤੇ ਕਦ ਛਾਮਾਂ ਵਾਲੇ ਰੁੱਖ ਵੀ ਨੇ।



ਜੁਗਿੰਦਰ 'ਧਾਮੀ'
ਪਿੱਪਲਾਂਵਾਲੀਆ
530-844-0987



# ਅਧਿਆਪਕ ਤੋਂ ਬਲਾਕ ਸਿੱਖਿਆ ਅਧਿਕਾਰੀ ਤੱਕ ਦਾ ਸਫਰ ਤਹਿ ਕਰਨ ਵਾਲਾ : ਸ੍ਰ. ਜੋਗਿੰਦਰ ਸਿੰਘ

ਰਾਸ਼ਟਰ ਨਿਰਮਾਤਾ ਕਹਾਉਣ ਵਾਲੇ ਅਧਿਆਪਕ ਦਾ ਸਨਮਾਨ ਸਮਾਜ ਅੰਦਰ ਭਾਵੇਂ ਘੱਟਿਆ ਹੈ ਪਰ ਫਿਰ ਵੀ ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ ।ਇਹੋ ਜਿਹਾ ਹੀ ਇਨਸਾਨ ਹੈ ਸ੍ਰ. ਜੋਗਿੰਦਰ ਸਿੰਘ ਜੋ ਸਿੱਖਿਆ ਖੇਤਰ ਵਿੱਚ ਵਿਲੱਖਣ ਸੇਵਾ ਨਿਭਾ ਚੁੱਕਿਆ ਹੈ। ਉਨ੍ਹਾਂ ਦਾ ਜਨਮ ਅਮਲੋਹ ਨੇੜਲੇ ਪਿੰਡ ਟਿੱਬੀ ਵਿਖੇ ਪਿਤਾ ਸ੍ਰ. ਕਰਨੈਲ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਜਸਵੰਤ ਕੌਰ ਦੀ ਕੁੱਖੋਂ 2 ਮਈ 1963 ਨੂੰ ਹੋਇਆ।ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਸਰਕਾਰੀ ਹਾਈ ਸਕੂਲ ਟਿੱਬੀ ਜਿਲ੍ਹਾ ਪਟਿਆਲਾ (ਹੁਣ ਫਤਿਹਗੜ੍ਹ ਸਾਹਿਬ) ਤੋਂ ਪ੍ਰਾਪਤ ਕੀਤੀ ।ਉਨ੍ਹਾਂ ਨੇ ਫਰਵਰੀ 1978 ਵਿੱਚ ਹੋਈ ਬੋਰਡ ਦੀ ਮਿਡਲ ਪ੍ਰੀਖਿਆ 'ਚੋਂ ਮੈਰਿਟ ਵਿੱਚ ਆ ਕੇ ਸਕੂ.ਲ ਅਤੇ ਮਾਪਿਆਂ ਦਾ ਨਾਂ ਉੱਚਾ ਕੀਤਾ ਅਤੇ ਉਨ੍ਹਾਂ ਨੂੰ ਮੈਰਿਟ ਵਜ਼ੀਫਾ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੋਇਆ ।ਉਨ੍ਹਾਂ ਨੇ ਪਿੰਡ ਦੇ ਹੀ ਸਕੂ.ਲ ਤੋਂ ਮਾਰਚ 1980 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਕਰ ਲਈ।ਪੜ੍ਹਾਈ ਦੌਰਾਨ ਉਨ੍ਹਾਂ ਨੇ ਕਦੇ ਵੀ ਟਿਊਸ਼ਨ ਦਾ ਸਹਾਰਾ ਨਹੀਂ ਲਿਆ।ਘਰੇਲੂ ਆਰਥਿਕ ਤੰਗੀਆਂ ਅਤੇ ਮਜਬੂਰੀਆਂ ਕਰਕੇ ਘਰ ਦੀ ਦਸ਼ਾ ਕੋਈ ਬਹੁਤੀ ਵਧੀਆ ਨਾ ਹੋਣ ਕਰਕੇ ਉਨ੍ਹਾਂ ਨੇ ਕੋਈ ਥੋੜੇ ਸਮੇਂ ਦਾ ਕੋਰਸ ਕਰਕੇ ਨੌਕਰੀ ਤੇ ਲੱਗਣ ਨੂੰ ਪਹਿਲ ਦਿੱਤੀ।ਇਸ ਉਪਰੰਤ ਉਨ੍ਹਾਂ ਨੇ ਆਪਣਾ ਅਧਿਆਪਕ ਬਣਨ ਦਾ ਸੁਪਨਾ ਲਿਆ, ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਨਾਭਾ ਦੀ ਜੇ.ਬੀ.ਟੀ. ਸੰਸਥਾ ਤੋਂ ਦੋ ਸਾਲਾ ਜੇ.ਬੀ.ਟੀ. ਦੀ ਟ੍ਰੇਨਿੰਗ 1982 ਵਿੱਚ ਕਰ ਲਈ ।ਸਿੱਖਿਆ ਵਿਭਾਗ ਵਲੋਂ ਉਨ੍ਹਾਂ ਦੀ ਬਤੌਰ ਜੇ.ਬੀ.ਟੀ. ਅਧਿਆਪਕ ਐਡਹਾਕ ਨਿਯੁਕਤੀ ਹੋਣ ਉਪਰੰਤ ਉਨ੍ਹਾਂ ਨੇ 4 ਜਨਵਰੀ 1984 ਨੂੰ ਬਲਾਕ ਸਮਾਨਾ-1 ਵਿੱਚ ਪਹਿਲੀ ਹਾਜ਼ਰੀ ਦੇ ਕੇ ਸੇਵਾ ਆਰੰਭੀ ਅਤੇ 1 ਅਪ੍ਰੈਲ 1985 ਨੂੰ ਬਲਾਕ ਸਮਾਨਾ-1 ਵਿੱਚ ਰੈਗੂਲਰ ਹੋਣ ਉਪਰੰਤ ਉਨ੍ਹਾਂ ਨੇ ਆਪਣੀ ਬਦਲੀ 1 ਅਕਤੂਬਰ 1987 ਨੂੰ ਬਲਾਕ ਭਾਦਸੋਂ-1 (ਨਾਭਾ) ਦੇ ਸ.ਪ੍ਰ.ਸ. ਜੱਸੋਮਾਜਰਾ ਵਿਖੇ ਕਰਵਾ ਲਈ।ਉਨ੍ਹਾਂ ਦਾ ਵਿਆਹ ਪਿੰਡ ਚੌਂਦਾ (ਸੰਗਰੂਰ) ਦੇ ਸ਼੍ਰ. ਛੱਜੂ ਸਿੰਘ ਦੀ ਪੁੱਤਰੀ ਸੁਖਵਿੰਦਰ ਕੌਰ ਨਾਲ 15 ਜੂਨ 1986 ਨੂੰ ਹੋ ਗਿਆ।ਸ਼੍ਰ. ਜੋਗਿੰਦਰ ਸਿੰਘ ਨੇ ਉਚੇਰੀ ਸਿੱਖਿਆ ਦੇ ਆਧਾਰ ਤੇ ਸਿੱਧੀ ਭਰਤੀ ਰਾਹੀਂ ਹੈਡ ਟੀਚਰ ਦੀ ਨਿਯੁਕਤੀ ਹੋਣ ਉਪਰੰਤ ਸ.ਪ੍ਰ.ਸ. ਬੌੜਾਂ ਖੁਰਦ (ਬਲਾਕ ਭਾਦਸੋਂ-1) ਵਿਖੇ 20 ਨਵੰਬਰ 2001 ਨੂੰ ਹਾਜ਼ਰੀ ਦਿੱਤੀ।ਉਨ੍ਹਾਂ ਨੇ ਹਰ ਥਾਂ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦੇ ਨਾਲ-ਨਾਲ ਬੱਚਿਆਂ ਲਈ ਲੋੜੀਂਦੀਆਂ ਚੀਜ਼ਾਂ ਜਿਵੇਂ ਕਿ ਵਰਦੀਆਂ,ਕਾਪੀਆਂ ਆਦਿ ਲੋਕਾਂ ਨਾਲ ਵਧੀਆ ਤਾਲਮੇਲ ਹੋਣ ਕਰਕੇ ਦਿਵਾਉਂਦੇ ਰਹੇ। ਉਨ੍ਹਾਂ ਦੇ ਸਕੂਲ ਦੇ ਬੱਚੇ ਖੇਡਾਂ ਅਤੇ ਵਿਦਿਅਕ ਮੁਕਾਬਲਿਆਂ ਆਦਿ ਵਿੱਚ ਸਟੇਟ ਪੱਧਰ ਤੱਕ ਦੇ ਮੁਕਾਬਲਿਆਂ'ਚ ਭਾਗ ਲੈ ਕੇ ਸਕੂਲ ਦਾ ਨਾਂ ਉੱਚਾ ਕਰਦੇ ਰਹੇ ਹਨ ।ਉਨ੍ਹਾਂ ਦੇ ਆਪਣੇ ਸਟਾਫ ਮੈਂਬਰਾਂ ਨਾਲ ਹਮੇਸ਼ਾਂ ਪਰਿਵਾਰਕ ਰਿਸਤੇ ਵਾਂਗ ਸੰਬੰਧ ਰਹੇ ਹਨ।ਉਹ ਇਸੇ ਬਲਾਕ ਵਿੱਚ ਪਦ-ਉਨਤ ਹੋਣ ਉਪਰੰਤ ਬਤੌਰ ਸੈਂਟਰ ਹੈਡ ਟੀਚਰ 30 ਨਵੰਬਰ 2010 ਨੂੰ ਤੈਨਾਤ ਹੋ ਕੇ ਆਪਣੀ ਡਿਊਟੀ ਨੂੰ ਬੜੇ ਉਤਸ਼ਾਹ ਅਤੇ ਲਗਨ ਨਾਲ ਨਿਭਾਉਂਦੇ ਰਹੇ।ਸਰਵ ਸਿੱਖਿਆ ਅਭਿਆਨ ਮੁਹਿੰਮ ਤਹਿਤ ਡਾਈਟ ਨਾਭਾ ਵਿਖੇ ਲੱਗਦੇ ਅਧਿਆਪਕ ਸੈਮੀਨਾਰਾਂ ਵਿੱਚ ਬਤੌਰ ਰਿਸੋਰਸ ਪਰਸਨ ਸਫਲਤਾਪੂਰਵਕ ਅਧਿਆਪਕਾਂ ਨੂੰ ਟ੍ਰੇਨਿੰਗ ਦੇਣ ਦੀ ਡਿਊਟੀ ਤਾਂ ਨਿਭਾਉਂਦੇ ਰਹੇ,ਸਗੋਂ ਅਧਿਆਪਕਾਂ ਦੇ ਮਨਾਂ ਦੇ ਸ਼ੰਕਿਆਂ ਦਾ ਨਿਵਾਰਣ ਵੀ ਕਰਦੇ ਰਹੇ। ਸ.ਪ੍ਰ.ਸ. ਸੌਜਾ ਬਲਾਕ ਭਾਦਸੋਂ-1 (ਨਾਭਾ) ਤੋਂ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਦ-ਉਨਤ 26 ਅਗਸਤ 2016 ਨੂੰ ਹੋਣ ਉਪਰੰਤ ਦਫਤਰ ਜਿਲ੍ਹਾ ਸਿੱਖਿਆ ਦਫਤਰ (ਐ.ਸਿ.) ਪਟਿਆਲਾ ਵਿਖੇ 29 ਅਗਸਤ 2016 ਨੂੰ ਹਾਜ਼ਰ ਹੋਏ ਅਤੇ 1 ਸਤੰਬਰ 2016 ਨੂੰ ਸਟੇਸ਼ਨ ਅਲਾਟ ਹੋਣ ਉਪਰੰਤ ਉਨ੍ਹਾਂ ਨੇ ਸਮਾਨਾ ਬਲਾਕ-2 ਦੇ ਦਫਤਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵਿਖੇ ਬਤੌਰ ਬੀ.ਪੀ.ਈ.ਓ. ਹਾਜ਼ਰ ਹੋ ਕੇ ਦਫਤਰ ਦਾ ਕਾਰਜ-ਭਾਰ ਸੰਭਾਲ ਕੇ ਆਪਣੀਆਂ ਸੇਵਾਵਾਂ ਬਤੌਰ ਬਲਾਕ ਸਿੱਖਿਆ ਅਫਸਰ ਨਿਭਾਉਣੀਆਂ ਆਰੰਭ ਕਰ ਦਿੱਤੀਆਂ।ਸਿੱਖਿਆ ਵਿਭਾਗ ਨੇ ਇਨ੍ਹਾਂ ਦੀ ਕਾਬਲੀਅਤ ਨੂੰ ਦੇਖਦੇ ਹੋਏ ਕਈ ਬਲਾਕਾਂ ਜਿਵੇਂ ਬਲਾਕ ਭੁਨਰਹੇੜੀ-1,ਬਲਾਕ ਸਮਾਨਾ-1 ਐਟ ਪਾਤੜਾਂ ,ਬਲਾਕ ਭੁਨਰਹੇੜੀ-2 ਐਟ ਸਨੌਰ ਅਤੇ ਦੇਵੀਗੜ੍ਹ ਦਾ ਵਾਧੂ ਚਾਰਜ ਵੀ ਦੇ ਦਿੱਤਾ , ਜਿਥੇ ਉਨ੍ਹਾਂ ਨੇ ਆਪਣੇ ਬਲਾਕ ਦੇ ਨਾਲੋ ਨਾਲ ਵਾਧੂ ਬਲਾਕਾਂ 'ਚ ਵੀ ਮਿਸਾਲੀ ਕੰਮ ਕਰਕੇ ਨਾਮਣਾ ਖੱਟਿਆ।



ਉਹ ਚੌਥਾ ਦਰਜਾ ਕਰਮਚਾਰੀਆਂ ਨੂੰ ਬਰਾਬਰ ਸਮਝਦੇ ਰਹੇ ਹਨ। ਸਕਾਰਾਤਮਿਕ ਅਤੇ ਉਸਾਰੂ ਸੋਚ ਦੇ ਧਾਰਨੀ ਸ਼੍ਰ. ਜੋਗਿੰਦਰ ਸਿੰਘ ਨੇ ਆਪਣੇ ਅਧੀਨ ਕਰਮਚਾਰੀਆਂ ਨੂੰ ਆਪਣੇ ਅਹੁੱਦੇ ਕਰਕੇ ਅਧੀਨਗੀ ਦਾ ਅਹਿਸਾਸ ਕਦੇ ਨਹੀਂ ਕਰਵਾਇਆ।ਜੇਕਰ ਦਫਤਰ ਵਿੱਚ ਅਣਜਾਨੇ ਵਿੱਚ ਕਿਸੇ ਕਰਮਚਾਰੀ ਤੋਂ ਕਿਸੇ ਕੰਮ ਵਿੱਚ ਕੋਈ ਊਣਤਾਈ ਰਹਿ ਜਾਂਦੀ ਜਾਂ ਕਿਸੇ ਪੱਤਰ ਦਾ ਸਮੇਂ ਸਿਰ ਕਿਸੇ ਕਾਰਨ ਨਿਪਟਾਰਾ ਨਾ ਹੋਣ ਦੀ ਸੰਭਾਵਨਾ ਹੁੰਦੀ ਤਾਂ ਉਨ੍ਹਾਂ ਹਾਲਾਤਾਂ ਵਿੱਚ ਉਹ ਆਪਣੀ ਸਿਆਣਪ ਅਤੇ ਤਜਰਬੇ ਦੀ ਵਰਤੋਂ ਕਰਦੇ ਹੋਏ ਸਟਾਫ ਦੇ ਨਾਲ ਲੱਗ ਕੇ ਅਗਵਾਈ ਦਿੰਦੇ ਹੋਏ ਕੰਮ ਦਾ ਨਿਪਟਾਰਾ ਕਰ-ਾਉਂਦੇ ਰਹੇ।ਉਹ ਖੁਦ ਕਲੈਰੀਕਲ ਕੰਮ ਦੇ ਮਾਹਿਰ ਹੋਣ ਕਾਰਨ ਆਪ ਕੰਮ ਕਰਨ ਤੋਂ ਵੀ ਕਦੇ ਨਹੀਂ ਝਿਜਕੇ। ਇਸ ਤਰ੍ਹਾਂ ਆਪਣੇ ਦਫਤਰ ਦੇ ਸਟਾਫ ਲਈ ਕੁਝ ਨਾ ਕੁਝ ਨਵਾਂ ਸਿੱਖਣ ਲਈ ਉਹ ਪ੍ਰੇਰਨਾ ਸ੍ਰੋਤ ਬਣੇ ਰਹੇ। ਉਹ ਆਪਣੀ ਵਧੀਆ ਕਾਰਜਗੁਜਾਰੀ ਅਤੇ ਤਜਰਬੇ ਕਾਰਨ ਫਾਈਲਾਂ ਦਾ ਨਿਪਟਾਰਾ ਸਰਕਾਰ ਦੀਆਂ ਹਦਾਇਤਾਂ/ ਰੂਲਾਂ ਅਨੁਸਾਰ ਕਰਨ ਨੂੰ ਪਹਿਲ ਦੇਣ ਕਰਕੇ ਉਨ੍ਹਾਂ ਦੀ ਉੱਚ ਅਧਿਕਾਰੀਆਂ ਵਲੋਂ ਸਰਾਹਨਾ ਕੀਤੀ ਜਾਂਦੀ ਰਹੀ ਹੈ।ਉਹ ਜਦੋਂ ਵੀ ਸਕੂਲਾਂ ਦੀ ਵਿਜ਼ਟ ਕਰਨ ਗਏ ਤਾਂ ਅਫਸਰਾਂ ਵਾਂਗ ਹਊਆ ਬਣ ਕੇ ਨਹੀਂ ਗਏ ਸਗੋਂ ਅਧਿਆਪਕਾਂ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਦੇ ਨਾਲ ਆਪਣੀ ਡਿਊਟੀ ਨਿਭਾਉਂਦੇ ਹੋਏ ਪ੍ਰੇਰਨਾ ਅਤੇ ਉਤਸ਼ਾਹ ਵੀ ਦੇ ਕੇ ਆਉਂਦੇ।ਇਹੀ ਕਾਰਨ ਹੈ ਕਿ ਬਲਾਕ ਸਮਾਨਾ-2 ਦੇ ਕੰਮਾਂ 'ਚ ਮਿਸ਼ਾਲੀ ਸੁਧਾਰ ਹੋਣ ਕਰਕੇ ਅਧਿਆਪਕਾਂ ਅੰਦਰ ਉਨ੍ਹਾਂ ਦੀ ਹਰਮਨਪਿਆਰਤਾ ਵਧੀ।ਸ੍ਰ. ਜੋਗਿੰਦਰ ਸਿੰਘ ਵਲੋਂ ਵੱਖ-ਵੱਖ ਅਹੁਦਿਆਂ ਤੇ ਲੱਗ ਭੱਗ ਸਾਢੇ 37 ਸਾਲ ਸੇਵਾ ਕਰਨ ਉਪ੍ਰੰਤ 31 ਮਈ 2021 ਨੂੰ ਸੇਵਾ ਮੁਕਤੀ ਸਮੇਂ ਉਨ੍ਹਾਂ ਦੀਆਂ ਵਧੀਆਂ ਸੇਵਾਵਾਂ ਅਤੇ ਇਮਾਨਦਾਰ ਅਫਸਰ ਵਜੋਂ ਬਲਾਕ ਸਮਾਨਾ-2 ਦੇ ਅਧਿਆਪਕਾਂ ਅਤੇ ਦਫਤਰੀ ਸਟਾਫ ਵਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਕਰਕੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ । ਸਿੱਖਿਆ ਬਲਾਕ ਭਾਦਸੋਂ ਅਤੇ ਹੋਰ ਬਲਾਕਾਂ ਦੇ ਅਧਿਆਪਕ ਆਪਣੇ ਗੁੰਝਲਦਾਰ ਮਸਲਿਆਂ ਲਈ ਇਨ੍ਹਾਂ ਨੂੰ ਮਿਲਣ ਆਉਂਦੇ ਰਹਿੰਦੇ ਹਨ ਜੋ ਉਨ੍ਹਾਂ ਦੇ ਦਫਤਰੀ ਕੰਮਾਂ 'ਚ ਨਿਪੁੰਨਤਾ ਦੀ ਹਾਮੀ ਭਰਦੇ ਹਨ। ਉਹ ਸਮਾਜ ਸੇਵਾ ਨੂੰ ਸਮਰਪਿਤ, ਮਿੱਠ-ਬੋਲੜੇ, ਹਲੀਮੀ ਦੇ ਪ੍ਰਤੀਕ, ਸਮੇਂ ਦੇ ਪਾਬੰਦ,ਦੂਜਿਆਂ ਦੇ ਦੁੱਖ ਸੁੱਖ ਦੇ ਭਾਈਵਾਲ,ਕੁਸ਼ਲ ਅਣਥੱਕ ਪ੍ਰਬੰਧਕ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਇੱਕ ਨੇਕ ਵਿਲੱਖਣ ਸਖਸ਼ੀਅਤ ਹੋਣ ਦੇ ਨਾਤੇ ਉਹ ਅਧਿਆਪਕ, ਵਿਦਿਆਰਥੀ ਅਤੇ ਸਮਾਜ ਲਈ ਰੋਲ ਮਾਡਲ ਹਨ। ਆਪਣੀ ਸਰਵਿਸ ਦੇ ਦੌਰਾਨ ਹੀ ਪ੍ਰਭਾਕਰ ਅਤੇ ਐਮ.ਏ.( ਲੋਕ ਪ੍ਰਸ-ਾਸ਼ਨ) ਤੱਕ ਦੀ ਉਚੇਰੀ ਪੜ੍ਹਾਈ ਕਰਨ ਦੀ ਲਗਨ ਤੋਂ ਸਹਿਜੇ ਹੀ ਉਨ੍ਹਾਂ ਦੇ ਅੰਦਰਲੇ ਗੂੜ ਗਿਆਨ ਦਾ ਪਤਾ ਲਗਦਾ ਹੈ।ਸਿੱਖਿਆ ਖੇਤਰ ਵਿੱਚ ਨਿਭਾਈਆਂ ਵਿਲੱਖਣ ਸੇਵਾਵਾਂ ਕਾਰਣ ਉਨ੍ਹਾਂ ਨੂੰ ਸਿੱਖਿਆ ਵਿਭਾਗ ਦੇ ਸਟੇਟ, ਜਿਲ੍ਹਾ ਅਤੇ ਹੋਰ ਅਧਿਕਾਰੀਆਂ ਵਲੋਂ ਸਮੇਂ-ਸਮੇਂ ਸਨਮਾਨ ਪੱਤਰ ਦੇ ਕੇ ਸਨ-ਮਾਨਿਤ ਕੀਤਾ ਗਿਆ ਹੈ।ਸ਼੍ਰ. ਜੋਗਿੰਦਰ ਸਿੰਘ ਆਪਣੀ ਸੁਪਤਨੀ ਸ਼੍ਰੀਮਤੀ ਸੁਖਵਿੰਦਰ ਕੌਰ, ਬੇਟੇ ਸਿਮਰਨਜੀਤ ਸਿੰਘ (ਐਮ.ਏ., ਬੀ.ਐਡ.,ਪੀ.ਜੀ.ਡੀ.ਸੀ.ਏ.) ਜੋ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਿਹਾ ਹੈ, ਨਾਲ ਨਾਭਾ ਵਿਖੇ ਸ਼ਾਦਗੀ ਨਾਲ ਰਹਿ ਰਹੇ ਹਨ। ਉਨ੍ਹਾਂ ਦੀ ਬੇਟੀ ਹਰਮਨਜੋਤ ਕੌਰ (ਐਮ.ਏ.,ਬੀ.ਐਡ.,ਯੂ.ਜੀ.ਸੀ.ਨੈੱਟ) ਅਸਿਸਟੈਂਟ ਪ੍ਰੋਫੈਸਰ (ਮਾਨਤਾ ਪ੍ਰਾਪਤ ਕਾਲਜ), ਪਟਿਆਲਾ ਦੇ ਸ਼੍ਰ. ਸਿਮਰਨਜੀਤ ਸਿੰਘ ਅਸਿਸਟੈਂਟ ਮਨੈਜਰ ਐਸ.ਬੀ.ਆਈ. ਨਾਲ ਵਿਆਹ ਉਪਰੰਤ ਆਪਣੇ ਬੱਚਿਆਂ ਬੇਟੀ ਸਹਿਜਨੂਰ ਕੌਰ ਅਤੇ ਬੇਟੇ ਗੁਰਤਾਜਵੀਰ ਨਾਲ ਰਹਿ ਰਹੀ ਹੈ। ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ, ਤੰਦਰੁਸਤੀ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।



ਮੇਜਰ ਸਿੰਘ ਨਾਭਾ
91-94635-53962

# ਕਈ ਮਹੀਨਿਆਂ ਬਾਅਦ ਫਿਰ ਲੱਗਣਗੀਆਂ ਸਕੂਲਾਂ ਵਿੱਚ ਬੱਚਿਆਂ ਦੀਆਂ ਰੌਣਕਾਂ

ਕਰੋਨਾ ਮਹਾਂਮਾਰੀ ਕਾਰਨ ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਦੇ ਬੰਦ ਪਏ ਸਮੂਹ ਪ੍ਰਾਇਮਰੀ, ਮਿਡਲ, ਹਾਈ ਤੇ ਸੈਕੰਡਰੀ ਸਕੂਲਾਂ ਵਿੱਚ ਫਿਰ ਤੋਂ ਵਿਦਿਆਰਥੀਆਂ ਦੀਆਂ ਰੌਣਕਾਂ ਲੱਗਣਗੀਆਂ। ਜਿਸ ਕਰਕੇ ਸਕੂਲਾਂ ਵਿੱਚ ਸੁੰਨੇ ਪਏ ਵਿਹੜੇ, ਦਰੱਖਤ, ਫੁੱਲ, ਕਮਰੇ, ਬਿਲਡਿੰਗਾਂ,ਗਰਾਊਂਡ, ਕੰਧਾਂ ਤੇ ਫਿਰ ਤੋਂ ਬਹਾਰ ਆਵੇਗੀ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ 10ਵੀਂ ਤੋਂ ਬਾਰਵੀਂ ਜਮਾਤ ਤੱਕ ਸਮੂਹ ਸਕੂਲ 26 ਜੁਲਾਈ 2021 ਤੋਂ ਸਵੇਰੇ 8 ਵਜੇ ਤੋ ਦੁਪਿਹਰ 2 ਵਜੇ ਤੱਕ ਖੋਲ੍ਹਣ ਦੇ ਫੈਸਲੇ ਦਾ ਸਭ ਨੇ ਸਵਾਗਤ ਕੀਤਾ ਹੈ, ਅਗਰ ਸਭ ਕੁਝ ਠੀਕ ਠਾਕ ਰਿਹਾ ਤਾਂ ਬਾਕੀ ਸਾਰੀਆਂ ਜਮਾਤਾਂ ਦੇ ਸਕੂਲ ਵੀ 2 ਅਗਸਤ 2021 ਤੋਂ ਖੋਲ੍ਹਣ ਦਾ ਐਲਾਨ ਕੀਤਾ। ਹਰ ਇੱਕ ਵਿਦਿਆਰਥੀ, ਮਾਪੇ, ਆਮ ਲੋਕਾਂ ਅਤੇ ਅਧਿਆਪਕਾਂ ਨੇ ਸਰਕਾਰ ਦੇ ਇਸ ਫੈਸਲੇ ਖੁਸ਼ੀ ਪ੍ਰਗਟ ਕੀਤੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਸਮੁੱਚੇ ਸੰਸਾਰ ਵਿੱਚ ਕੋਰੋਨਾ ਮਹਾਂਮਾਰੀ ਦਾ ਹੁਣ ਬਿਲਕੁਲ ਖਾਤਮਾ ਹੋਵੇ ਅਤੇ ਦੁਆਰਾ ਕਦੇ ਵੀ ਇਸ ਤਰ੍ਹਾਂ ਦੀ ਆਫ਼ਤ ਨਾਂ ਆਵੇ। ਵਿਦਿਆਰਥੀਆਂ ਨੂੰ ਮਾਪਿਆਂ ਤੋਂ ਲਿਖਤੀ ਰੂਪ ਵਿੱਚ ਸਕੂਲ ਆਉਣ ਦੀ ਸਹਿਮਤੀ ਉਪਰੰਤ ਹੀ ਕਲਾਸਾਂ ਲਗਾਉਣ ਦੀ ਆਗਿਆ ਹੋਵੇਗੀ।

ਹੁਣ ਪੂਰੇ ਦੇਸ਼ ਅੰਦਰ ਕਿਉਂਕਿ ਲਗਭਗ ਸਭ ਕੰਮ ਕਾਰ ਸ਼ੁਰੂ ਹੋ ਚੁੱਕੇ ਸਨ, ਸਿਰਫ਼ ਸਕੂਲ ਹੀ ਬੰਦ ਸਨ ਜਿਸ ਕਾਰਨ ਲੋਕ ਚਾਹੁੰਦੇ ਸਨ ਕਿ ਸਕੂਲ ਵੀ ਜਲਦੀ ਖੋਲ੍ਹੇ ਜਾਣ, ਹੁਣ ਸਰਕਾਰ ਵੱਲੋਂ ਸਕੂਲ ਖੋਲ੍ਹਣ ਦੇ ਐਲਾਨ ਨਾਲ ਹਰ ਇੱਕ ਪੰਜਾਬੀ ਦੇ ਚਿਹਰੇ ਤੇ ਖੁਸ਼ੀ ਆਈ ਹੈ, ਵਿਦਿਆਰਥੀ ਅਤੇ ਮਾਪੇ ਬਹੁਤ ਹੀ ਖੁਸ਼ ਹਨ ਕਿ ਉਹਨਾਂ ਨੂੰ ਸਕੂਲਾਂ ਵਿੱਚ ਹਾਜਰ ਹੋ ਕੇ, ਦੋਸਤਾਂ ਨੂੰ, ਅਧਿਆਪਕਾਂ ਨੂੰ ਮਿਲਕੇ ਸਿੱਖਿਆ ਗ੍ਰਹਿਣ ਕਰਨ ਦਾ ਅਵਸਰ ਮਿਲੇਗਾ। ਹੁਣ ਮਾਪੇ ਪੰਜਾਬ ਵਿੱਚ ਪੈ ਰਹੀ ਅੱਤ ਦੀ ਗਰਮੀ ਦੌਰਾਨ ਵੀ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਨੂੰ ਤਿਆਰ ਬੈਠੇ ਹਨ। ਇਸੇ ਤਰ੍ਹਾਂ ਸਰਕਾਰ ਨੂੰ ਨਰਸਰੀ ਜਮਾਤ ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੀ ਸਕੂਲ ਜਲਦੀ ਖੋਲ੍ਹਣ ਦਾ ਐਲਾਨ ਕਰਨਾ ਚਾਹੀਦਾ ਹੈ ਕਿਉਂਕਿ ਹਰ ਇਕ ਇਨਸਾਨ, ਮਾਪੇ, ਬੱਚੇ ਕਰੋਨਾ ਮਹਾਂਮਾਰੀ ਦੇ ਭੈਅ ਤੋਂ ਘਰ ਬੈਠ ਕੇ ਅੱਕ ਚੁੱਕੇ ਹਨ। ਸਭ ਸੂਝਵਾਨ ਹਨ ਤੇ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਕੋਰੋਨਾ ਮਹਾਂਮਾਰੀ ਤੋਂ ਬਚਾਅ ਲਈ ਬੱਚਿਆਂ ਦੇ ਮਾਸਕ ਲਗਾ ਕੇ, ਸੈਨੇਟਾਈਜਰ ਆਦਿ ਦੇ ਕੇ, ਸੋਸ਼ਲ ਡਿਸਟੈਂਸ ਬਣਾ ਕੇ ਰੱਖਣਗੇ।

ਵਿਕਸਿਤ ਦੇਸ਼ਾਂ ਨੇ ਮਹਾਂਮਾਰੀ ਦੇ ਨਾਲ ਨਿਪਟਦਿਆਂ ਇਹ ਯਕੀਨੀ ਬਣਾਇਆ ਕਿ ਕਿਸੇ ਵੀ ਹਾਲਤ ਵਿੱਚ ਸਕੂਲ ਬੰਦ ਨਹੀਂ ਹੋਣੇ ਚਾਹੀਦੇ। ਬਹੁਤੇ ਮੁਲਕਾਂ ਵਿੱਚ ਸਕੂਲ ਪਹਿਲਾਂ ਹੀ ਖੁੱਲ੍ਹੇ ਹੋਏ ਨੇ ਕਿਉਂਕਿ ਸਾਇੰਸਦਾਨਾਂ ਨੇ ਇਹ ਸਾਬਤ ਕਰ ਦਿੱਤਾ ਕਿ ਕਰੋਨਾ ਦੇ ਛੋਟੇ ਬੱਚਿਆਂ ਤੇ ਪ੍ਰਭਾਵ ਨਾਂ-ਮਾਤਰ ਹਨ। ਕੁਝ ਕੁ ਨੂੰ ਛੱਡ ਕੇ ਬਹੁਤੇ ਲੋਕ ਸਮਾਜਿਕ ਤੌਰ ਤੇ ਇਹ ਸਮਝਦੇ ਹਨ ਕਿ ਬੱਚਿਆਂ ਨੂੰ ਸਕੂਲੋਂ ਬਾਹਰ ਰੱਖਣ ਦੇ ਨਤੀਜੇ ਕਰੋਨਾ ਦੇ ਅਸਰ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੋਣਗੇ। ਜੇ ਬੱਚੇ ਮੁੱਢਲੀ ਪੜਾਈ ਨਾਲ਼ੋਂ ਇਕ ਵਾਰ ਟੁੱਟ ਗਏ ਤਾਂ ਸ਼ਾਇਦ ਦੁਬਾਰਾ ਜੋੜਨਾ ਸੰਭਵ ਨਾ ਹੋਵੇ ਤੇ ਆਉਣ ਵਾਲੇ ਦਹਾਕਿਆਂ ਵਿੱਚ ਇਸਦੇ ਅਸਰ ਆਰਥਿਕ ਬਹਾਲੀ ਤੇ ਸਿੱਧੇ ਦਿਸਣਗੇ। ਆਨਲਾਈਨ ਪੜ੍ਹਾਈ ਲਈ ਮਜਬੂਰਨ ਵਿਦਿਆਰਥੀ ਮੋਬਾਇਲ ਫੋਨਾਂ ਦੇ ਆਦੀ ਹੋ ਗਏ ਨਤੀਜੇ ਵਜੋਂ ਕਈਆਂ ਦੇ ਐਨਕਾਂ ਲੱਗ ਗਈਆਂ, ਕਈ ਬੱਚੇ ਗਲਤ ਆਦਤਾਂ ਦੇ ਸ਼ਿਕਾਰ ਹੋ ਗਏ।




ਅੱਜ ਪੰਜਾਬ ਦੇ ਭਖਦੇ ਮੁੱਦਿਆਂ ਤੇ ਬਹੁਤ ਸਾਰੀਆਂ ਆਨਲਾਈਨ ਵਿਚਾਰ ਚਰਚਾਵਾਂ ਹੋ ਰਹੀਆਂ ਹਨ ਪਰ ਮੈਨੂੰ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਅਜੇ ਤੱਕ ਪੰਜਾਬ ਦੇ ਬੁੱਧੀ-ਜੀਵੀਆਂ ਨੇ ਸਕੂਲ ਬੰਦ ਦੇ ਮਸਲੇ ਤੇ ਕੋਈ ਵੱਡੇ ਪੱਧਰ ਤੇ ਸੰਵਾਦ ਨਹੀਂ ਰਚਾਇਆ।

ਮੈਂ ਖ਼ਾਸ ਤੌਰ ਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆ ਲਈ ਫਿਕਰਮੰਦ ਹਾਂ ਜਿੰਨਾ ਦੇ ਦਿਹਾੜੀਦਾਰ ਮਾਂ ਪਿਓ ਇੰਟਰਨੈਟ ਰਾਹੀਂ ਬੱਚਿਆਂ ਨੂੰ ਨਹੀਂ ਪੜ੍ਹਾ ਸਕਦੇ। ਇਹ ਬੱਚੇ ਅਕਸਰ ਘਰਾਂ ਵਿੱਚ ਇੰਟਰਨੈੱਟ ਤੇ ਟੈਬਲੇਟਸ ਜਾਂ ਲੈਪਟਾਪ ਅਤੇ ਮੋਬਾਇਲ ਫੋਨਾਂ ਤੋਂ ਵਾਂਝੇ ਹਨ। ਬੇਸ਼ੱਕ ਸਰਕਾਰ ਵੱਲੋਂ ਬਾਰਵੀਂ ਦੇ ਬੱਚਿਆਂ ਨੂੰ ਸਮਾਰਟ ਫੋਨ ਵੰਡ ਕੇ ਵਧੀਆ ਉਪਰਾਲਾ ਕੀਤਾ ਹੈ ਪਰ ਬਾਕੀ ਜਮਾਤਾਂ ਦੇ ਗਰੀਬ ਬੱਚੇ ਅਜੇ ਵੀ ਮੋਬਾਇਲਾਂ ਆਦਿ ਤੋਂ ਵਾਂਝੇ ਹਨ। ਉਹਨਾਂ ਤੇ ਸਕੂਲ ਬੰਦ ਹੋਣ ਦੇ ਲੰਮੇਰੇ ਪ੍ਰਭਾਵ ਪੈਣਗੇ। ਜੇ ਇਸ ਪਾਸੇ ਅਸੀਂ ਧਿਆਨ ਨਾ ਦਿੱਤਾ ਤਾਂ ਬਹੁਤੇ ਬੱਚੇ ਪੱਕੇ ਤੋਰ ਤੇ ਸਕੂਲ ਛੱਡ ਘਰਾਂ ਜਾਂ ਬਾਹਰ ਦੇ ਕੰਮਾਂ ਕਾਰਾਂ ਵਿੱਚ ਲੱਗ ਜਾਣਗੇ ਤੇ ਪੜ੍ਹਾਈ ਤੋਂ ਵਾਂਝੇ ਰਹਿ ਜਾਣਗੇ।

ਮੈਂ ਅਧਿਆਪਕ ਵਰਗ ਦੀ ਬਹੁਤ ਕਦਰ ਕਰਦਾਂ, ਮੈਂ ਖ਼ੁਦ ਸਰਕਾਰੀ ਅਧਿਆਪਕ ਹਾਂ। ਮੈਨੂੰ ਇਹ ਵੀ ਪਤਾ ਕਿ ਕਰੋਨਾ ਮਹਾਂਮਾਰੀ ਦੋਰਾਨ ਸਰਕਾਰ ਨੇ ਅਧਿਆਪਕਾਂ ਨੂੰ ਬਹੁਤ ਮਸ਼ਰੂਫ ਰੱਖਿਆ ਗਿਆ, ਵਿਦਿਆਰਥੀ ਸਕੂਲਾਂ ਵਿੱਚ ਨਾਂ ਹੋਣ ਦੇ ਬਾਵਜੂਦ ਸਰਕਾਰ ਦੇ ਹੁਕਮਾਂ ਅਨੁਸਾਰ ਅਧਿਆਪਕ ਲਗਾਤਾਰ ਹੀ ਸਕੂਲਾਂ ਵਿੱਚ ਆਪਣੀ ਡਿਊਟੀ ਤੇ ਆ ਰਹੇ ਹਨ। ਆਨਲਾਈਨ ਪੜ੍ਹਾਈ ਵੀ ਸਰਕਾਰ ਦੇ ਹੁਕਮਾਂ ਅਨੁਸਾਰ ਅਧਿਆਪਕਾਂ ਵੱਲੋਂ ਜਾਰੀ ਰੱਖੀ ਗਈ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾਂ ਹੋਵੇ ਜੋ ਕਿ ਹੁਣ ਵੀ ਜਾਰੀ ਰਹੇਗੀ। ਗਰਮੀ ਦੀਆਂ ਛੁੱਟੀਆਂ ਦੌਰਾਨ ਵੀ ਅਧਿਆਪਕ ਵਿਭਾਗ ਦੇ ਕੰਮਾਂ ਲਈ ਅਤੇ ਆਨਲਾਈ ਐਕਟੀਵਿਟੀਆਂ ਵਿਦਿਆਰਥੀਆਂ ਤੋਂ ਕਰਵਾਉਣ ਵਿੱਚ ਰੁੱਝੇ ਰਹੇ। ਪਰ ਇਹ ਅਸੀਂ ਸਭ ਭਲੀ ਭਾਂਤ ਜਾਣਦੇ ਹਾਂ ਕਿ ਆਨਲਾਈਨ ਪੜ੍ਹਾਈ ਦਾ ਲਾਭ ਸਿਰਫ 50 ਤੋਂ 60ਗ ਫੀਸਦੀ ਵਿਦਿਆਰਥੀ ਹੀ ਬੜ੍ਹੀ ਮੁਸ਼ਕਲ ਨਾਲ ਲੈ ਪਾਏ ਹਨ, ਜੋ ਬੱਚੇ ਆਰਥਿਕ ਪੱਖੋਂ ਤੇ ਪੜ੍ਹਾਈ ਪੱਖੋਂ ਕਮਜ਼ੋਰ ਹਨ ਉਹਨਾਂ ਦਾ ਬਹੁਤ ਹੀ ਜਿਆਦਾ ਪੜ੍ਹਾਈ ਦਾ ਨੁਕਸਾਨ ਹੋਇਆ ਹੈ।

ਮੈਂ 2020-21 ਅਤੇ 2021-22 ਸੈਸ਼ਨਾਂ ਦੌਰਾਨ ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਗਿਣਤੀ ਦੇਖ ਰਿਹਾ ਸੀ ਤਾਂ ਇਹ ਦੇਖ ਕੇ ਚੰਗਾ ਲੱਗਾ ਕਿ ਸਰਕਾਰੀ ਸਕੂਲਾਂ ਵਿੱਚ ਇਸ ਵਾਰ ਗਿਣਤੀ ਵਧੀ ਹੈ, ਲੋਕ ਪ੍ਰਾਈਵੇਟ ਸਕੂਲਾਂ ਤੋਂ ਸਰਕਾਰੀ ਸਕੂਲਾਂ ਵੱਲ ਰੁੱਖ ਕਰ ਰਹੇ ਹਨ। ਸਿੱਖਿਆ ਵਿਭਾਗ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵੱਲੋਂ ਵੀ ਸਕੂਲਾਂ ਨੂੰ ਸਮਾਰਟ ਸਕੂਲ ਬਣਾ ਕੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਦੇ ਕੇ ਸਮੇਂ ਦਾ ਹਾਣੀ ਬਣਾਉਣ ਲਈ ਭਰਭੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਅਧਿਆਪਕਾਂ ਦੀ ਸਖਤ ਮਿਹਨਤ ਅਤੇ ਹਿੰਮਤ ਸਦਕਾ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਭਾਰਤ ਦਾ ਨੰਬਰ ਇੱਕ ਸੂਬਾ ਚੁਣਿਆ ਗਿਆ ਹੈ ਜਿਸ ਲਈ ਸਭ ਅਧਿਆਪਕ ਵਧਾਈ ਦੇ ਪਾਤਰ ਹਨ। ਲਾਕ ਡਾਊਨ ਦੌਰਾਨ ਵੀ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਸਹਿਯੋਗ ਨਾਲ ਆਨਲਾਈਨ ਅਤੇ ਡੀ ਡੀ ਪੰਜਾਬੀ ਚੈਨਲ ਰਾਹੀਂ ਵੱਖ ਵੱਖ ਵਿਸ਼ਿਆਂ ਦੀ ਪੜ੍ਹਾਈ ਨੂੰ ਜਾਰੀ ਰੱਖਿਆ ਗਿਆ ਜਿਸ ਦਾ ਲਾਭ ਸਰਕਾਰੀ ਦੇ ਨਾਲ ਨਾਲ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਨੇ ਵੀ ਲਿਆ। ਅਧਿਆਪਕਾਂ ਵੱਲੋਂ ਜੂਮ ਐਪ ਦੇ ਮਾਧਿਅਮ ਨਾਲ ਵੀ ਆਨਲਾਈਨ ਕਲਾਸਾਂ ਲਗਾਈਆਂ ਗਈਆ ਅਤੇ ਆਨਲਾਈਨ ਟੈਸਟ ਵੀ ਲਏ ਗਏ ਤਾਂ ਕਿ ਬੱਚੇ ਪੜ੍ਹਾਈ ਨਾਲ ਜੁੜੇ ਰਹਿਣ। ਆਓ ਸਾਰੇ ਹਿੰਮਤ ਕਰੀਏ ਕਿ ਪੰਜਾਬ ਦੇ ਸਮੂਹ ਸਕੂਲਾਂ ਵਿੱਚ ਸਾਰੀਆਂ ਜਮਾਤਾਂ ਦੀ ਪੜ੍ਹਾਈ ਪਹਿਲਾਂ ਦੀ ਤਰ੍ਹਾਂ ਬਹਾਲ ਕਰ ਸਕੀਏ। ਸਮੂਹ ਮਾਪੇ ਤੇ ਵਿਦਿਆਰਥੀ ਸਕੂਲਾਂ ਵਿੱਚ ਜਾ ਕੇ ਅਧਿਆਪਕਾਂ ਨੂੰ ਸਹਿਯੋਗ ਦੇਣ, ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਕੋਰੋਨਾ ਮਹਾਂਮਾਰੀ ਤੋਂ ਬਚਾਅ ਰੱਖਦੇ ਹੋਏ ਮਾਸਕ ਆਦਿ ਪਹਿਣ ਕੇ ਹੀ ਸਕੂਲ ਜਾਣ, ਸੋਸ਼ਲ ਡਿਸਟੈਂਸ ਬਣਾ ਕੇ ਰੱਖਣ, ਸੈਨੇਟਾਈਜਰ ਦੀ ਵਰਤੋਂ ਯਕੀਨੀ ਬਣਾਉਣ, ਅਧਿਆਪਕਾਂ ਤੋਂ ਵਧੀਆ ਢੰਗ ਨਾਲ ਸਿੱਖਿਆ ਗ੍ਰਹਿਣ ਕਰਕੇ ਸਿੱਖਿਆ ਵਿਭਾਗ ਦੇ ਮਿਸ਼ਨ ਸ਼ਤ ਪ੍ਰਤੀਸ਼ਤ ਨੂੰ ਕਾਮਯਾਬ ਕਰਨ।



ਪ੍ਰਮੋਦ ਧੀਰ (ਜੈਤੋ)
91-98550-31081

# ਨਵਜੋਤ ਸਿੰਘ ਸਿੱਧੂ ਲਈ ਪ੍ਰਧਾਨਗੀ ਦਾ ਤਾਜ ਕੰਡਿਆਂ ਦੀ ਸੇਜ ਹੋਵੇਗਾ

ਆਖ਼ਰਕਾਰ ਲੰਬੀ ਜਦੋਜਹਿਦ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦਾ ਅਹੁਦਾ ਹਥਿਆਉਣ ਵਿੱਚ ਸਫਲ ਹੋ ਗਏ ਹਨ। ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਟਕਸਾਲੀ ਪਰਿਵਾਰਾਂ ਨੇ ਉਸਦੇ ਰਾਹ ਵਿੱਚ ਰੋੜੇ ਅਟਕਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਹ ਪ੍ਰਧਾਨ ਤਾਂ ਬਣ ਗਏ ਪ੍ਰੰਤੂ ਕਾਂਗਰਸ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਵੰਗਾਰਾਂ ਬਹੁਤ ਵੱਡੀਆਂ ਹਨ।

ਨਵਜੋਤ ਸਿੰਘ ਸਿੱਧੂ ਲਈ ਪ੍ਰਧਾਨਗੀ ਦਾ ਤਾਜ ਕੰਡਿਆਂ ਦੀ ਸੇਜ ਦੇ ਬਰਾਬਰ ਹੈ। ਅਨੇਕਾਂ ਵੰਗਾਰਾਂ ਪਹਾੜ ਦੀ ਤਰ੍ਹਾਂ ਉਨ੍ਹਾਂ ਅੱਗੇ ਮੂੰਹ ਅੱਡੀ ਖੜ੍ਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਸਦੇ ਨਵਜੋਤ ਸਿੰਘ ਸਿੱਧੂ ਲਈ ਦਰਵਾਜ਼ੇ ਸਦਾ ਲਈ ਬੰਦ ਹੋ ਗਏ ਹਨ। ਕਿਉਂਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਕਾਰਗੁਜ਼ਾਰੀ ਉਪਰ ਸਵਾਲ ਉਠਾਉਂਦੇ ਸਨ। ਸਭ ਤੋਂ ਪਹਿਲਾਂ ਆਪਣੇ ਕਟੜ ਵਿਰੋਧੀ ਰਹੇ ਕੈਪਟਨ ਅਮਰਿੰਦਰ ਸਿੰਘ ਦਾ ਵਿਸ਼ਵਾਸ਼ ਜਿੱਤਣਾ ਅਤਿਅੰਤ ਜ਼ਰੂਰੀ ਹੋਵੇਗਾ ਕਿਉਂਕਿ ਕਾਂਗਰਸੀ ਵਰਕਰ ਉਨ੍ਹਾਂ ਕੋਲ ਅਨੇਕਾਂ ਸਮੱਸਿਆਵਾਂ ਲੈ ਕੇ ਆਉਣਗੇ। ਉਨ੍ਹਾਂ ਦਾ ਹਲ ਸਰਕਾਰ ਹੀ ਕਰ ਸਕਦੀ ਹੈ। ਉਹ ਤਾਂ ਹੀ ਹੋ ਸਕੇਗਾ ਜੇਕਰ ਕੈਪਟਨ ਅਮਰਿੰਦਰ ਸਿੰਘ ਚਾਹੁਣਗੇ। ਨੂੰ ਵੋਟਾਂ ਪਾਉਣ ਦੀ ਸਲਾਹ ਦੇ ਦਿੱਤੀ ਤਾਂ ਉਸਦਾ ਅਸਰ ਵੀ ਕਾਂਗਰਸ 'ਤੇ ਮਾੜਾ ਪਵੇਗਾ ਹਾਲਾਂ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚਲੀ ਸਰਕਾਰ ਕਿਸਾਨਾ ਦੇ ਨਾਲ ਖੜ੍ਹੀ ਹੈ। ਇਸ ਤੋਂ ਵੀ ਮਹੱਤਵਪੂਰਨ ਪੰਜਾਬ ਸਰਕਾਰ ਵਿਰੁਧ ਹੋ ਰਹੇ ਅੰਦੋਲਨ ਵੀ ਵੋਟਾਂ ਉਪਰ ਗਹਿਰਾ ਪ੍ਰਭਾਵ ਪਾ ਰਹੇ ਹਨ, ਉਨ੍ਹਾਂ ਦੇ ਮਸਲੇ ਸਰਕਾਰ ਤੋਂ ਹੱਲ ਕਰਵਾਉਣਾ ਵੀ ਜ਼ਰੂਰੀ ਹੋਵੇਗਾ।

ਨਵਜੋਤ ਸਿੰਘ ਸਿੱਧੂ ਦੇ ਨਾਲ 4 ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿਲਜੀਆਂ, ਸੁਖਵਿੰਦਰ ਸਿੰਘ ਡੈਣੀ, ਪਵਨ ਕੁਮਾਰ ਗੋਇਲ ਅਤੇ ਕੁਲਜੀਤ ਸਿੰਘ ਨਾਗਰਾ ਵੀ ਨਿਯੁਕਤ ਕਰ ਦਿੱਤੇ ਗਏ ਹਨ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਪ੍ਰਧਾਨ ਉਪਰ ਅੰਕੁਸ਼ ਰੱਖਣ ਲਈ ਇਤਨੇ ਕਾਰਜਕਾਰੀ ਪ੍ਰਧਾਨ ਲਗਾਏ ਗਏ ਹਨ। ਕਾਂਗਰਸ ਹਾਈ ਕਮਾਂਡ ਨੇ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਹਿੰਦੂਆਂ ਵਿੱਚ ਸਮਤੁਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਚਾਰਾਂ ਵਿੱਚੋਂ ਨਵਜੋਤ ਸਿੰਘ ਸਿੱਧੂ ਅਤੇ ਕੁਲਜੀਤ ਸਿੰਘ ਨਾਗਰਾ ਜੱਟ ਸਿੱਖ, ਸੰਗਤ ਸਿੰਘ ਗਿਲਜੀਆਂ ਪਛੜੀਆਂ ਸ਼੍ਰੇਣੀਆਂ, ਸੁਖਵਿੰਦਰ ਸਿੰਘ ਡੈਣੀ ਅਨੁਸੂਚਿਤ ਜਾਤੀਆਂ ਅਤੇ ਪਵਨ ਕੁਮਾਰ ਗੋਇਲ ਹਿੰਦੂ ਵਰਗ ਵਿੱਚੋਂ ਹਨ। ਇਨ੍ਹਾਂ ਪੰਜਾਂ ਵਿੱਚੋਂ ਪ੍ਰਦੇਸ਼ ਕਾਂਗਰਸ ਦੀ ਲੜਾਈ ਨੂੰ ਸੁਲਝਾਉਣ ਦੇ ਨਵੇਂ ਫਾਰਮੂਲੇ ਬਣਾਉਣ ਲਈ ਵਿਚਾਰ ਵਟਾਂਦਰਾ ਕਰ ਰਹੀ ਸੀ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਾਂਗਰਸ ਪਾਰਟੀ ਨੇ ਪੰਜਾਬ ਤੋਂ ਸਾਰੇ ਵਿਧਾਨਕਾਰ, ਐਮ ਪੀ, ਸਾਬਕਾ ਪੀ ਪੀ ਸੀ ਸੀ ਪ੍ਰਧਾਨਾ, ਸਾਬਕਾ ਵਿਧਾਨਕਾਰਾਂ ਅਤੇ ਐਮ ਪੀਜ਼ ਨਾਲ ਨਵਾਂ ਪ੍ਰਧਾਨ ਬਣਾਉਣ ਲਈ ਉਨ੍ਹਾਂ ਦੇ ਵਿਚਾਰ ਸੁਣੇ ਹਨ। ਕਾਂਗਰਸ ਪਾਰਟੀ ਦੇ ਹੁਣ ਤੱਕ ਦੇ ਇਤਿਹਾਸ ਵਿੱਚ ਅਜਿਹੀ ਐਕਸਰਸਾਈਜ਼ ਨਹੀਂ ਹੋਈ। ਸਗੋਂ ਕਾਂਗਰਸ ਦੇ ਦਿੱਲੀ ਦਰਬਾਰ ਵਾਲੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣਾਉਣ ਤੋਂ ਪਹਿਲਾਂ ਕਦੀਂ ਵੀ ਕਿਸੇ ਨੇਤਾ ਨੂੰ ਪੁਛਦੇ ਹੀ ਨਹੀਂ ਸਨ। ਇਸਤੋਂ ਇਹ ਵੀ ਸਾਫ਼ ਹੈ ਕੇਂਦਰੀ ਕਾਂਗਰਸ ਕਮਜ਼ੋਰ ਹੈ। ਹਮੇਸ਼ਾ ਮਨਮਰਜ਼ੀ ਨਾਲ ਨੇਤਾ ਥੋਪ ਦਿੰਦੇ ਸਨ। ਇੰਜ ਕਿਹਾ ਜਾ ਸਕਦਾ ਹੈ ਕਿ ਪਹਿਲੀ ਵਾਰ ਨੇਤਾਵਾਂ ਨੂੰ ਸੁਣਿਆਂ ਗਿਆ ਹੈ। ਹਾਲਾਂ ਕਿ ਅਸਿਧੇ ਤੌਰ ਤੇ ਇਹ ਫ਼ੈਸਲਾ ਵੀ ਹਾਈ ਕਮਾਂਡ ਦਾ ਹੀ ਹੈ, ਕਿਉਂਕਿ ਉਨ੍ਹਾਂ ਨੇ ਜੋ ਸਰਵੇ ਕਰਵਾਇਆ ਸੀ, ਉਸਨੇ ਨਵਜੋਤ ਸਿੰਘ ਸਿੱਧੂ ਦੀ ਸਾਰੇ ਨੇਤਾਵਾਂ ਤੋਂ ਵੱਧ ਪ੍ਰਸੰਸਾ ਕੀਤੀ ਸੀ। ਨੇਤਾਵਾਂ ਉਪਰ ਨਵਜੋਤ ਸਿੰਘ ਸਿੱਧੂ ਨੂੰ ਪ੍ਰਵਾਨ ਕਰਨ ਲਈ ਜ਼ੋਰ ਪਾਇਆ ਗਿਆ ਹੈ। ਹੁਣ ਤੱਕ ਨਵਜੋਤ ਸਿੰਘ ਸਿੱਧੂ ਵੀ ਸਾਰੇ ਕਾਂਗਰਸੀ ਨੇਤਾਵਾਂ ਨੂੰ ਕਾਂਗਰਸ ਪਾਰਟੀ ਦੇ ਦਿੱਲੀ ਦਰਬਾਰ ਦੀ ਧੌਂਸ ਵੀ ਤਬਾਹ ਕਰ ਸਕਦੀ ਹੈ। ਦਿੱਲੀ ਵਿਚਲੇ ਕਾਂਗਰਸੀ ਸੀਨੀਅਰ ਸਿਆਸੀ ਧੁਰੰਦਰਾਂ ਵੱਲੋਂ ਪੰਜਾਬ ਕਾਂਗਰਸ ਦੇ ਨੇਤਾਵਾਂ ਨੂੰ ਹੱਲਾਸ਼ੇਰੀ ਦੇ ਕੇ ਆਪਸ ਵਿਚ ਲੜਾਉਣ ਦੇ ਨਤੀਜੇ ਵਜੋਂ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਪੋਜੀਸ਼ਨ ਹਾਸੋਹੀਣੀ ਹੋ ਗਈ ਸੀ। ਹੱਥਾਂ ਨਾਲ ਦਿੱਤੀਆਂ ਗੰਢਾਂ ਹੁਣ ਉਨ੍ਹਾਂ ਨੂੰ ਦੰਦਾਂ ਨਾਲ ਖੋਲ੍ਹਣੀਆਂ ਪਈਆਂ ਹਨ।



ਉਜਾਗਰ ਸਿੰਘ
91-94178-13072

ਪੰਜਾਬ ਕਾਂਗਰਸ ਦੀ ਆਪਸੀ ਖਿਚੋਤਾਣ ਕੋਈ ਨਵੀਂ ਗੱਲ ਨਹੀਂ। ਸਥਾਪਤ ਲੀਡਰਸ਼ਿਪ ਵਿਰੁਧ ਹਮੇਸ਼ਾ ਹੀ ਅਜਿਹੀ ਘੁਸਰ ਮੁਸਰ ਹੁੰਦੀ ਰਹਿੰਦੀ ਹੈ। ਵਿਧਾਨਕਾਰਾਂ ਅਤੇ ਵੱਡੇ ਨੇਤਾਵਾਂ ਦੇ ਗਿਲੇ ਸ਼ਿਕਵੇ ਵੀ ਆਮ ਜਿਹੀ ਗੱਲ ਹੈ ਕਿਉਂਕਿ ਜੇਕਰ ਉਹ ਗਿਲੇ ਸ਼ਿਕਵੇ ਨਾ ਕਰਨ ਤਾਂ ਉਨ੍ਹਾਂ ਦੀ ਸਰਕਾਰੇ ਦਰਬਾਰੇ ਪੁਛ ਪ੍ਰਤੀਤ ਘਟ ਜਾਂਦੀ ਹੈ। ਹੋ ਸਕਦਾ ਉਨ੍ਹਾਂ ਦੇ ਜ਼ਾਇਜ਼ ਨਜ਼ਾਇਜ਼ ਕੰਮ ਨਾ ਹੁੰਦੇ ਹੋਣ। ਚੁਣੇ ਹੋਏ ਨੁਮਾਇੰਦੇ ਆਪੋ ਆਪਣੇ ਹਲਕਿਆਂ ਦੇ ਲੋਕਾਂ ਨੂੰ ਜਵਾਬਦੇਹ ਹੁੰਦੇ ਹਨ। ਜੇਕਰ ਉਨ੍ਹਾਂ ਦੇ ਕੰਮ ਨਹੀਂ ਹੋਣਗੇ ਤਾਂ ਲੋਕ ਉਨ੍ਹਾਂ ਤੋਂ ਮੂੰਹ ਮੋੜ ਲੈਣਗੇ।









ਉਨ੍ਹਾਂ ਦਾ ਆਪਣਾ ਕੋਈ ਧੜਾ ਨਹੀਂ ਪ੍ਰੰਤੂ ਸਾਰੇ ਧੜਿਆਂ ਨੂੰ ਆਪਣੇ ਨਾਲ ਲੈ ਕੇ ਚਲਣਾ ਪਵੇਗਾ। ਉਨ੍ਹਾਂ ਨੂੰ ਆਪਣੀ ਕਾਰਜਸ਼ੈਲੀ ਵੀ ਬਦਲਣੀ ਪਵੇਗੀ ਕਿਉਂਕਿ ਉਹ ਸਿਰਫ ਭਾਸ਼ਣ ਦੇਣ ਦੇ ਮਾਹਿਰ ਅਤੇ ਟਵੀਟ ਕਰਨ ਦੇ ਹਨ, ਆਮ ਲੋਕਾਂ ਵਿੱਚ ਵਿਚਰਣਾ ਉਨ੍ਹਾਂ ਦਾ ਸੁਭਾਅ ਨਹੀਂ। ਭਾਵੇਂ ਉਨ੍ਹਾਂ ਨੇ ਪ੍ਰਧਾਨਗੀ ਦੇ ਐਲਾਨ ਤੋਂ ਪਹਿਲਾਂ ਹੀ ਕਾਂਗਰਸ ਦੇ ਨੇਤਾਵਾਂ ਅਤੇ ਵਿਧਾਨਕਾਰਾਂ ਨੂੰ ਮਿਲਣਾ ਸ਼ੁਰੂ ਕਰ ਦਿੱਤਾ ਸੀ ਪ੍ਰੰਤੂ ਇਹ ਸਰਗਰਮੀ ਲਗਾਤਾਰ ਜ਼ਾਰੀ ਰੱਖਣੀ ਪਵੇਗੀ। ਦੂਜੇ ਜਿਹੜੇ ਮੁੱਦੇ ਉਠਾਕੇ ਉਹ ਪੰਜਾਬ ਦੇ ਲੋਕਾਂ ਦੇ ਚਹੇਤੇ ਬਣੇ ਹਨ, ਕੀ ਉਨ੍ਹਾਂ ਮੁੱਦਿਆਂ ਨੂੰ ਸਰਕਾਰ ਤੋਂ ਹਲ ਕਰਵਾ ਸਕਣਗੇ? ਉਹ ਵੀ ਬਾਦਲਾਂ ਨੂੰ ਆੜੇ ਹੱਥੀਂ ਲੈਣ ਕਰਕੇ ਹੀ ਲੋਕਾਂ ਦੇ ਹਰਮਨ ਪਿਆਰੇ ਬਣੇ ਹਨ, ਜਿਵੇਂ ਕੈਪਟਨ ਅਮਰਿੰਦਰ ਸਿੰਘ 2017 ਵਿੱਚ ਆਮ ਲੋਕਾਂ ਦੀ ਆਵਾਜ਼ ਬਣਕੇ ਹਰਮਨ ਪਿਆਰੇ ਹੋਏ ਸਨ। ਕੁਝ ਪੰਜਾਬੀਆਂ ਦੇ ਮੁੱਦੇ ਜਿਨ੍ਹਾਂ ਵਿੱਚ ਬੇਅਦਬੀ, ਨਸ਼ਿਆਂ ਅਤੇ ਰੇਤ ਮਾਫ਼ੀਆ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਕਰਕੇ ਹੀ ਉਨ੍ਹਾਂ ਦੀ ਹਰਮਨਪਿਆਰਤਾ ਵਿੱਚ ਵਾਧਾ ਹੋਇਆ ਸੀ। ਜੇ ਇਹ ਮੁੱਦੇ ਜਿਉਂ ਦੀ ਤਿਉਂ ਖੜ੍ਹੇ ਰਹੇ ਫਿਰ ਨਵਜੋਤ ਸਿੱਧੂ ਕੀ ਕਰਨਗੇ? ਇਕ ਹੋਰ ਸਭ ਤੋਂ ਵੱਡਾ ਮਸਲਾ ਕਿਸਾਨ ਅੰਦੋਲਨ ਦੇ ਲੋਕਾਂ ਉਪਰ ਪਏ ਪ੍ਰਭਾਵ ਦਾ ਹੋਵੇਗਾ। ਸਾਰਾ ਪੰਜਾਬ ਕਿਸਾਨੀ ਦੀ ਪਿੱਠ ਪਿੱਛੇ ਖੜ੍ਹਾ ਹੈ ਪ੍ਰੰਤੂ ਕਿਸਾਨ ਕਿਸੇ ਵੀ ਸਿਆਸੀ ਪਾਰਟੀ ਦੇ ਨੇਤਾ ਨੂੰ ਅੰਦੋਲਨ ਵਿੱਚ ਫਟਕਣ ਨਹੀਂ ਦੇ ਰਹੇ। ਜੇ ਕਿਸਾਨ ਅੰਦੋਲਨ ਦੇ ਨੇਤਾਵਾਂ ਨੇ ਕਿਸੇ ਹੋਰ ਪਾਰਟੀ ਚਾਰ ਵਿਧਾਨਕਾਰ ਹਨ, ਇਸਦਾ ਅਰਥ ਇਹ ਹੈ ਕਿ ਕਾਂਗਰਸ ਹਾਈ ਕਮਾਂਡ ਨੇ ਵਿਧਾਨਕਾਰਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸਾਰੀ ਰਾਹੁਲ ਗਾਂਧੀ ਦੀ ਟੀਮ ਹੈ। ਪੰਜਾਬ ਦੇ ਸੰਸਦ ਮੈਂਬਰਾਂ ਵਿੱਚੋਂ ਪਹਿਲਾਂ ਹੀ ਮਨੀਸ਼ ਤਿਵਾੜੀ ਅਤੇ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਵਿੱਚ ਵਿਪ ਨਿਯੁਕਤ ਕਰਕੇ ਅਡਜਸਟ ਕੀਤਾ ਜਾ ਚੁੱਕਾ ਹੈ। ਮਾਝਾ, ਦੁਆਬਾ ਅਤੇ ਮਾਲਵੇ ਨੂੰ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਹੈ। ਇਨ੍ਹਾਂ ਪੰਜੇ ਨਿਯੁਕਤੀਆਂ ਤੋਂ ਇਹ ਵੀ ਸ਼ਪਸ਼ਟ ਹੋ ਗਿਆ ਹੈ ਕਿ ਕਾਂਗਰਸ ਪਾਰਟੀ ਦੇ ਅਹੁਦੇ ਲੈਣ ਲਈ ਟਕਸਾਲੀ ਕਾਂਗਰਸੀ ਹੋਣਾ ਜ਼ਰੂਰੀ ਨਹੀਂ ਸਗੋਂ ਮੌਕਾ ਪ੍ਰਸਤੀ ਨੂੰ ਪਹਿਲ ਦਿੱਤੀ ਗਈ ਹੈ। ਨਵਜੋਤ ਸਿੰਘ ਸਿੱਧੂ ਦੇ ਪਿਤਾ ਭਗਵੰਤ ਸਿੰਘ ਸਿੱਧੂ ਭਾਵੇਂ ਟਕਸਾਲੀ ਕਾਂਗਰਸੀ ਸਨ ਪ੍ਰੰਤੂ ਨਵਜੋਤ ਸਿੰਘ ਸਿੱਧੂ ਅਜੇ ਪੰਜ ਸਾਲ ਪਹਿਲਾਂ ਹੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਸਨ। ਸੰਗਤ ਸਿੰਘ ਗਿਲਜੀਆਂ ਵੀ ਪਹਿਲੀ ਵਾਰੀ ਆਜ਼ਾਦ ਵਿਧਾਇਕ ਬਣੇ ਸਨ, ਫਿਰ ਕਾਂਗਰਸ ਪਾਰਟੀ ਦਾ ਪੱਲਾ ਫੜਿਆ ਸੀ। ਸੁਖਵਿੰਦਰ ਸਿੰਘ ਡੈਣੀ ਸਾਬਕ ਮੰਤਰੀ ਸਰਦੂਲ ਸਿੰਘ ਦੇ ਸਪੁੱਤਰ, ਪਵਨ ਕੁਮਾਰ ਗੋਇਲ ਮਰਹੂਮ ਸਾਬਕਾ ਮੰਤਰੀ ਲਾਲ ਭਗਵਾਨ ਦਾਸ, ਜਿਨ੍ਹਾਂ ਨੂੰ ਅਤਵਾਦੀਆਂ ਨੇ ਸ਼ਹੀਦ ਕਰ ਦਿੱਤਾ ਸੀ ਦੇ ਸਪੁੱਤਰ ਅਤੇ ਕੁਲਜੀਤ ਸਿੰਘ ਨਾਗਰਾ ਟਕਸਾਲੀ ਕਾਂਗਰਸੀ ਪਰਿਵਾਰਾਂ ਵਿੱਚੋਂ ਹਨ।

ਲਗਪਗ ਦੋ ਮਹੀਨੇ ਤੋਂ ਸਰਬ ਭਾਰਤੀ ਕਾਂਗਰਸ ਕਮੇਟੀ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਪੰਜਾਬ ਕਰਕੇ ਟਿੱਚ ਸਮਝਦੇ ਰਹੇ ਸਨ ਪ੍ਰੰਤੂ ਜਦੋਂ ਸਾਰੇ ਕਾਂਗਰਸੀ ਨੇਤਾਵਾਂ ਨੇ ਵਿਰੋਧ ਕਰ ਦਿੱਤਾ ਤਾਂ ਉਨ੍ਹਾਂ ਨੂੰ ਸੀਨੀਅਰ ਅਤੇ ਟਕਸਾਲੀ ਕਾਂਗਰਸੀ ਨੇਤਾਵਾਂ ਦੀ ਸਰਦਲ 'ਤੇ ਜਾ ਕੇ ਮਨਾਉਣਾ ਪਿਆ ਹੈ। ਆਪਣੇ ਟਵੀਟਾਂ ਅਤੇ ਪ੍ਰੈਸ ਬਿਆਨਾ ਨਾਲ ਰਾਜਨੀਤੀ ਕਰਨ ਵਾਲੇ ਨਵਜੋਤ ਸਿੰਘ ਸਿੱਧੂ ਨੂੰ ਜ਼ਮੀਨ ਤੇ ਆਉਣਾ ਪਿਆ ਹੈ। ਜ਼ਮੀਨੀ ਹਕੀਕਤਾਂ ਨੂੰ ਜਾਣੇ ਬਿਨਾ ਸਿਆਸਤ ਨਹੀਂ ਹੋ ਸਕਦੀ।

ਭਾਵੇਂ ਉਹ ਸੀਨੀਅਰ ਨੇਤਾਵਾਂ ਨੂੰ ਰਜ਼ਾਮੰਦ ਕਰਨ ਵਿੱਚ ਉਹ ਸਫ਼ਲ ਹੋ ਗਏ ਹਨ ਪ੍ਰੰਤੂ ਛੇਤੀ ਕੀਤਿਆਂ ਘਾਗ ਕਾਂਗਰਸੀਆਂ ਨੇ ਨਵਜੋਤ ਸਿੰਘ ਸਿੱਧੂ ਦੇ ਰਾਹ ਵਿੱਚ ਅਸਿਧੇ ਰੋੜੇ ਅਟਕਾਉਣੋਂ ਬਾਜ਼ ਨਹੀਂ ਆਉਣਾ ਕਿਉਂਕਿ ਥੋੜ੍ਹਾ ਸਮਾਂ ਪਹਿਲਾਂ ਆ ਕੇ ਕਾਂਗਰਸ ਪਾਰਟੀ ਦਾ ਮੁੱਖੀ ਬਣਨਾ ਉਨ੍ਹਾਂ ਨੂੰ ਰੜਕਦਾ ਰਹੇਗਾ। ਅੰਦਰਖਾਤੇ ਵਿਰੋਧ ਦੀ ਧੂਣੀ ਕਾਂਗਰਸੀਆਂ ਵਿਚ ਧੁਖਦੀ ਰਹੇਗੀ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਸ਼ਾਹੀ ਪਰਿਵਾਰ ਦੇ ਵਾਰਿਸ ਕੈਪਟਨ ਅਮਰਿੰਦਰ ਸਿੰਘ ਜਿਹੜੇ ਨਵਜੋਤ ਸਿੰਘ ਸਿੱਧੂ ਲਈ 6 ਮਹੀਨੇ ਪਹਿਲਾਂ ਦਰਵਾਜ਼ੇ ਬੰਦ ਕਰ ਚੁੱਕੇ ਸਨ, ਕੀ ਹੁਣ ਉਨ੍ਹਾਂ ਦੇ ਦਰਵਾਜ਼ੇ ਖੁਲ੍ਹ ਸਕਣਗੇ? ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਨਾਲ ਪੁਰਾਣੇ ਟਕਸਾਲੀ ਕਾਂਗਰਸੀ ਪਰਿਵਾਰਾਂ ਵਿਚ ਬਗਾਬਤ ਦੀ ਅੱਗ ਧੁਖਣ ਲੱਗ ਗਈ ਹੈ, ਜੇ ਉਨ੍ਹਾਂ ਨੂੰ ਮਨਾਇਆ ਨਾ ਗਿਆ ਤਾਂ ਧੁਖਦੀ ਅੱਗ ਦਾ ਧੂੰਆਂ ਜਲਦੀ ਹੀ ਬਾਹਰ ਆਉਣ ਲੱਗ ਜਾਵੇਗਾ। ਇਹ ਸੁਲਗਦੀ ਅੱਗ ਭਾਂਬੜ ਬਣਕੇ ਕਾਂਗਰਸ ਪਾਰਟੀ ਦੇ ਭਵਿਖ ਨੂੰ

ਗਿਆਨੀ ਜ਼ੈਲ ਸਿੰਘ ਤੋਂ ਲੈ ਕੇ ਵਰਤਮਾਨ ਸਰਕਾਰ ਤੱਕ ਵਿਰੋਧੀ ਸੁਰਾਂ ਉਠਦੀਆਂ ਰਹੀਆਂ ਹਨ। ਵਿਰੋਧੀ ਸੁਰਾਂ ਉਠਣਾ ਕੋਈ ਮਾੜੀ ਗੱਲ ਵੀ ਨਹੀਂ। ਜੇ ਵਿਰੋਧ ਨਾ ਹੋਵੇ ਤਾਂ ਕਈ ਵਾਰ ਮੁੱਖ ਮੰਤਰੀ ਮਨਮਾਨੀਆਂ ਕਰਨ ਲੱਗ ਜਾਂਦੇ ਹਨ। ਹੁਣ ਤੱਕ ਵਿਰੋਧੀ ਸੁਰਾਂ ਉਠਣ 'ਤੇ ਸਿਰਫ ਦੋ ਵਾਰ ਮੁੱਖ ਮੰਤਰੀਆਂ ਨੂੰ ਬਦਲਿਆ ਹੈ, ਪਹਿਲੀ ਵਾਰ ਪ੍ਰਤਾਪ ਸਿੰਘ ਕੈਰੋਂ ਨੂੰ ਬਦਲਕੇ ਗੋਪੀ ਚੰਦ ਭਾਰਗਵ ਨੂੰ ਮੁੱਖ ਮੰਤਰੀ ਬਣਾਇਆ ਸੀ, ਦੂਜੀ ਵਾਰ ਹਰਚਰਨ ਸਿੰਘ ਬਰਾੜ ਨੂੰ ਬਦਲਕੇ ਬਾਗੀਆਂ ਦੀ ਲੰਬੀ ਜਦੋਜਹਿਦ ਤੋਂ ਬਾਅਦ ਰਾਜਿੰਦਰ ਕੌਰ ਭੱਠਲ ਮੁੱਖ ਮੰਤਰੀ ਬਣੇ ਸਨ। ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਪਾਰੀ ਵਿਚ ਵੀ ਵਿਰੋਧੀ ਸੁਰਾਂ ਉਠੀਆਂ ਸਨ ਉਦੋਂ ਰਾਜਿੰਦਰ ਕੌਰ ਭੱਠਲ ਨੂੰ ਉਪ ਮੁੱਖ ਮੰਤਰੀ ਬਣਾਕੇ ਚੁੱਪ ਕਰਾ ਦਿੱਤੇ ਸਨ। ਵੇਖਣ ਵਾਲੀ ਗੱਲ ਹੈ ਕਿ ਐਨੀ ਜਦੋਜਹਿਦ ਤੋਂ ਬਾਅਦ ਬਣੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਫ਼ਲ ਹੁੰਦੇ ਹਨ ਕਿ ਨਹੀਂ?

# 94 ਸਾਲਾ ਦਾਦੀ ਦਾ ਉਸਦੀਆਂ ਪੋਤੀਆਂ ਨੇ ਸਫੈਦ 'ਵੈਡਿੰਗ ਗਾਉਨ' ਪਵਾ ਕੇ ਕੀਤਾ ਸੁਪਨਾ ਪੂਰਾ

ਔਕਲੈਂਡ (ਬਸਿਆਲਾ)- ਕਹਿੰਦੇ ਨੇ ਸੁਪਨੇ ਜ਼ਿਹਨ ਦੇ ਵਿਚ ਜ਼ਿੰਦਾ ਹੋਣ ਤਾਂ ਇਕ ਦਿਨ ਜ਼ਰੂਰ ਸਾਕਾਰ ਹੋ ਨਿਬੜਦੇ ਹਨ ਚਾਹੇ ਸਾਧਨ ਕੋਈ ਵੀ ਬਣ ਜਾਵੇ। ਅਜਿਹੀ ਹੀ ਉਦਾਹਰਣ ਅਮਰੀਕਾ ਦੇ ਵਿਚ ਇਕ 94 ਸਾਲਾ ਦਾਦੀ ਦੀ ਸਾਹਮਣੇ ਆਈ ਹੈ। ਕਾਲੇ ਰੰਗ ਦੀ ਮਨੁੱਖਾ ਨਸਲ ਨਾਲ ਸਬੰਧਿਤ ਮਾਰਥਾ ਟੱਕਰ ਨਾਂਅ ਦੀ ਇਸ ਮਹਿਲਾ ਦਾ 1952 ਦੇ ਵਿਚ ਵਿਆਹ ਹੋਇਆ ਸੀ। ਉਸ ਸਮੇਂ ਕਾਲੇ ਲੋਕਾਂ ਨੂੰ ਗੋਰੇ ਲੋਕਾਂ ਦੀਆਂ ਦੁਕਾਨਾਂ ਅੰਦਰ ਜਾ ਕੇ ਖਰੀਦੋ-ਫਰੋਖਤ ਕਰਨ ਦੀ ਆਗਿਆ ਨਹੀਂ ਸੀ। ਵਿਆਹ ਵਾਲਾ ਗਾਉਨ ਲੈਣ ਜਾਣ ਵਾਸਤੇ ਇਸਨੂੰ ਦੁਕਾਨ ਅੰਦਰ ਜਾਣ ਦੀ ਮਨਾਹੀ ਸੀ, ਜਿਸ ਕਰਕੇ ਉਸਦਾ ਇਹ ਸੁਪਨਾ ਕਿ ਉਹ ਆਪਣੇ ਵਿਆਹ ਉਤੇ ਚਿੱਟੇ ਰੰਗ ਦਾ ਗਾਉਨ ਪਾਵੇ, ਪੂਰਾ ਨਹੀਂ ਹੋ ਸਕਿਆ ਸੀ। ਉਸ ਸਮੇਂ ਜੇਕਰ ਕਿਸੀ ਕਾਲੇ ਵਿਅਕਤੀ ਨੇ ਕੋਈ ਅਜਿਹਾ ਕੱਪੜਾ ਲੈਣਾ ਹੁੰਦਾ ਤਾਂ ਬੇਸਮੈਂਟ ਦੇ ਵਿਚ ਬਣੇ ਪੁਰਾਣੇ ਕੱਪੜਿਆਂ ਦੇ ਸਟੋਰ ਤੋਂ ਹੀ ਮਿਲਦੇ ਸਨ। ਕਾਲੇ ਲੋਕਾਂ ਨੂੰ ਕੱਪੜੇ ਪਾ ਕੇ ਮਾ ਆਦਿ ਵੇਖਣ ਦਾ ਵੀ ਹੱਕ ਨਹੀਂ ਸੀ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਵੱਖਰੇਵਾਂ ਸੀ।



ਇਸ ਗੱਲ ਦਾ ਅਤੇ ਇਸ ਤਰੈਹਾਂ ਦੀਆਂ ਹੋਰ ਕਹਾਣੀਆਂ ਦਾ ਹੌਲੀ-ਹੌਲੀ ਉਸਦੀਆਂ ਪੋਤੀਆਂ ਨੂੰ ਪਤਾ ਲੱਗਾ। ਉਨੈਹਾਂ ਨੂੰ ਬੜਾ ਦੁੱਖ ਲੱਗਿਆ ਕਿ ਜਿਸ ਦਾਦੀ ਨੇ ਐਡਾ ਵੱਡਾ ਪਰਿਵਾਰ ਦਿੱਤਾ ਉਸ ਨਾਲ ਉਸ ਸਮੇਂ ਕਿਹੋ ਜਿਹਾ ਵਿਵਹਾਰ ਹੋਇਆ ਹੈ। ਉ ਮਨ ਹੀ ਮਨ ਸੋਚਣ ਲੱਗੀਆਂ। ਉਸਦੀਆਂ ਪੋ-ਤੀਆਂ ਨੇ ਫਿਰ ਇਕ ਸਕੀਮ ਘੜੀ। ਇਕ ਦਿਨ ਪਹਿਲਾਂ ਇਸ ਬਜ਼ੁਰਗ ਦਾਦੀ ਨੂੰ ਵਧੀਆ ਕਿਤੇ ਰੈਸਟੋਰੈਂਟ ਵਿਚ ਖਾਣਾ ਖੁਆਇਆ। ਫਿਰ ਉਸਨੂੰ ਮੇਕਅੱਪ ਦੁਕਾਨ ਉਤੇ ਲਿਜਾ ਕੇ ਉਸਦੇ ਵਾਲ ਸੈਟ ਕਰਵਾਏ ਗਏ ਅਤੇ ਚਿਹਰਾ ਬਗੈਰਾ ਹੋਰ ਨਿਖਾਰਿਆ ਗਿਆ। ਫਿਰ ਉਸਨੂੰ ਇਕ ਬੈਰਾਈਡਲ ਕਲੋਦਿੰਗ ਸ਼ਾਪ (ਵਿਆਂਦੜ ਲੋਕਾਂ ਲਈ ਕੱਪ-ੜਿਆਂ ਦੀ ਦੁਕਾਨ) ਉਤੇ ਲੈ ਗਏ ਤਾਂ ਕਿ ਉਸਨੂੰ 1952 ਵੇਲੇ ਆਪਣੇ ਵਿਆਹ ਵੇਲੇ ਦੀ ਯਾਦ ਆਵੇ। ਉਥੇ ਚਿੱਟੇ ਰੰਗ ਦੇ ਵੈਡਿੰਗ ਗਾਉਨ ਹੀ ਗਾਉਨ ਸਨ। ਸੱਚਮੁੱਚ ਉਹੀ ਹੋਇਆ ਇਹ ਦਾਦੀ ਚਿੱਟੇ ਗਾਉਨ ਨਿਹਾਰਨ ਲੱਗੀ, ਬੜੀ ਤੀਬਰਤਾ ਨਾਲ ਹੱਥ ਲਾ ਲਾ ਵੇਖੇ ਅਤੇ ਆਪਣੇ ਵਿਆਹ ਵਾਲੇ ਦਿਨਾਂ ਨੂੰ ਯਾਦ ਕਰੇ, ਕਿ ਉਹ ਇਸੀ ਤਰੈਹਾਂ ਦਾ ਆਪਣੇ ਵਿਆਹ ਉਤੇ ਪਾਉਣਾ ਚਾਹੁੰਦੀ ਸੀ। ਇਸੀ ਤਰੈਹਾਂ ਕਰਦਿਆਂ ਕਰਦਿਆਂ ਜਦੋਂ ਉਹ ਅੱਗੇ ਗਈ ਤਾਂ ਉਸਨੂੰ ਇਕ ਚਿੱਟਾ ਗਾਉਨ ਵੇਖਣ ਨੂੰ ਮਿਲਿਆ ਜਿਸ ਉਤੇ ਉਸਦਾ ਨਾਂਅ ਲਿਖਿਆ ਹੋਇਆ ਸੀ। ਇਹ ਵੇਖ ਕੇ ਉਹ ਹੈਰਾਨ ਰਹਿ ਗਈ ਅਤੇ ਖੁਸ਼ੀ ਵਿਚ ਝੂਮ ਉਠੀ ਅਤੇ ਉਸਨੂੰ ਗੱਲ ਸਮਝ ਆ ਗਈ। ਉਸਦੀਆਂ ਪੋਤੀਆਂ ਨੇ ਪਹਿਲਾਂ ਹੀ ਸਕੀਮ ਦੇ ਨਾਲ ਉਸਦਾ ਨਾਂਅ ਲਿਖਵਾ ਦਿੱਤਾ ਸੀ। ਖੁਸ਼ੀ-ਖੁਸ਼ੀ ਇਸ ਦਾਦੀ ਮਾਂ ਨੂੰ ਉਹ ਚਿੱਟਾ ਗਾਉਨ ਪਵਾਇਆ ਗਿਆ, ਦੁਕਾਨ ਦਾ ਸਟਾਫ ਤੇ ਮਾਲਕ ਇਕੱਤਰ ਹੋ ਗਏ। ਦਾਦੀ ਮਾਂ ਦੇ ਹੋਰ ਪਰਿਵਾਰਕ ਮੈਂਬਰ ਆ ਗਏ ਅਤੇ ਉਸਨੂੰ 'ਸਰਪੈਰਾਈਜ਼' (ਹੈਰਾਨੀ) ਭਰਿਆ ਅਹਿਸਾਸ ਕਰਵਾਇਆ ਗਿਆ। ਇਸ ਦਾਦੀ ਨੂੰ ਜਦੋਂ ਵੱਡੇ ਸ਼ੀਸ਼ੇ ਮੂਹਰੇ ਖੜੈਹਾ ਕੀਤਾ ਗਿਆ ਤਾਂ ਉਸਦਾ 70 ਸਾਲ ਪਹਿਲਾਂ ਵਾਲਾ ਸੁਪਨਾ ਪੂਰਾ ਹੋ ਕੇ ਉਸਦੇ ਸਾਹਮਣੇ ਪੈਰਤੱਖ ਖੜਾ ਹੋ ਗਿਆ। ਹੁਣ ਉਸਦਾ ਪਤੀ ਇਸ ਦੁਨੀਆ ਉਤੇ ਨਹੀਂ ਸੀ, ਅਤੇ ਉਸਦੀ ਇੱਛਾ ਸੀ ਕਿ ਕਾਸ਼! ਅੱਜ ਉਹ ਉਸਨੂੰ ਵੇਖ ਸਕਦਾ। ਸੋ ਸੁਪਨੇ ਕਿਸ ਮੋੜ ਉਤੇ ਆ ਕੇ ਪੂਰੇ ਹੋ ਜਾਣ.... ਕੁਝ ਨਹੀਂ ਪਤਾ।

# ਚੰਡੀਗੜ੍ਹ ਯੂਨੀਵਰਸਿਟੀ ਵੱਲੋਂ 'ਟੈਕ ਇਨਵੈਂਟ-2021' ਸਬੰਧੀ ਰਜਿਸਟ੍ਰੇਸ਼ਨ ਪੋਰਟਲ ਜਾਰੀ

## ਉਦਘਾਟਨੀ ਸਮਾਗਮ 'ਚ ਅੰਤਰਰਾਸ਼ਟਰੀ ਲੇਖਕ ਪ੍ਰੋ. ਫਿਲਪ ਕੋਟਲਰ ਸਮੇਤ ਪ੍ਰਮੁੱਖ ਸ਼ਖ਼ਸ਼ੀਅਤਾਂ ਨੇ ਕੀਤੀ ਸ਼ਮੂਲੀਅਤ

ਕੋਵਿਡ ਕਾਲ ਦੌਰਾਨ ਸਿੱਖਿਆ ਦਾ ਪ੍ਰਵਾਹ ਆਨਲਾਈਨ ਪੱਧਰ 'ਤੇ ਆਉਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਸੰਪੂਰਨ ਤੌਰ 'ਤੇ ਥਿਊਰੀ ਅਧਾਰਿਤ ਹੋ ਗਈ ਹੈ, ਜਿਸ ਕਰਕੇ ਤਕਨੀਕੀ ਅਤੇ ਪ੍ਰੈਕਟੀਕਲ ਸਿੱਖਿਆ ਦੀ ਪਹੁੰਚ ਵਿਦਿਆਰਥੀਆਂ ਤੱਕ ਘੱਟ ਗਈ ਹੈ। ਇੰਡਸਟਰੀ ਦੀਆਂ ਮੌਜੂਦਾ ਲੋੜਾਂ ਅਨੁਸਾਰ ਵਿਦਿਆਰਥੀ ਨੂੰ ਤਿਆਰ ਕਰਨ 'ਚ ਤਕਨੀਕੀ ਅਤੇ ਪ੍ਰੈਕਟੀਕਲ ਸਿੱਖਿਆ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ, ਜਿਸ ਦੀ ਮਹੱਤਤਾ ਨੂੰ ਵੇਖਦਿਆਂ ਨੌਜਵਾਨੀ ਦੇ ਹੁਨਰ ਨੂੰ ਤਰਾਸ਼ਣ ਲਈ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ 'ਟੈੱਕ ਇਨਵੈਂਟ-2021' ਕਰਵਾਇਆ ਜਾ ਰਿਹਾ ਹੈ, ਜਿਸ ਸਬੰਧੀ ਰਜਿਸਟ੍ਰੇਸ਼ਨ ਪੋਰਟਲ ਦੀ ਘੁੰਢ ਚੁਕਾਈ ਲਈ ਆੱਨਲਾਈਨ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ 'ਫ਼ਾਦਰ ਆਫ਼ ਮਾਡਰਨ ਮਾਰਕੀਟਿੰਗ' ਅਤੇ ਪ੍ਰਸਿੱਧ ਅੰਤਰਰਾਸ਼ਟਰੀ ਲੇਖਕ ਪ੍ਰੋ. ਫਿਲਪ ਕੋਟਲਰ, ਪੌਰਫ਼ਜ਼ਿਮ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਬਿਜ਼ਨਸ ਲਈ ਪ੍ਰੋਫੈਸਰ ਐਮਰੀਟਸ ਡਾ. ਵਾਲਡੇਮਰ ਏ ਪਫ਼ਰਟਸ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

ਟੈਕ-ਇਨਵੈਂਟ ਸੰਯੁਕਤ ਰਾਸ਼ਟਰ ਦੇ 17 ਸਥਿਰ ਵਿਕਾਸ ਟੀਚਿਆਂ ਪ੍ਰਤੀ 'ਵਰਸਿਟੀ ਦੀ ਵਚਨਬੱਧਤਾ ਦੀ ਪੂਰਤੀ ਲਈ ਸਾਂਝਾ ਦ੍ਰਿਸ਼ਟੀਕੋਣ ਪੈਦਾ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਲਈ ਵਿਲੱਖਣ ਮੰਚ ਸਥਾਪਿਤ ਕਰੇਗਾ। ਜਿਸ ਦਾ ਉਦੇਸ਼ ਸਥਿਰ ਵਿਕਾਸ ਟੀਚਿਆਂ ਦੀ ਪ੍ਰਾਪਤੀ ਲਈ ਦੁਨੀਆਂ ਵਿਚੋਂ ਗ਼ਰੀਬੀ, ਭੁੱਖਮਰੀ, ਬਿਮਾਰੀਆਂ, ਸਮਾਜਿਕ ਅਸਮਾਨ-ਤਾਵਾਂ ਅਤੇ ਵਾਤਾਵਰਣ ਵਿਗਾੜਾ ਦੇ ਖਾਤਮੇ ਸਬੰਧੀ ਨੌਜਵਾਨਾਂ ਦੇ ਵਿਚਾਰਾਂ ਨੂੰ ਪ੍ਰੋਤਸ਼ਾਹਿਤ ਕਰਨਾ ਹੈ। ਟੈਕ ਇਨਵੈਂਟ ਦੌਰਾਨ ਕਰਵਾਏ ਜਾਣ ਵਾਲੇ 52 ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮ, ਵਰਕਸ਼ਾਪਾਂ, ਵਿਚਾਰ ਗੋਸ਼ਟੀਆਂ, ਸੰਮੇਲਨਾਂ ਅਤੇ ਤਕਨੀਕੀ ਮੁਕਾਬਲਿਆਂ ਰਾਹੀਂ ਸਾਡੀ ਜੀਵਨ ਸ਼ੈਲੀ ਨੂੰ ਮੁੜ ਤਿਆਰ ਕਰਨ, ਮੁੜ ਸੁਰਜੀਤ ਕਰਨ ਅਤੇ ਬਦਲਣ ਦਾ ਮੌਕਾ ਮਿਲੇਗਾ। ਮੁਕਾਬਲਿਆਂ 'ਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਜਿੱਥੇ ਕੁੱਲ 20 ਲੱਖ ਦੇ ਇਨਾਮ ਪ੍ਰਦਾਨ ਕੀਤੇ ਜਾਣਗੇ ਉਥੇ ਹੀ ਹੁਨਰਮੰਦ ਵਿਦਿਆਰਥੀਆਂ ਨੂੰ ਉਦਯੋਗਾਂ 'ਚ ਇਟਰਨਸ਼ਿਪਾਂ ਸਮੇਤ ਉਤਪਾਦ ਡਿਜ਼ਾਇਨ ਕਰਨ ਸਬੰਧੀ ਮੌਕੇ ਮੁਹੱਈਆ ਕਰਵਾਏ ਜਾਣਗੇ। ਵਧੇਰੇ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਲਈ ਟੈਕ ਇਨਵੈਂਟ-2021 ਸਬੰਧੀ ਵੈਬਸਾਈਟ 'ਤੇ ਪਹੁੰਚ ਕੀਤੀ ਜਾ ਸਕਦੀ ਹੈ। 'ਵਰਸਿਟੀ ਵੱਲੋਂ ਸਮੁੱਚੇ ਪ੍ਰੋਗਰਾਮ ਲਈ ਵਿਸ਼ੇਸ਼ ਸਾਫ਼ਟਵੇਅਰ ਵਿਕਸਿਤ ਕੀਤਾ ਗਿਆ ਹੈ, ਜਿਸ ਦੇ ਮਾਧਿਅਮ ਰਾਹੀਂ ਭਾਗੀਦਾਰ ਕਿਸੇ ਵੀ ਥਾਂ ਤੋਂ ਆਨਲਾਈਨ ਹੀ ਮੁਕਾਬਲਿਆਂ, ਵਰਕਸ਼ਾਪਾਂ ਅਤੇ ਸੰਮੇਲਨਾਂ ਦਾ ਹਿੱਸਾ ਬਣ ਸਕਦਾ ਹੈ। ਟੈੱਕ ਇਨਵੈਂਟ-2021 ਦੀ ਸਮਾਪਤੀ ਸਬੰਧੀ ਸਮਾਗਮ 3 ਅਤੇ 4 ਸਤੰਬਰ, 2021 ਨੂੰ ਕਰਵਾਇਆ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰੋ. ਫਿਲਪ ਕੋਟਲਰ ਨੇ ਨਵੀਨਤਾ ਅਤੇ ਮਾਰਕੀਟਿੰਗ ਨੂੰ ਕਿਸੇ ਵੀ ਕੰਪਨੀ ਦਾ ਸੱਭ ਤੋਂ ਮਹੱਤਵਪੂਰਨ ਕਾਰਜ ਦੱਸਿਆ। ਉਨ੍ਹਾਂ ਕਿਹਾ ਕਿ ਵੇਖਣ 'ਚ ਆਇਆ ਹੈ ਕਿ ਕਿਸੇ ਵੀ ਉਤਪਾਦ ਨੂੰ ਖਰੀਦਣ ਵਾਲੇ ਜਾਂ ਵੇਚਣ ਵਾਲੇ ਦੇ ਬਜਾਏ ਉਤਪਾਦ ਬਣਾਉਣ ਵਾਲਾ ਆਰਥਿਕ ਤੌਰ 'ਤੇ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ, ਇਸ ਲਈ ਢੁੱਕਵੇਂ




ਉਤਪਾਦ ਨਿਰਮਾਣ ਸਬੰਧੀ ਚੇਤੰਨ ਜਾਂ ਜਾਗਰੂਕ ਹੋਣਾ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਉਤਪਾਦਾਂ ਦਾ ਨਿਰਮਾਣ ਕਰਨਾ ਹੋਵੇਗਾ, ਜਿਸਦੀ ਲੋਕ ਬੇਸਬਰੀ ਨਾਲ ਉਡੀਕ ਕਰਨ, ਭਾਵ ਉਤਪਾਦ ਦਾ ਮਿਆਰ ਸਥਾਪਿਤ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਇਨੋਵੇਸ਼ਨ ਨੂੰ ਹੁੰਗਾਰਾ ਨਾ ਦੇਣ ਵਾਲੀ ਕੰਪਨੀ ਬਾਜ਼ਾਰ 'ਚ ਮੁਕਾਬਲਾ ਨਹੀਂ ਕਰ ਪਾਉਂਦੀ ਕਿਉਂਕਿ ਸਮੇਂ ਦੇ ਨਾਲ ਲੋਕਾਂ ਦੀਆਂ ਜ਼ਰੂਰਤਾਂ, ਸਮਾਜ, ਸਮਾਜਿਕ ਵਿਚਾਰ ਅਤੇ ਤਕਨਾਲੋਜੀ ਬਦਲ ਰਹੀ ਹੈ। ਕੰਪਨੀਆਂ ਨੂੰ ਗਲੋਬਲ ਮਾਰਕਿਟ 'ਚ ਬਣੇ ਰਹਿਣ ਲਈ ਲੋਕਾਂ ਦੀ ਮਾਨਸਿਕਤਾ ਅਤੇ ਤਕਨਾਲੋਜੀ ਦੇ ਅਨੁਸਾਰ ਕੰਮ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਡਿਜ਼ਾਇਨ ਸਬੰਧੀ ਸੋਚ, ਲਾਜ਼ੀਕਲ ਸੇਵਾਵਾਂ ਅਤੇ ਡਿਜੀਟਲ ਕ੍ਰਾਂਤੀ ਲਿਆਉਣ ਨਾਲ ਮੌਜੂਦਾ ਮਾਰਕੀਟਿੰਗ ਟੀਚੇ ਪ੍ਰਾਪਤ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਵਪਾਰਕ ਫਰਮਾਂ ਨੂੰ ਬਿਹਤਰ ਵਾਤਾਵਰਣ ਅਤੇ ਸਥਿਰਤਾ ਦੇ ਟੀਚਿਆਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ। ਕੋਈ ਵੀ ਫਰਮ ਅਜਿਹੇ ਉਤਪਾਦ ਵਿਕਸਿਤ ਨਹੀਂ ਕਰ ਸਕਦੀ ਜੋ ਸਾਡੀ ਹਵਾ, ਪਾਣੀ ਗੁਣਵੱਤਾ ਅਤੇ ਜਲਵਾਯੂ ਨੂੰ ਪ੍ਰਭਾਵਿਤ ਕਰਦੇ ਹੋਣ।

ਇਸ ਮੌਕੇ ਗੱਲਬਾਤ ਕਰਦਿਆਂ ਡਾ. ਵਾਲਡੇਮਰ ਨੇ ਕਿਹਾ ਕਿ ਡਿਜੀਟਲਾਈਜੇਸ਼ਨ ਨੇ ਕੁੱਝ ਦਹਾਕਿਆਂ ਤੋਂ ਵਿਸ਼ਵ ਅਤੇ ਮਾਰਕੀਟਿੰਗ ਦੇ ਰੁਝਾਨ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਪੈਦਾ ਕੀਤੀਆਂ ਹਨ ਅਤੇ ਨਵੀਨਤਾ ਅਤੇ ਮਨੁੱਖਪੱਖੀ ਉਤਪਾਦ ਮੌਜੂਦਾ ਮਾਰਕੀਟਿੰਗ 5.0 ਦਾ ਮਹੱਤਵਪੂਰਨ ਹਿੱਸਾ ਬਣ ਗਏ ਹਨ। ਭਾਰਤ ਦਾ ਪ੍ਰਸੰਗ ਇਸ ਵਿਸ਼ੇ 'ਤੇ ਵੱਖ ਹੋ ਸਕਦਾ ਹੈ ਪਰ ਜਲਦੀ ਹੀ ਅਮਰੀਕਾ ਵਰਗੇ ਉਦਯੋਗਿਕ ਦੇਸ਼ਾਂ ਦੀ ਤਰ੍ਹਾਂ ਚੰਗਾ ਪ੍ਰਦਰਸ਼ਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਮਾਰਕਿਟ ਦੀ ਤੁਲਨਾ 'ਚ ਅੱਜ ਲੋਕਾਂ ਨੂੰ ਵਿਅਕਤੀਗਤ ਰੂਪ ਨਾਲ ਚੁਣੌਤੀ ਦੇਣਾ ਸਿਰਫ਼ ਮਾਰਕਟਿੰਗ 'ਚ ਡਿਜੀਟਲਾਈਜੇਸ਼ਨ ਦੀ ਸਹਾਇਤਾ ਨਾਲ ਹੀ ਸੰਭਵ ਹੋਇਆ ਹੈ।

ਟੈਕ ਇਨਵੈਂਟ ਅਧੀਨ ਹੋਣ ਵਾਲੇ ਵੱਖ-ਵੱਖ 10 ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਚੰਡੀਗੜ੍ਹ ਯੂਨੀਵਰਸਿਟੀ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਨੇ ਦੱਸਿਆ ਕਿ ਨਿਆਂਪਾਲਿਕਾ, ਖੋਜ, ਰਾਈਟਿੰਗ ਆਦਿ ਖੇਤਰਾਂ 'ਚ ਨੌਜਵਾਨ ਵਕੀਲਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮੌਕੇ ਪ੍ਰਦਾਨ ਕਰਵਾਉਣ ਦੇ ਉਦੇਸ਼ ਨਾਲ 2 ਸਤੰਬਰ ਤੋਂ 4 ਸਤੰਬਰ ਤੱਕ ਅੰਤਰਰਾਸ਼ਟਰੀ ਵਰਚੂਅਲ ਮੂਟ ਕੋਰਟ ਮੁਕਾਬਲੇ ਕਰਵਾਏ ਜਾਣਗੇ ਜਦਕਿ ਇਨੋਵੇਸ਼ਨ ਅਤੇ ਸਵੈ-ਰੋਜ਼ਗਾਰ ਦੇ ਖੇਤਰ 'ਚ ਨਵੇਂ ਵਿਚਾਰਾਂ ਨੂੰ ਪ੍ਰੋਤਸ਼ਾਹਿਤ ਕਰਨ ਲਈ 23 ਅਗਸਤ ਤੋਂ 4 ਸਤੰਬਰ ਤੱਕ ਟੂਰਿਜ਼ਮ ਇੰਟਰਪ੍ਰਿਨਿਊਰਸ਼ਿਪ ਡਿਵੈਲਪਮੈਂਟ ਮੁਕਾਬਲੇ ਕਰਵਾਏ ਜਾਣਗੇ। ਇਸੇ ਤਰ੍ਹਾਂ 4 ਸਤੰਬਰ ਨੂੰ ਸਿਹਤਮੰਦ ਜ਼ਿੰਦਗੀ ਪ੍ਰਤੀ ਉਤਸ਼ਾਹਿਤ ਕਰਨ ਲਈ 4 ਸਤੰਬਰ ਨੂੰ ਹੈਲਥਾਕੱਾਨ ਮੁਕਾਬਲੇ ਕਰਵਾਏ ਜਾਣਗੇ, ਜੋ ਸਥਿਰ ਵਿਕਾਸ ਟੀਚਿਆਂ 'ਤੇ ਆਧਾਰਿਤ ਹੋਣਗੇ। ਮਾਰਕਟਿੰਗ ਉਤਪਾਦਾਂ ਅਤੇ ਸੇਵਾਵਾਂ 'ਚ ਰਚਨਾਤਮਕਤਾ ਪ੍ਰਦਰਸ਼ਿਤ ਕਰਨ ਲਈ 27 ਅਗਸਤ ਤੋਂ 3 ਸਤੰਬਰ ਤੱਕ 'ਐਨ-ਵਿਜ਼ਿਨ' ਤਹਿਤ ਐਡ ਮੇਕਿੰਗ ਮੁਕਾਬਲੇ ਜਾਣਗੇ। ਉਨ੍ਹਾਂ ਦੱਸਿਆ ਕਿ 3 ਸਤੰਬਰ ਨੂੰ ਸੱਭਿਆਚਾਰ, ਕੁਦਰਤ, ਨੌਜਵਾਨੀ ਅਤੇ ਵਾਤਾਵਰਣ ਆਦਿ ਵਿਸ਼ਿਆਂ 'ਤੇ ਆਧਾਰਿਤ ਅੰਤਰਰਾਸ਼ਟਰੀ ਫ਼ੋਟੋਗ੍ਰਾਫ਼ੀ ਅਤੇ ਲਘੂ ਫ਼ਿਲਮ ਮੁਕਾਬਲੇ ਕਰਵਾਏ ਜਾਣਗੇ।3 ਸਤੰਬਰ ਨੂੰ ਐਲਗੋਮੈਨਿਆਕ-2021 ਤਹਿਤ ਵੱਖ-ਵੱਖ ਕੋਡਿੰਗ ਮੁਕਾਬਲੇ ਹੋਣਗੇ ਜਦਕਿ 2 ਅਗਸਤ ਤੋਂ 2 ਸਤੰਬਰ ਤੱਕ ਹੈਕ ਫ਼ਾਰ ਮੈਨਕਾਈਂਡ ਤਹਿਤ ਹੈਕਾਥਨ ਮੁਕਾਬਲੇ ਕਰਵਾਏ ਜਾਣਗੇ।

ਡਾ. ਬਾਵਾ ਨੇ ਦੱਸਿਆ ਕਿ ਟੈਕ ਇਨਵੈਂਟ-21 ਦੌਰਾਨ ਵਰਚੂਅਲੀ ਕਰਵਾਏ ਜਾਣ ਵਾਲੇ 42 ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮ, ਵਰਕਸ਼ਾਪਾਂ, ਵਿਚਾਰ ਗੋਸ਼ਟੀਆਂ ਅਤੇ ਸੰਮੇਲਨ ਇਸ ਪ੍ਰੋਗਰਾਮ ਨੂੰ ਵਿਲੱਖਣ ਬਣਾਉਣਗੇ। ਵੱਖੋ-ਵੱਖਰੇ ਵਿਸ਼ਿਆਂ 'ਤੇ ਆਧਾਰਿਤ 12 ਫਲੈਗਸ਼ਿਪ ਪ੍ਰੋਗਰਾਮ, 21 ਵਰਕਸ਼ਾਪਾਂ, 6 ਵਿਚਾਰ ਗੋਸ਼ਟੀਆਂ ਅਤੇ 3 ਮਹੱਤਵਪੂਰਨ ਸੰਮੇਲਨ ਕਰਵਾਏ ਜਾਣਗੇ। ਇਸ ਦੌਰਾਨ ਸ਼ਹਿਰੀਕਰਨ ਅਤੇ ਜੈਵ-ਵਭਿੰਨਤਾ, ਔਰਗੈਨਿਕ ਖੇਤੀਬਾੜੀ, ਊਰਜਾ ਪ੍ਰਬੰਧਨ, ਮੀਡੀਆ ਅਤੇ ਫ਼ਿਲਮ ਖੇਤਰ 'ਚ ਔਰਤਾਂ ਦੀ ਸ਼ਮੂਲੀਅਤ ਅਤੇ ਸਾਈਬਰ ਸੁਰੱਖਿਆ ਆਦਿ ਵਿਸ਼ਿਆਂ 'ਤੇ ਵਿਚਾਰ ਗੋਸ਼ਟੀਆਂ ਦਾ ਆਯੋਜਨ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਆਈ.ਓ.ਟੀ, ਇਮਾਰਤਾਂ ਦਾ ਨਿਰਮਾਣ 'ਚ ਊਰਜਾ ਕੁਸ਼ਲਤਾ ਸਬੰਧੀ ਜਾਗਰੂਕਤਾ, ਜੀ.ਆਈ.ਐਸ/ਰਿਮੋਟ ਸੈਂਸਿੰਗ, ਵਿੱਤੀ ਯੋਜਨਾਬੰਦੀ ਅਤੇ ਆਰਥਿਕ ਵਿਕਾਸ ਲਈ ਤਕਨਾਲੋਜੀ ਦੀ ਮਹੱਤਤਾ, ਫੈਸ਼ਨ, ਸੱਭਿਆਚਾਰ, ਇਲੈਕਟ੍ਰਿਕ ਵਾਹਨ, ਖੇਤੀਬਾੜੀ ਵਿਕਾਸ ਅਤੇ ਕੋਰੋਨਾ ਵਾਇਰਸ ਸਬੰਧੀ ਮੁੱਦਿਆਂ 'ਤੇ ਵਰਕਸ਼ਾਪਾਂ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਭਵਿੱਖਮੁਖੀ ਸਿੱਖਿਆ, ਤਕਨਾਲੋਜੀ ਅਤੇ ਜਲਵਾਯੂ ਤਬਦੀਲੀਆਂ ਵਰਗੇ ਅਹਿਮ ਮੁੱਦਿਆਂ 'ਤੇ ਵਿਚਾਰ ਸੰਮੇਲਨ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਸੈਸ਼ਨਾਂ ਦੌਰਾਨ ਮਨਿਸਟਰੀ ਆਫ਼ ਪਾਵਰ, ਮਨਿਸਟਰੀ ਆਫ਼ ਅਰਥ ਸਾਇੰਸਿਜ਼, ਯੂਨੈਸਕੋ, ਪੀ.ਈ.ਡੀ.ਏ (ਪੇਡਾ), ਯੂ-ਟਰੇਡ, ਨੈਟ ਸਲਿਊਸ਼ਨਜ਼, ਏਸ਼ੀਆ ਕਲਾਈਮਿੰਟ ਚੇਂਜ਼ ਐਜੂਕੇਸ਼ਨ ਸੈਂਟਰ ਅਤੇ ਏ.ਆਈ.ਸੀ.ਟੀ.ਈ ਆਦਿ ਅਦਾਰਿਆਂ ਤੋਂ ਪ੍ਰਮੁੱਖ ਸਖਸ਼ੀਅਤਾਂ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੀਆਂ।

# ਭਾਰਟਾ ਸਟਾਫ਼ ਨੇ ਦਸ ਹਜ਼ਾਰ ਦੀਆਂ ਪੁਸਤਕਾਂ ਪਿੰਡ ਵਾਸੀਆਂ ਨੂੰ ਵੰਡੀਆਂ

**ਮਾਹਿਲਪੁਰ–** ਸਿੱਖਿਆ ਵਿਭਾਗ ਪੰਜਾਬ ਵਲੋਂ ਸਿਖਿਆ ਜਗਤ ਵਿਚ ਪਾਈਆਂ ਜਾ ਰਹੀਆਂ ਨਵੀਆਂ ਪੈੜਾਂ ਤਹਿਤ ਪਿਛਲੇ ਦਿਨਾਂ ਤੋਂ ਪਿੰਡਾਂ ਵਿਚ ਪੁਸਤਕ ਲੰਗਰ ਲਗਾਏ ਜਾ ਰਹੇ ਹਨ।ਇਸੇ ਲੜੀ ਹੇਠ ਸਰਕਾਰੀ ਮਿਡਲ ਸਕੂਲ ਭਾਰਟਾ ਗਨੇਸ਼ਪੁਰ ਦੇ ਮੁੱਖ ਅਧਿਆਪਕ ਬਲਜਿੰਦਰ ਮਾਨ ਦੀ ਅਗਵਾਈ ਹੇਠ ਸਟਾਫ ਮੈਂ-ਬਰਾਂ ਵਲੋਂ ਦਸ ਹਜ਼ਾਰ ਰੁਪਈਆਂ ਦੀਆਂ ਪੁਸਤਕਾਂ ਪਿੰਡ ਭਾਰਟਾ,ਗਨੇਸ਼ਪੁਰ ਅਤੇ ਪਥਰਾਲਾ ਵਾਸੀਆਂ ਨੂੰ ਵੰਡੀਆਂ ਗਈਆਂ।ਇਸ ਮੌਕੇ ਉਹਨਾਂ ਕਿਹਾ ਕਿ ਅਸੀਂ ਘਰਾਂ ਵਿਚ ਸਿੱਖਿਆ ਪੱਖੀ ਮਹੌਲ ਸਿਰਜਣ ਦੀ ਕੋਸ਼ਿਸ਼ ਕਰ ਰਹੇ ਹਾਂ।ਇਸ ਵਾਸਤੇ ਪਹਿਲਾ ਕਦਮ ਹਰ ਘਰ ਵਿਚ ਪੁਸਤਕ ਦਾ ਹੋਣਾ ਲਾਜ਼ਮੀ ਹੈ।ਇਸ ਕਰਕੇ ਅਸੀਂ ਸਾਰੇ ਸਟਾਫ ਮੈਂਬਰਾਂ ਗੁਰਪ੍ਰੀਤ ਕੌਰ,ਸਤਵੀਰ ਕੌਰ, ਪਵਨ ਕੁਮਾਰ ਅਤੇ ਮਨਜਿੰਦਰ ਸਿੰਘ ਨੇ ਘਰ ਘਰ ਪੁਸਤਕਾਂ ਪਹੁੰਚਾਉਣ ਦਾ ਯਤਨ ਕੀਤਾ ਹੈ।ਇਸ ਕਾਰਜ ਵਿਚ ਸਾਨੂੰ ਪਿੰਡ ਦੇ ਗੱਭਰੂ ਕਲੱਬ, ਪੰਚਾਇਤ, ਮਹਿਲਾ ਮੰਡਲ ਅਤੇ ਪਤਵੰਤਿਆਂ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ।




ਇਥੋਂ ਦੇ ਲੇਖਕ ਜਗਜੀਤ ਸਿੰਘ ਗਨੇਸ਼ਪੁਰ ਨੇ ਵਿਸ਼ੇਸ਼ ਦਿਲਚਸਪੀ ਲੈ ਕਿ ਇਸ ਕਾਰਜ ਨੂੰ ਹੋਰ ਵੀ ਰੌਚਕ ਅਤੇ ਚਿਰ ਸਥਾਈ ਬਣਾ ਦਿੱਤਾ।ਸਰਪੰਚ ਮਨਜੀਤ ਸਿੰਘ ਲਾਲੀ ਨੇ ਕਿਹਾ ਕਿ ਪਿੰਡ ਵਾਸੀਆਂ ਨੂੰ ਸਟਾਫ ਮੈਂਬਰਾਂ ਖਾਸ ਕਰ ਸਕੂਲ ਮੁਖੀ ਬਲਜਿੰਦਰ ਮਾਨ ਜੋ ਸ਼੍ਰੋਮਣੀ ਬਾਲ ਸਾਹਿਤ ਲੇਖਕ ਵੀ ਹਨ ਤੇ ਬਹੁਤ ਮਾਣ ਹੈ ਜਿਹੜੇ ਪੂਰੀ ਤੰਨਦੇਹੀ ਨਾਲ ਬੱਚਿਆਂ ਦੀ ਸ਼ਖ਼ਸ਼ੀਅਤ ਦੇ ਨਿਰਮਾਣ ਵਿਚ ਜੁਟੇ ਹੋਏ ਹਨ। ਉਹਨਾਂ ਦੀ ਅਗਵਾਈ ਹੇਠ ਸਕੂਲ ਸ਼ਾਨਦਾਰ ਪ੍ਰਾਪਤੀਆਂ ਕਰ ਰਿਹਾ ਹੈ।

ਸਕੂਲ ਮੈਨੇਜਿੰਗ ਕਮੇਟੀ ਦੀ ਚੇਅਰਪਰਸਨ ਮਨਜੀਤ ਕੌਰ ਨੇ ਕਿਹਾ ਕਿ ਸਾਡੇ ਸਕੂਲ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ।ਉਹਨਾਂ ਕੋਰੋਨਾ ਕਾਲ ਦੌਰਾਨ ਕਰਵਾਈ ਮਿਹਨਤ ਅਤੇ ਮੁਕਾਬਲਿਆਂ ਵਿਚ ਜਿੱਤੀਆਂ ਸ਼ਾਨਦਾਰ ਜਿੱਤਾਂ ਦਾ ਖਾਸ ਜ਼ਿਕਰ ਕੀਤਾ।ਨੌਜਵਾਨ ਆਗੂ ਸੰਜੀਵ ਕੁਮਾਰ ਨੇ ਕਿਹਾ ਕਿ ਸਕੂਲ ਸਟਾਫ ਸਿਰਫ ਬੱਚਿਆਂ ਤਕ ਹੀ ਸੀਮਤ ਨਹੀਂ ਸਗੋਂ ਸਮਾਜਿਕ ਕਾਰਜਾਂ ਵਿਚ ਅਹਿਮ ਭੂਮਿਕਾ ਨਿਭਾਅ ਕੇ ਸਮੁੱਚੇ ਨਗਰ ਨੂੰ ਸੁਚੱਜੀ ਅਗਵਾਈ ਦੇ ਰਿਹਾ ਹੈ।ਜਿਸ ਵਾਸਤੇ ਉਹਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਸਟਾਫ਼ ਮੈਂਬਰਾਂ ਵਲੋਂ ਪੁਸਤਕਾਂ ਘਰ ਘਰ ਪਹੁੰਚਾਉਣ ਵਿਚ ਰਾਜੇਸ਼ ਕੁਮਾਰ, ਨੰਬਰਦਾਰ ਤਕਦੀਰ ਸਿੰਘ, ਗੁਰਮਨ ਸਿੰਘ, ਇਮਰਾਨ ਮੁਹੰਮਦ, ਗਗਨਦੀਪ, ਰਣਜੀਤ ਕੌਰ, ਸੁਖਵਿੰਦਰ ਕੌਰ, ਰਾਜ ਰਾਣੀ, ਦਲਜੀਤ ਸਿੰਘ, ਸੰਤੋਸ਼ ਕੁਮਾਰੀ, ਬਲਵਿੰਦਰ ਕੌਰ, ਦੀਪਕ ਕੁਮਾਰ, ਇਕਬਾਲ ਬਾਨੋ, ਸਮੇਤ ਸਕੂਲ ਮੈਨੇਜਿੰਗ ਕਮੇਟੀ, ਯੂਥ ਕਲੱਬ, ਪੰਚਾਇਤ ਅਤੇ ਪਤਵੰਤਿਆਂ ਨੇ ਯੋਗਦਾਨ ਪਾਇਆ।

# ਮਨਮੋਹਨ ਸਿੰਘ ਦਾਊਂ ਦੀ ਸਾਹਿਤਕ ਡਾਇਰੀ

**ਰੀਵਿਊਕਾਰ: ਬਲਜਿੰਦਰ ਮਾਨ**
**(ਸ਼੍ਰੋਮਣੀ ਬਾਲ ਸਾਹਿਤ ਲੇਖਕ) 98150-18947**
**ਮੁੱਖ ਸੰਪਾਦਕ: ਡਾ. ਬਲਜੀਤ ਸਿੰਘ**
**ਸਹਾਇਕ ਸੰਪਾਦਕ: ਦਲਜੀਤ ਕੌਰ ਦਾਊਂ, ਉਤਮਵੀਰ ਸਿੰਘ ਦਾਊਂ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ**
**ਪੰਨੇ: 132, ਮੁੱਲ: 250**

ਬਾਲ ਸਾਹਿਤ ਜਗਤ ਵਿਚ ਮਨਮੋਹਨ ਸਿੰਘ ਦਾਊਂ ਵਲੋਂ ਪਾਈਆਂ ਸੰਦਲੀ ਪੈੜਾਂ ਤੇ ਚੱਲਣ ਲਈ ਕਈ ਨਵੇਂ ਸਾਹਿਤਕਾਰ ਤਤਪਰ ਹਨ।ਉਹਨਾਂ ਪੈੜਾਂ ਦੀ ਬਰਾਬਰੀ ਕਰਨੀ ਭਾਵੇਂ ਔਖੀ ਹੈ ਪਰ ਇਹਨਾਂ ਤੇ ਚੱਲਣ ਨਾਲ ਮੰਜ਼ਿਲ ਤੇ ਜ਼ਰੂਰ ਪੁੱਜਿਆ ਜਾ ਸਕਦਾ ਹੈ।ਉਹਨਾਂ ਨੇ ਆਪਣੇ ਤਨ ਮਨ ਤੇ ਹੰਢਾਏ ਅਨੁਭਵਾਂ ਨੂੰ ਆਪਣੀ ਡਾਇਰੀ ਦਾ ਹਿੱਸਾ ਬਣਾਇਆ ਹੈ। ਇਸ ਡਾਇਰੀ ਦੇ ਸਾਹਿਤਕ ਮੁੱਲ ਨੂੰ ਦੇਖਦਿਆਂ ਇਸਦਾ ਸੰਪਾਦਨ ਕਾਰਜ ਡਾ. ਬਲਜੀਤ ਸਿੰਘ ਦੁਆਰਾ ਬੜੀ ਗੰਭੀਰਤਾ ਨਾਲ ਕੀਤਾ ਗਿਆ।

ਉਹਨਾਂ ਦੀ ਸੰਪਾਦਕੀ ਟੀਮ ਵਿਚ ਦਲਜੀਤ ਕੌਰ ਦਾਊਂ, ਉਤਮਵੀਰ ਸਿੰਘ ਦਾਊਂ, ਪ੍ਰੋ.ਸੁਖਵਿੰਦਰ ਸਿੰਘ ਅਤੇ ਡਾ. ਰਾਜਿੰਦਰ ਸਿੰਘ ਕੰਬੋਜ ਨੇ ਅਹਿਮ ਭੂਮਿਕਾ ਨਿਭਾਈ।




ਇਸ ਡਾਇਰੀ ਦੇ ਪੰਨੇ ਫਰੋਲੀਏ ਤਾਂ ਸਾਨੂੰ 1960 ਦੇ ਦਹਾਕੇ ਤੋਂ ਆਰੰਭ ਹੋਇਆ ਸਿਰਜਣਾ ਦਾ ਅਧਿਆਏ ਅੱਖਾਂ ਅੱਗੇ ਘੁੰਮਦਾ ਪ੍ਰਤੀਤ ਹੁੰਦਾ ਹੈ। ਉਹਨਾਂ ਦਿਨਾਂ ਵਿਚ ਸਾਹਿਤਕ, ਰਾਜਸੀ ਸਮਾਜਿਕ ਅਤੇ ਕੌਮਾਂਤਰੀ ਪੱਧਰ ਦੀਆਂ ਕਈ ਅਹਿਮ ਘਟਨਾਵਾਂ ਬਾਰੇ ਰੌਚਕ ਜਾਣਕਾਰੀ ਮਿਲਦੀ ਹੈ। ਅਸਲ ਵਿਚ ਇਹ ਡਾਇਰੀ ਸਾਨੂੰ 1960 ਤੋਂ ਬਾਅਦ ਦੇ ਘਟਨਾਕ੍ਰਮ ਦੀ ਵਾਕਫੀਅਤ ਕਰਵ-ਾਉਂਦੀ ਹੋਈ ਲੇਖਕ ਦੇ ਸਾਹਿਤਕ ਯਤਨਾਂ ਨਾਲ ਜੋੜਦੀ ਹੈ। ਇਸ ਨਾਲ ਹਰ ਪਾਠਕ ਅਤੇ ਲੇਖਕ ਅੰਦਰ ਕੁਝ ਨਾ ਕੁਝ ਨਵਾਂ ਸਿਰਜਣ ਦਾ ਬੀਜ ਬੀਜਿਆ ਜਾਂਦਾ ਹੈ।ਗਿਆਨ ਵਿਚ ਵਾਧਾ ਬੜੇ ਰੌਚਕ ਢੰਗ ਨਾਲ ਕਰਵਾਇਆ ਗਿਆ ਹੈ।ਪਾਠਕ ਹੋਰ ਅੱਗੇ ਪੜ੍ਹਨ ਲਈ ਪ੍ਰੇਰਿਤ ਹੁੰਦਾ ਹੈ। ਇਸ ਪੁਸਤਕ ਨੂੰ ਜੀਵਨ ਤਜਰਬੇ ਚੋਂ ਕਥਨ ਪ੍ਰਵਚਨ, ਪ੍ਰਕਿਰਤੀ ਨਾਲ ਗੱਲਾਂ , ਸਮਿਆਂ ਦੇ ਨਾਇਕ, ਪੁਸਤਕਾਂ ਦਾ ਸੰਗ ਸਾਥ ਅਤੇ ਕਥਾ ਵਰਗੇ ਪ੍ਰਸੰਗ ਪੰਜ ਭਾਗਾਂ ਵਿਚ ਵੰਡੀ ਗਈ ਹੈ।ਪਹਿਲੇ ਭਾਗ ਦੀਆਂ ਕੁਟੇਸ਼ਨਾਂ ਪਾਠਕਾਂ ਨੂੰ ਅਗਲੇ ਪੰਨਿਆਂ ਤੇ ਝਾਤੀ ਮਾਰਨ ਲਈ ਮਜ਼ਬੂਰ ਕਰਦੀਆਂ ਹਨ।ਰੀਵਿਊਕਾਰੀ, ਸਮਾਰੋਹ ਮਾਣ ਸਨਮਾਨ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਇਸ ਡਾਇਰੀ ਵਿਚ ਸੰਭਾਲਿਆ ਪਿਆ ਹੈ।


ਡਾਇਰੀ ਦੇ ਵਿਚਾਰਾਂ ਦਾ ਪ੍ਰਵਾਹ ਬੇਰੋਕ ਵਗਦਾ ਹੋਇਆ ਸਮੇਂ ਦਾ ਵਿਸ਼ਲੇਸ਼ਣ ਕਰਦਾ ਜਾਂਦਾ ਹੈ। ਇਸ ਡਾਇਰੀ ਦੀ ਸੰਖੇਪਤਾ ਅਤੇ ਸਪੱਸ਼ਟਤਾ ਇਸਦੀ ਵਡਿਆਈ ਵਿਚ ਵਾਧਾ ਕਰਦੀ ਹੈ। ਅਜਿਹੀਆਂ ਡਾਇਰੀਆਂ ਨਵੇਂ ਲਿਖਾਰੀਆਂ ਲਈ ਰਾਹ ਦਸੇਰੇ ਦਾ ਕੰਮ ਕਰਦੀਆਂ ਹੋਈਆਂ ਇਤਿਹਾਸਕ ਦਸਤਾਵੇਜ਼ ਬਣ ਜਾਂਦੀਆਂ ਹਨ। ਮੇਰੇ ਖਿਆਲ ਅਨੁਸਾਰ ਇਹ ਨਰੋਆ ਤੇ ਨਿਵੇਕਲਾ ਉਪਰਾਲਾ ਹੈ ਜਿਸਦੀ ਸ਼ਲਾਘਾ ਕਰਨੀ ਬਣਦੀ ਹੈ।

# ਸੁਭਾਸ਼ ਸ਼ਰਮਾ ਨੂਰ ਦਾ ਕਾਵਿ ਸੰਗ੍ਰਹਿ ਕਿਤਾਬ-ਏ-ਜ਼ਿੰਦਗੀ ਮੁਹੱਬਤੀ ਦਾਸਤਾਂ



ਉਜਾਗਰ ਸਿੰਘ
91-94178-13072

ਸੁਭਾਸ਼ ਸ਼ਰਮਾ ਨੂਰ ਦਾ ਪਲੇਠਾ ਕਾਵਿ ਸੰਗ੍ਰਹਿ 'ਕਿਤਾਬ-ਏ-ਜ਼ਿੰਦਗੀ' ਮੁਹੱਬਤ ਦੀਆਂ ਬਾਤਾਂ ਪਾ ਰਿਹਾ ਹੈ। ਸ਼ੁਭਾਸ਼ ਸਰਮਾ ਅੰਗਰੇਜ਼ੀ ਦੇ ਸੇਵਾ ਮੁਕਤ ਪ੍ਰੋਫ਼ੈਸਰ ਹਨ। ਪਰੰਤੂ ਉਹਨਾਂ ਆਪਣੀ ਇਹ ਪਹਿਲੀ ਪੁਸਤਕ ਹੀ ਹਿੰਦੀ ਵਿਚ ਪ੍ਰਕਾਸ਼ਤ ਕਰਵਾਈ ਹੈ। ਇਸ ਪੁਸਤਕ ਦੇ ਪਹਿਲੇ 52 ਪੰਨਿਆਂ ਵਿਚ 30 ਕਵਿਤਾਵਾਂ ਅਤੇ ਨਜ਼ਮਾਂ ਅਤੇ 17 ਗ਼ਜ਼ਲਾਂ ਹਨ। ਉਸਤੋਂ ਬਾਅਦ 96 ਪੰਨਿਆਂ ਤੱਕ 79 ਰੁਬਾਈਆਂ ਅਤੇ 53 ਸ਼ੇਅਰ ਹਨ। ਉਹਨਾਂ ਦੀਆਂ ਬਹੁਤੀਆਂ ਕਵਿਤਾਵਾਂ, ਨਜ਼ਮਾਂ ਅਤੇ ਰੁਬਾਈਆਂ, ਮੁਹੱਬਤ, ਸਦਭਾਵਨਾ, ਆਪਸੀ ਮਿਲਵਰਤਨ, ਜ਼ਿੰਦਗੀ, ਸੁਖੀ ਜੀਵਨ, ਸ਼ਾਂਤੀ, ਇਸਤਰੀਆਂ, ਪੰਛੀਆਂ, ਬਜ਼ੁਰਗਾਂ ਦਾ ਸਤਿਕਾਰ, ਆਪਸੀ ਪਿਆਰ, ਭਰਿਸ਼ਟਾਚਾਰ, ਮਿਲਵਰਤਨ, ਜ਼ਾਤੀਵਾਦ, ਰਾਜਨੀਤੀ, ਪਾਰਦਰਸ਼ਤਾ, ਗ਼ਰੀਬਾਂ, ਮਜ਼ਲੂਮਾ, ਹਓਮੈ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਦੇ ਆਲੇ ਦੁਆਲੇ ਹੀ ਘੁੰਮਦੀਆਂ ਹਨ। ਮੁੱਢਲੇ ਤੌਰ 'ਤੇ ਸ਼ੁਭਾਸ਼ ਸ਼ਰਮਾ ਨੂਰ ਇਕ ਬਿਹਤਰੀਨ ਅਧਿਆਪਕ, ਖ਼ੁਸ਼ਮਿਜ਼ਾਜ਼, ਸਲੀਕੇ ਨਾਲ ਵਿਚਰਨ ਵਾਲੇ ਇਨਸਾਨ, ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਦੇ ਸਰਬਪੈਰਮਾਣਤ ਮੰਚ ਸੰਚਾਲਕ ਹਨ। ਇਸ ਪੁਸਤਕ ਵਿਚਲੀਆਂ ਰੁਬਾਈਆਂ ਅਤੇ ਸ਼ੇਅਰ ਆਮ ਤੌਰ ਜਦੋਂ ਉਹ ਮੰਚ ਸੰਚਾਲਨ ਕਰਦੇ ਹਨ ਤਾਂ ਉਹਨਾਂ ਦੀ ਵਰਤੋਂ ਕਰਦੇ ਹਨ। ਪੁਸਤਕ ਵਿਚਲੀਆਂ ਰਚਨਾਵਾਂ ਵਿਚ ਉਹਨਾਂ ਦੇ ਵਿਅਕਤਿਵ ਦਾ ਪੈਰਗਟਾਵਾ ਹੁੰਦਾ ਹੈ। ਇਨੈਹਾਂ ਰਚਨਾਵਾਂ ਨੂੰ ਜੇ ਉਹਨਾਂ ਦੀ ਰੂਹ ਦੀ ਆਵਾਜ਼ ਕਹਿ ਲਿਆ ਜਾਵੇ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਉਹਨਾਂ ਨੇ ਆਪਣੀ ਪਹਿਲੀ ਕਵਿਤਾ ਹੀ ਆਪਣੀ ਧਰਮ ਪਤਨੀ ਨੂੰ ਸਮਰਪਤ ਕੀਤੀ ਹੈ। ਉਹਨਾਂ ਉਸ ਕਵਿਤਾ ਵਿਚ ਲਿਖਿਅ ਹੈ ਕਿ ਉਸਦੀ ਜ਼ਿੰਦਗੀ ਨੂੰ ਸੁਚੱਜੀ ਬਣਾਉਣ ਵਿਚ ਉਹਨਾਂ ਦੀ ਪਤਨੀ ਦਾ ਵਿਸ਼ੇਸ਼ ਯੋਗਦਾਨ ਹੈ।





ਬਿਹਤਰ ਰਿਸ਼ਤੇ ਬਣਾਉਣ, ਖ਼ੁਸ਼ਹਾਲ ਜੀਵਨ ਬਤੀਤ ਕਰਨ, ਇਨਸਾਨੀਅਤ ਦੀਆਂ ਕਦਰਾਂ ਕੀਮਤ 'ਤੇ ਪਹਿਰਾ ਦੇਣ, ਸ਼ਾਂਤਮਈ ਵਾਤਾਵਰਨ ਪੈਦਾ ਕਰਨ, ਹਓਮੈ ਤੋਂ ਛੁਟਕਾਰਾ ਪਾਉਣ ਅਤੇ ਮਨੁੱਖੀ ਹੱਕਾਂ ਦੀ ਰਖਵਾਲੀ ਕਰਨ ਦੀ ਪੈਰੇਰਨਾ ਦਿੰਦੀਆਂ ਹਨ। ਕੁਲ 46 ਕਵਿਤਾਵਾਂ ਅਤੇ 79 ਰੁਬਾਈਆਂ ਵਿਚੋਂ ਅੱਧ ਤੋਂ ਵੱਧ ਮੁਹੱਬਤ ਦੇ ਗੀਤ ਗਾਉਂਦੀਆਂ ਹਨ। ਬਾਕੀ ਦੀਆਂ ਅੱਧੀਆਂ ਰਚਨਾਵਾਂ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੀਆਂ ਹਨ। ਸ਼ਾਇਰੀ ਦਾ ਜ਼ਿਕਰ ਕਰਦਿਆਂ ਉਹ ਲਿਖਦੇ ਹਨ-

ਸ਼ਾਇਰੀ ਹੁਸਨ ਕਾ ਅੰਦਾਜ਼ ਹੂਆ ਕਰਤੀ ਹੈ,
ਸ਼ਾਇਰੀ ਵਕਤ ਕੀ ਹਮਰਾਜ਼ ਹੂਆ ਕਰਤੀ ਹੈ।
ਸ਼ਾਇਰੀ ਸਿਰਫ਼ ਲਫ਼ਾਜ਼ੀ ਨਹੀਂ ਹੋਤੀ, ਏ ਦੋਸਤ!
ਸ਼ਾਇਰੀ ਰੂਹ ਕੀ ਆਵਾਜ਼ ਹੂਆ ਕਰਤੀ ਹੈ।

ਸ਼ੁਭਾਸ਼ ਸ਼ਰਮਾ ਦੀ ਇਹ ਕਵਿਤਾ ਹੀ ਉਹਨਾਂ ਦੀਆਂ ਸਾਰੀਆਂ ਰਚਨਾਵਾਂ ਦਾ ਆਧਾਰ ਹੈ। ਉਹ ਮੁਹੱਬਤ, ਇਸ਼ਕ, ਪਿਆਰ ਅਤੇ ਹੁਸਨ ਨੂੰ ਇਸ਼ਕ ਮਜ਼ਾਜ਼ੀ ਨਹੀਂ ਸਗੋਂ ਇਸ਼ਕ ਹਕੀਕੀ ਮੰਨਦੇ ਹਨ। ਦੁਨੀਆਂ ਇਨਸਾਨ ਦੇ ਚਿਹਰੇ ਮੋਹਰੇ ਦੇ ਮਗਰ ਪਾਗਲ ਹੋਈ ਫਿਰਦੀ ਹੈ। ਦੁਨਿਆਵੀ ਲਾਲਚ ਨੇ ਇਨਸਾਨੀਅਤ ਦੀ ਫਿਤਰਤ ਵਿਚ ਤਬਦੀਲੀ ਲਿਆਕੇ ਇਨਸਾਨ ਨੂੰ ਬੁਰਾਈਆਂ ਵਲ ਧਕੇਲ ਦਿੱਤਾ ਹੈ। ਸਮਾਜ ਵਿਚ ਸੁੱਖ, ਸ਼ਾਂਤੀ ਅਤੇ ਸਦਭਾਵਨਾ ਦਾ ਵਾਤਵਰਨ ਪੈਦਾ ਕਰਨ ਦੇ ਇਰਾਦੇ ਨਾਲ ਸ਼ਾਇਰ ਆਪਣੀ ਇਕ ਰਚਨਾ ਵਿਚ ਲਿਖਦੇ ਹਨ-

ਤੁਮਨੇ ਇਸ ਸ਼ਹਿਰ ਕੋ ਸਦੀਓਂ ਸੇ ਨੂਰ ਬਖ਼ਸ਼ਾ ਹੈ,
ਇਲਮ ਬਖ਼ਸ਼ਾ ਹੈ ਇਸਕੋ ਸ਼ਾਊਰ ਬਖ਼ਸ਼ਾ ਹੈ।
ਤੁਮਨੇ ਇਸ ਸ਼ਹਿਰ ਕੇ ਹਾਥੋਂ ਕੋ ਹਿਨਾ ਬਖ਼ਸ਼ੀ ਹੈ,
ਹੁਸਨ ਬਖ਼ਸ਼ਾ ਹੈ ਇਸੇ ਨਾਜ਼-ਓ-ਅਦਾ ਬਖ਼ਸ਼ੀ ਹੈ।

ਸ਼ਾਇਰ ਦਾ ਇਸ ਸ਼ਹਿਰ ਤੋਂ ਭਾਵ ਇਕੱਲੇ ਪਟਿਆਲਾ ਸ਼ਹਿਰ ਬਾਰੇ ਨਹੀਂ ਸਗੋਂ ਸਮੁੱਚੀ ਮਾਨਵਤਾ ਦੀ ਗੱਲ ਕਰ ਰਹੇ ਹਨ। ਸਮੁੱਚੇ ਪੰਜਾਬ/ਦੇਸ਼ ਦੀ ਗੱਲ ਕਰ ਰਹੇ ਹਨ। ਇਸ ਪੁਸਤਕ ਬਾਰੇ ਸ਼ਾਇਰ ਕਹਿੰਦੇ ਹਨ ਕਿ ਇਹ ਪੁਸਤਕ ਮੇਰੀ ਜ਼ਿੰਦਗੀ ਦੇ ਤਜ਼ਰਬਿਆਂ ਦਾ ਸਾਰੰਸ਼ ਹੈ। ਮੇਰੀ ਜ਼ਿੰਦਗੀ ਤੋਂ ਉਹਨਾਂ ਦਾ ਅਰਥ ਹੈ, ਇਨਸਾਨੀਅਤ ਦੀ ਜ਼ਿੰਦਗੀ ਹੈ। ਉਹ ਆਪਣੇ ਨਿੱਜੀ ਤਜ਼ਰਬਿਆਂ ਨੂੰ ਲੋਕਾਈ ਦੇ ਬਣਾਕੇ ਪੇਸ਼ ਕਰਦੇ ਹਨ। ਮਾਨਵਤਾ ਦੁਨਿਆਵੀ ਵਸਤਾਂ ਦੀ ਪੈਰਾਪਤੀ ਲਈ ਕਿਸ ਤਰੈਹਾਂ ਹਰ ਰੋਜ਼ ਭਟਕਦੀ ਰਹਿੰਦੀ ਹੈ, ਜਦੋਂ ਕਿ ਉਸਨੂੰ ਪਤਾ ਹੈ ਕਿ ਇਹ ਸਭ ਵਸਤਾਂ ਸਥਾਈ ਨਹੀਂ ਹਨ। ਇਸ ਲਈ ਜਿਹੜੀ ਇਹ ਜ਼ਿੰਦਗੀ ਮਿਲੀ ਹੈ, ਇਸਦਾ ਸਦਉਪਯੋਗ ਮਾਨ-ਵਤਾ ਦੀ ਬਿਹਤਰੀ ਲਈ ਕੀਤਾ ਜਾਵੇ। ਇਸ ਨੂੰ ਅਜਾਈਂ ਨਾ ਗੁਆ ਦਿੱਤਾ ਜਾਵੇ। ਵਕਤ ਨੂੰ ਸਾਂਭਣਾ ਹੀ ਇਨਸਾਨੀਅਤ ਦੀ ਮੁੱਢਲੀ ਜ਼ਿੰਮੇਵਾਰੀ ਹੈ।-

ਮੈਂ ਜੋ ਲਮਹਾ-ਲਮਹਾ ਜੀਆ ਕਭੀ, ਮੈਂ ਜੋ ਕਤਰਾ ਕਤਰਾ ਮਰਾ ਕਭੀ।
ਮੇਰੀ ਖੁਵਾਹਸ਼ੇਂ, ਮੇਰੀ ਕੋਸ਼ਿਸ਼ੇਂ, ਮੇਰੀ ਸ਼ੋਹਰਤੇਂ, ਮੇਰੀ ਜ਼ਿਲਤੇਂ।
ਉਨ ਸਭੀ ਪਲੋਂ ਕਾ ਹਿਸਾਬ ਹੈ, ਇਸੇ ਪੜੋ ਜ਼ਰਾ।


ਸ਼ੁਭਾਸ਼ ਸ਼ਰਮਾ ਇਨਸਾਨ ਨੂੰ ਪੰਛੀਆਂ ਤੋਂ ਪਰੇਰਨਾ ਲੈਣ ਲਈ ਵੀ ਆਪਣੀਆਂ ਕਵਿਤਾਵਾਂ ਵਿਚ ਕਹਿੰਦਾ ਹੈ। ਪੰਛੀਆਂ ਵਿਚ ਕੋਈ ਵੈਰ ਭਾਵ ਨਹੀਂ ਹੁੰਦਾ, ਉਹ ਸਥਾਈ ਘਰ ਵੀ ਨਹੀਂ ਬਣਾਉਂਦੇ, ਉਹਨਾਂ ਲਈ ਸਰਹੱਦਾਂ ਦਾ ਕੋਈ ਅਰਥ ਨਹੀਂ, ਕੋਈ ਲਾਲਚ ਨਹੀਂ, ਜੋ ਕੁਝ ਮਿਲ ਗਿਆ ਖਾ ਲਿਆ, ਪੀ ਲਿਆ, ਕੋਈ ਕਬਜ਼ਾ ਨਹੀਂ ਕਰਦੇ, ਫਿਰ ਵੀ ਉਹ ਚਹਿਕਦੇ ਰਹਿੰਦੇ ਹਨ। ਉਹਨਾਂ ਦੀ ਖ਼ੁਸ਼ੀਆਂ ਭਰੀ ਜ਼ਿੰਦਗੀ ਵੇਖਕੇ ਇਨਸਾਨ ਨੂੰ ਵੀ ਖ਼ੁਸ਼ੀਆਂ ਦਾ ਆਨੰਦ ਮਾਨਣਾ ਚਾਹੀਦਾ ਹੈ। ਲੋਭ, ਮੋਹ ਅਤੇ ਅਹੰਕਾਰ ਦੇ ਚੱਕਰ ਵਿਚੋਂ ਬਾਹਰ ਨਿਕਲਕੇ ਇਨਸਾਨ ਨੂੰ ਪਰਮਾਤਮਾ ਦੀਆਂ ਬਰਕਤਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਪਤਾ ਨਹੀਂ ਉਹ ਇਨੈਹਾਂ ਰਹਿਮਤਾਂ ਦਾ ਲਾਭ ਕਿਉਂ ਨਹੀਂ ਉਠਾ ਰਿਹਾ?

ਪਰਿੰਦੇ ਆਬ-ਓ-ਦਾਨਾ ਢੂੰਡਤੇ ਹੈਂ, ਵੋਹ ਬਸ ਮੌਸਮ ਸੁਹਾਨਾ ਢੂੰਢਤੇ ਹੈ।
ਪਰਿੰਦੋਂ ਕੀ ਸਿਆਸਤ ਬਸ ਯਹੀ ਹੈ, ਵੋਹ ਮਿਲਨੇ ਕਾ ਬਹਾਨਾ ਢੂੰਢਤੇ ਹੈਂ।
ਸਰਹੱਦੋਂ ਸੇ ਉਨਹੇਂ ਕਿਆ ਲੇਨਾ ਹੈ, ਵੋਹ ਉੜਨੇ ਕਾ ਬਹਾਨਾ ਢੂੰਢਤੇ ਹੈਂ।
ਸ਼ਜ਼ਰ ਕੀ ਟਹਿਨੀਓਂ ਪਰ ਬੈਠੇ-ਬੈਠੇ, ਮੁਹੱਬਤ ਕਾ ਜ਼ਮਾਨਾ ਢੂੰਢਤੇ ਹੈਂ।
ਜ਼ਮਾਨੇ ਕੀ ਫ਼ਿਜ਼ਾ ਸੇ ਦੂਰ ਉੜਕਰ, ਖ਼ੁਦਾ ਕਾ ਆਸ਼ਿਆਨਾ ਢੂੰਢਤੇ ਹੈ।
'ਨੂਰ' ਕੁਛ ਸੀਖ਼ ਲੇ ਪਰਿੰਦੋਂ ਸੇ, ਜੋ ਖ਼ੁਸ਼ੀਓਂ ਕਾ ਖ਼ਜਾਨਾ ਢੂੰਢਤੇ ਹੈ।

ਸ਼ਾਇਰ ਆਪਣੀ ਸ਼ਾਇਰੀ ਵਿਚ ਇਨਸਾਨ ਨੂੰ ਲੜਾਈ ਝਗੜੇ ਛੱਡ ਕੇ ਕੁਰਕਸ਼ੇਤਰ ਦਾ ਯੁਧ ਖ਼ਤਮ ਕਰਨ ਦੀ ਨਸੀਹਤ ਦੇ ਰਿਹਾ ਹੈ। ਸਾਰਾ ਕੁਝ ਇਥੇ ਹੀ ਰਹਿ ਜਾਣਾ ਹੈ। ਆਪਸੀ ਝਗੜੇ, ਖੁੰਦਕਾਂ ਅਤੇ ਦੁਸ਼ਮਣੀਆਂ ਵਿਚੋਂ ਸੁੱਖ ਨਹੀਂ ਸਗੋਂ ਅਸ਼ਾਂਤੀ ਮਿਲਦੀ ਹੈ, ਸ਼ਾਇਰ ਲਿਖਦੇ ਹਨ-

ਸ਼ਸ਼ਤਰੋਂ ਕੀ ਹੋੜ ਘਟੇ ਜਗ ਮੇਂ, ਸਬ ਦੇਸ਼ ਕੁਟੰਬ ਸਮਾਨ ਰਹੇਂ।
ਸਾਰੀ ਸਿਰਸ਼ਟੀ ਸੰਗੀਤ ਬਨੇ, ਨਵ ਵਰਸ਼ ਨਯਾ ਸੰਦੇਸ਼ ਲਿਏ।
ਯੂੰ ਖ਼ੂਨ ਵਹਾਨੇ ਕੇ ਬਹਾਨੇ ਬਹੁਤ ਸੀਖੇ,
ਕੋਈ ਪਿਆਰ ਮੁਹੱਬਤ ਕਾ ਤਰਾਨਾ ਨਹੀਂ ਸੀਖਾ।
ਹਮ ਖ਼ੁਸ਼ ਹੈਂ ਜਮਾ ਕਰਕੇ ਸਾਮਾਨੇ-ਏ-ਜੰਗ ਲੇਕਿਨ,
ਹਮਨੇ ਅਭੀ ਜੰਗੋਂ ਕੋ ਮਿਟਾਨਾ ਨਹੀਂ ਸੀਖਾ।

ਸ਼ੁਭਾਸ਼ ਸ਼ਰਮਾ ਪਰਮਾਤਮਾ ਨੂੰ ਵੀ ਆਪਣੀ 'ਭਗਵਾਨ ਤੁਮ ਅਸਤੀਫ਼ਾ ਦੇ ਦੋ' ਦੇ ਸਿਰਲੇਖ ਵਾਲੀ ਕਵਿਤਾ ਵਿਚ ਵਿਅੰਗ ਕਰਦਾ ਲਿਖਦਾ ਹੈ ਕਿ ਇਨਸਾਨੀਅਤ ਤੇਰੇ ਕਾਬੂ ਵਿਚ ਨਹੀਂ ਹੈ। ਰਾਜਨੀਤੀ 'ਤੇ ਵਿਅੰਗ ਕਰਦੇ ਲਿਖਦੇ ਹਨ, ਆਪਣੀ ਵਿਰਾਸਤ ਸਾਬਤ ਕਰਨ ਲਈ ਸਬੂਤ ਮੰਗੇ ਜਾ ਰਹੇ ਹਨ। ਸਭ ਪਾਸੇ ਆਪੋ ਧਾਪੀ ਪਈ ਹੋਈ ਹੈ। ਤੁਹਾਡੀ ਕੋਈ ਪਰਵਾਹ ਨਹੀਂ ਕਰ ਰਿਹਾ, ਇਸ ਲਈ ਤੁਹਾਨੂੰ ਵੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।





ਪੰਜਾਬ ਦੀ ਮਿੱਟੀ ਦੀ ਮਹਿਕ ਦਾ ਜ਼ਿਕਰ ਕਰਦਾ ਸ਼ਾਇਰ ਕਹਿੰਦਾ ਹੈ ਕਿ ਪੰਜਾਬ ਸ਼ਹੀਦਾਂ, ਗੁਰੂਆਂ, ਪੀਰਾਂ, ਸੂਫ਼ੀ ਫ਼ਕੀਰਾਂ, ਧਰਮ ਗੈਰੰਥਾ ਦੀ ਪਾਕਿ ਪਵਿਤਰ ਸਰਜ਼ਮੀ ਹੈ। ਇਨਸਾਨ ਆਪਣੀ ਇਸ ਅਮੀਰ ਵਿਰਾਸਤ ਤੋਂ ਸਿੱਖਣ ਤੋਂ ਭੱਜ ਰਿਹਾ ਹੈ। ਚਿੜੀਆਘਰ ਕਵਿਤਾ ਵਿਚ ਚਿੜੀਆਂ ਦੇ ਰਾਹੀਂ ਪਰਜਾਤੰਤਰ ਵਿਚ ਸ਼ਰੀਫ਼ ਮਾਨਵਤਾ 'ਤੇ ਹੋ ਰਹੇ ਅਤਿਆਚਾਰਾਂ ਦਾ ਜ਼ਿਕਰ ਕਰਦੇ ਸ਼ਾਇਰ ਲਿਖ ਰਹੇ ਹਨ ਕਿ ਤਕੜੇ ਦਾ ਸਤੀਂ ਵੀਹੀਂ ਸੌ ਹੋ ਰਿਹਾ ਹੈ।

ਮਾਜ਼ੀ, ਆਜ ਔਰ ਕਲੈਹ ਵਿਚ ਸਪੁੱਤਰਾਂ ਵਲੋਂ ਬਜ਼ੁਰਗਾਂ ਨਾਲ ਕੀਤੇ ਜਾ ਰਹੇ ਦੁਰਵਿਵਹਾਰ ਬਾਰੇ ਲਿਖਦੇ ਹਨ। ਜ਼ਿੰਦਗੀ ਕਵਿਤਾ ਵਿਚ ਸ਼ਾਇਰ ਲਿਖਦੇ ਹਨ ਕਿ ਖ਼ੁਸ਼ੀਆਂ ਭਾਲਣ ਲਈ ਜੰਗਲ , ਗੁਫ਼ਾ ਅਤੇ ਪਹਾੜਾਂ ਵਿਚ ਜਾ ਕੇ ਤਪੱਸਿਆ ਕਰਨ ਦੀ ਲੋੜ ਨਹੀਂ। ਖ਼ੁਸ਼ੀ ਇਨਸਾਨ ਦੇ ਅੰਦਰ ਹੈ। ਇਸ ਲਈ ਉਸਨੂੰ ਆਪਣੇ ਅੰਦਰ ਝਾਕਣਾ ਚਾਹੀਦਾ। ਕਲ ਕਵਿਤਾ ਵਿਚ ਵਰਤਮਾਨ ਨੂੰ ਸਫਲ ਬਣਾਉਣਾ ਜ਼ਰੂਰੀ ਹੈ, ਬੀਤੇ ਅਤੇ ਆਉਣ ਵਾਲੇ ਸਮੇਂ ਬਾਰੇ ਨਹੀਂ ਸੋਚਣਾ ਚਾਹੀਦਾ। ਕਰੋਨਾ ਸਿਰਲੇਖ ਵਾਲੀ ਕਵਿਤਾ ਵਿਚ ਇਨਸਾਨੀਅਤ ਨਾਲ ਹੋ ਰਹੇ ਦੁਖਾਂਤ ਦਾ ਜ਼ਿਕਰ ਕੀਤਾ ਹੈ। ਸ਼ਾਇਰ ਲੋਕਾਂ ਨੂੰ ਆਪਣਾ ਭਵਿਖ ਆਪ ਬਣਾਉਣ ਦੀ ਤਾਕੀਦ ਕਰ ਰਿਹਾ ਹੈ।

ਖ਼ੁਸ਼ਨਸੀਬੀ ਯੂੰ ਹੀ ਨਹੀਂ ਮਿਲਤੀ, ਯੇ ਬਜ਼ੁਰਗੋਂ ਕੀ ਮਿਹਰਬਾਨੀ ਹੈ।
ਘਰ ਮੇਂ ਖਿਲਤੇ ਗੁਲਾਬ ਹੋਤੀ ਹੈਂ, ਬੇਟੀਆਂ ਲਾਜਵਾਬ ਹੋਤੀ ਹੈਂ।

ਸ਼ਾਇਰ ਪਿਆਰ ਮੁਹੱਬਤ ਦੇ ਗੀਤ ਗਾਉਂਦੇ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਮਨੁੱਖੀ ਜੀਵਨ ਇਨਸਾਨ ਲਈ ਪਰਮਾਤਮਾ ਦਾ ਸਭ ਤੋਂ ਵੱਡਾ ਤੋਹਫ਼ਾ ਹੈ। ਇਸ ਲਈ ਇਸਨੂੰ ਮੁਹੱਬਤ ਨਾਲ ਹੀ ਬਸਰ ਕੀਤਾ ਜਾਵੇ। ਮੁਹੱਬਤ ਨਾਲ ਸੰਬੰਧਤ ਕਵਿਤਾਵਾਂ, ਨਜ਼ਮਾਂ, ਸ਼ੇਅਰ ਅਤੇ ਰੁਬਾਈਆਂ ਵਿਚੋਂ ਕੁਝ ਸ਼ੇਅਰ ਇਸ ਪ੍ਰਕਾਰ ਹਨ-

ਸੂਰਤੇ ਸ਼ਮਾ ਪਿਘਲ ਜਾਉਂਗੀ, ਵਕਤ ਕੇ ਸਾਂਚੇ ਮੇਂ ਢਲ ਜਾਉਂਗੀ।
ਆਪਨੇ ਸੀਨੇ ਸੇ ਲਗਾਕਰ ਦੇਖੋ, ਜ਼ਿੰਦਗੀ ਬਨ ਜਾਉਂਗੀ।
ਦਿਲ ਕੀ ਨਜ਼ਰੋਂ ਸੇ ਨਿਹਾਰੋ, ਏ 'ਨੂਰ', ਜ਼ਲਵਾ-ਏ-ਹੂਰ ਨਜ਼ਰ ਆਉਂਗੀ।
ਕੋਈ ਕਹਿ ਰਹਾ ਫ਼ਲਸਫ਼ਾ-ਏ-ਮੁਹੱਬਤ, ਵੋਹ ਵਾਈਜ਼ ਕਹੇ ਹੁਸਨ ਫ਼ਾਨੀ ਕੀ ਬਾਤੇਂ।
ਮੈਨੇ ਏਕ ਤਾਜ ਮਹਲ ਦਿਲ ਮੇਂ ਬਨਾ ਰੱਖਾ ਹੈ,
ਜਿਸਕੋ ਦੁਨੀਆ ਕੀ ਨਿਗਾਹੋਂ ਸੇ ਛਿਪਾ ਰਖਾ ਹੈ।
ਤੁਮ ਮੁਹੱਬਤ ਕੇ ਗੀਤ ਗਾਇਆ ਕਰੋ,
ਔਰ ਨਈ ਨਸਲ ਕੋ ਸੁਨਾਯਾ ਕਰੋ।
ਯਹਾਂ ਹਰ ਗੁਲ ਕੋ ਮਹਕਨੇ ਕੀ ਅਦਾ ਆਤੀ ਹੈ,
ਯਹਾਂ ਬੁਲਬੁਲ ਕੋ ਚਹਕਨੇ ਕੀ ਅਦਾ ਆਤੀ ਹੈ।
ਮੇਰੇ ਮਹਿਬੂਬ! ਮੇਰੇ ਸ਼ਹਿਰ ਕਾ ਆਲਮ ਤੋ ਦੇਖ,
ਯਹਾਂ ਹਰ ਦਿਲ ਕੋ ਬਹਿਕਨੇ ਕੀ ਅਦਾ ਆਤੀ ਹੈ।
ਤੁਮਹਾਰੀ ਏਕ ਅਦਾ ਨੇ ਲੂਟ ਲੀ ਮਹਿਫ਼ਲ ਮੇਰੇ ਦਿਲ ਕੀ,
ਤੁਮਹਾਰੀ ਏਕ ਅਦਾ ਨੇ ਜ਼ਿੰਦਗੀ ਕਾ ਰੁਖ ਬਦਲ ਡਾਲਾ।
ਵਿਛੜਕਰ ਯਾਰ ਸੇ ਸੋਤਾ ਹੈ ਕੌਨ ਰਾਤੋਂ ਮੇਂ,
ਜ਼ਮੀਂ ਕਰਵਟ ਬਦਲਤੀ ਹੈ, ਫ਼ਲਕ ਬਸ ਆਹੇਂ ਭਰਤਾ ਹੈ।
ਜੋ ਇਸ ਦੁਨੀਆ ਕੀ ਏਕ ਔਰਤ ਕੋ ਅਪਨਾ ਨਾ ਬਨਾ ਪਾਯਾ,
ਉਸੇ ਜ਼ਨਤ ਕੀ ਹੂਰੇਂ ਕਿਸ ਲੀਏ ਆਗੋਸ਼ ਮੇਂ ਲੇਂਗੀ।
ਏਕ ਲੜਕੀ ਮੁਝੇ ਸਲਾਮ ਲਿਖਕਰ ਭੇਜਤੀ ਹੈ,
ਕਭੀ ਗੁਮਨਾਮ, ਕਭੀ ਨਾਮ ਲਿਖਕਰ ਭੇਜਤੀ ਹੈ।
ਕੋਈ ਤੋ ਹੈ ਜੋ ਮੇਰੀ ਆਂਖੋਂ ਸੇ ਸਬ ਦੇਖਤਾ ਹੈ,
ਕੋਈ ਤੋ ਹੈ ਜੋ ਕਲਬ-ਓ-ਜਿਗਰ ਮੇਂ ਰਹਤਾ ਹੈ।
ਸੂਰਤੇ ਸ਼ਮਾਂ ਪਿਘਲ ਜਾਉਂਗੀ, ਵਕਤ ਕੇ ਸਾਂਚੇ ਮੇਂ ਢਲ ਜਾਉਂਗੀ,
ਅਪਨੇ ਸੀਨੇ ਸੇ ਲਗਾਕਰ ਦੇਖੋ, ਜ਼ਿੰਦਗੀ ਬਨ ਕੇ ਮਚਲ ਜਾਉਂਗੀ।

ਇਹ ਸ਼ੁਭਾਸ਼ ਸ਼ਰਮਾ ਨੂਰ ਦੀਆਂ ਮੁਹੱਬਤ ਨਾਲ ਸੰਬੰਧਤ ਕਵਿਤਾਵਾਂ ਦੇ ਸ਼ੇਅਰ ਸਨ। ਉਮੀਦ ਹੈ ਕਿ ਸ਼ੁਭਾਸ਼ ਸ਼ਰਮਾ ਭਵਿਖ ਵਿਚ ਹੋਰ ਨਵੇਂ ਉਤਸ਼ਾਹ ਨਾਲ ਵਧੀਆ ਰਚਨਾਵਾਂ ਲਿਖਕੇ ਪਾਠਕਾਂ ਦੀ ਝੋਲੀ ਵਿਚ ਪਾਉਣਗੇ।

*****

# ਭੱਠੀ ਵਾਲੀਏ ਚੰਬੇ ਦੀਏ ਡਾਲੀਏ



ਰਾਜਨਦੀਪ ਕੌਰ ਮਾਨ
91-62393-26166

ਸਿਵ ਦੀ ਇਹ ਕਵਿਤਾ ਪੜ੍ਹਦਿਆਂ ਸਾਡੇ ਪਿੰਡ ਦੀ ਭੱਠੀ ਵਾਲੀ ਬੇਬੇ ਕ੍ਰਿਸ਼ਨਾ ਦੀ ਯਾਦ ਤਾਜ਼ਾ ਹੋ ਗਈ। ਬਚਪਨ ਦੇ ਉਹ ਬਹੁਤ ਸੋਹਣੇ ਦਿਨ ਸਨ । ਬੇਬੇ ਕ੍ਰਿਸ਼ਨਾ ਦਾ ਘਰ ਸਾਡੇ ਘਰਾਂ ਦੇ ਸਾਹਮਣੇ ਵਾਲੀ ਗਲੀ ਵਿੱਚ ਹੀ ਸੀ। ਦਾਦੀ ਨੇ ਸਾਨੂੰ ਸਾਰਿਆਂ ਨੂੰ ਇਕੱਠੇ ਕਰ ਕੇ ਛੱਲੀਆਂ ਗੇਰਨ ਲਗਾ ਦੇਣਾ । ਜਦੋਂ ਝੋਲਾ ਭਰ ਜਾਂਦਾ ਤਾਂ ਅਸੀਂ ਬੇਬੇ ਕ੍ਰਿਸ਼ਨਾ ਦੀ ਭੱਠੀ ਤੇ ਚਲੇ ਜਾਂਦੇ। ਇਕੋ ਬੁੱਕ ਭਰਿਆ ਕਣਕ ਦਾ ਉਸਦੀ ਫੀਸ ਹੁੰਦੀ ਸੀ। ਗਰਮੀ ਦੇ ਦਿਨਾਂ ਵਿੱਚ ਅੰਤਾਂ ਦੀ ਗਰਮੀ ਹੋਣ ਦੇ ਬਾਵਜੂਦ ਉਹ ਕਦੇ ਕਿਸੇ ਨੂੰ ਡਾਂਟਦੀ ਨਹੀਂ ਦੇਖੀ ਸੀ। ਜਿਨ੍ਹਾਂ ਦੇ ਦਾਣੇ ਭੁੰਨਣ ਦੀ ਵਾਰੀ ਆਈ ਜਾਂਦੀ ਉਹ ਬਾਲਣ ਅੱਗੇ ਕਰੀ ਜਾਂਦੇ



ਜਿਸਨੂੰ ਕੀ ਝੋਕਾ ਲਾਉਣਾ ਬੋਲਦੇ ਸਨ। ਜਿਆਦਾਤਰ ਉਸਦੇ ਘਰ ਵਾਲਾ ਹੀ ਇਹ ਕੰਮ ਕਰੀ ਜਾਂਦਾ ਸੀ। ਹੁਣ ਜਦੋਂ ਸੋਚਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਸਿਰਫ ਇੱਕ ਬੁੱਕ ਕਣਕ ਦੇ ਬਦਲੇ ਸਾਨੂੰ ਉਹ ਇੰਨੀ ਗਰਮੀ ਵਿੱਚ ਵੀ ਦਾਣਿਆਂ ਦਾ ਭਰਿਆ ਝੋਲਾ ਭੁੰਨ ਦਿੰਦੀ ਸੀ। ਕਿੰਨੇ ਸਰਲ ਅਤੇ ਸਿੱਧੇ ਸਾਦੇ ਜਮਾਨੇ ਸਨ ਜਦੋਂ ਅਸੀਂ ਦਾਣੇ ਭੁਨਾ ਕੇ ਘਰ ਨੂੰ ਵਾਪਿਸ ਆ ਰਹੇ ਹੁੰਦੇ ਤਾਂ ਦਾਦਾ ਜੀ ਦੇ ਦੋਸਤ ਬਜ਼ੁਰਗ ਸਾਡੇ ਘਰ ਦੀ ਸਾਹਮਣੀ ਸੱਥ ਵਿੱਚ ਬੈਠੇ ਸਾਨੂੰ ਉਡੀਕ ਰਹੇ ਹੁੰਦੇ ।

ਓ੍ਹ ਸਾਥੋਂ ਝੋਲਾ ਹੀ ਫੜ ਕੇ ਸਾਰਿਆਂ ਦੇ ਖਾਣ ਜੋਗੇ ਦਾਣੇ ਲੈ ਲੈਂਦੇ ਤੇ ਅਪਿਸ ਵਿੱਚ ਵੰਡ ਕੇ ਖਾਂਦੇ । ਸਾਨੂੰ ਕਦੇ ਬੁਰਾ ਨਹੀਂ ਲਗਦਾ ਸੀ , ਬਲਕਿ ਅਸੀਂ ਇਹ ਓਹਨਾਂ ਦਾ ਹੱਕ ਹੀ ਸਮਝਦੇ ਸਾਂ। ਓਦੋਂ ਲੋਕਾਂ ਵਿੱਚ ਭਾਈਚਾਰਾ ਬਹੁਤ ਮਜ਼ਬੂਤ ਸੀ। ਹੁਣ ਜਦੋਂ ਉਹ ਦਿਨ ਯਾਦ ਕਰਦੇ ਹਾਂ ਤਾਂ ਅੱਖਾਂ ਅੱਗੋਂ ਉਹ ਸਾਰਾ ਦ੍ਰਿਸ਼ ਘੁੰਮਦਾ ਹੈ। ਮੈਨੂੰ ਹੁਣ ਵੀ ਕਈ ਵਾਰ ਸੁਪਨਾ ਆਉਂਦਾ ਹੈ ਤੇ ਉਹ ਭੱਠੀ ਦਿਖਾਈ ਦਿੰਦੀ ਹੈ। ਸਚਮੁੱਚ ਬਚਪਨ ਸਾਡੇ ਅੰਦਰੋਂ ਕਦੇ ਨਹੀਂ ਜਾਂਦਾ।

## ਹਨੇਰੇ ਤੋਂ ਰੌਸ਼ਨੀ ਦਾ ਸਫ਼ਰ

# ਪੰਜਾਬ ਦੇ ਇੱਕੋ ਪਿੰਡ ਦੇ 37 ਡਾਕਟਰਾਂ ਦੀਆਂ ਅੰਬਰਾਂ 'ਤੇ ਉਡਾਰੀਆਂ ਦੀ ਕਹਾਣੀ

# ਬੰਗਾ ਨੇੜੇ ਪਿੰਡ ਭਰੋ ਮਜਾਰਾ ਨੇ ਵਿੱਦਿਆ ਦੇ ਖੇਤਰ 'ਚ ਸਿਰਜਿਆ ਇਤਿਹਾਸ!

ਬੀਤੀਆਂ ਸਦੀਆਂ ਦੀਆਂ ਗਾਥਾਵਾਂ ਸ਼ਿਲਾਲੇਖ ਤਾਂ ਦੱਸਦੇ ਨਾ,
ਫਿਰ ਵੀ ਅਸੀਂ ਆਪਣੇ ਰਾਹ 'ਤੇ ਅੱਗੇ ਵੱਧਦੇ ਜਾਵਾਂਗੇ।
ਤਲਵਾਰਾਂ ਨਾਲ ਸਾਡੇ ਵੱਡਿਆਂ ਕਿੱਸੇ ਜਿਹੜੇ ਲਿਖੇ ਕਦੀ,
ਆਪਣੀ ਕਲਮ ਦੇ ਨਾਲ ਉਨ੍ਹਾਂ ਨੂੰ ਅੱਗੇ ਅਸੀਂ ਲਿਜਾਵਾਂਗੇ।
(ਮੇਰਾ ਦਾਗ਼ਿਸਤਾਨ)

ਸਿਆਣੇ ਕਹਿੰਦੇ ਹਨ ਕਿ ਬਿਮਾਰੀ, ਗਰੀਬੀ ਤੇ ਜ਼ਹਿਮਤ ਕਿਸੇ ਦੇ ਘਰ ਆ ਵੜੇ ਤਾਂ ਫਿਰ ਉਸ ਘਰ ਦਾ ਰੱਬ ਹੀ ਰਾਖਾ ਹੈ। ਪਰ ਜਿਸ ਸਮਾਜ 'ਤੇ ਇਹ ਸਾਰੀਆਂ ਦੁਸ਼ਵਾਰੀਆਂ ਸਦੀਆਂ ਤੋਂ ਥੋਪੀਆਂ ਹੋਣ ਤੇ ਉਹ ਇਹ ਧੋਣਾਂ ਧੋਣ ਵਿੱਚ ਆਪਣੇ ਅੰਦਰ ਇੱਕ ਚੀਸ ਵੱਟ ਕੇ ਅੱਗੇ ਵਧਣ ਤਾਂ ਗੱਲ ਕਰਨੀ ਬਣਦੀ ਹੀ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਕਿਹਾ ਸੀ ਕਿ 'ਗਿਆਨ ਸ਼ੇਰਨੀ ਦਾ ਉਹ ਦੁੱਧ ਹੈ, ਜੋ ਪੀਏਗਾ ਉਹ ਦਹਾੜੇਗਾ ਵੀ।' ਸ਼ਾਇਦ ਇਹ ਗੱਲ ਇਸ ਪਿੰਡ ਵਾਸੀਆਂ ਦੇ ਦਿਲਾਂ 'ਚ ਘਰ ਕਰ ਗਈ। ਸਦੀਆਂ ਤੋਂ ਬਿਮਾਰ ਰਹੇ ਸਮਾਜ ਨੇ ਕਿੱਤਾ ਵੀ ਉਹ ਚੁਣਿਆਂ ਕਿ "ਜਿਸ ਵਿਅਕਤੀ ਨੇ ਦਵਾਈਆਂ ਦੀ ਸਿਖਲਾਈ ਲਈ ਹੋਵੇ ਤੇ ਉਹ ਆਪਣੇ ਇਲਾਜ ਨਾਲ ਬਿਮਾਰ ਵਿਅਕਤੀ ਨੂੰ ਠੀਕ ਕਰ ਸਕਦਾ ਹੋਵੇ", ਭਾਵ ਕਿ ਡਾਕਟਰੀ ਪੇਸ਼ਾ। ਡਾਕਟਰੀ ਪੇਸ਼ਾ ਉਹ ਪਵਿੱਤਰ ਪੇਸ਼ਾ ਮੰਨਿਆ ਗਿਆ ਹੈ, ਜਿੱਥੇ ਮੌਤ ਦੇ ਬੇਹੱਦ ਕਰੀਬ ਪਹੁੰਚ ਚੁੱਕੇ ਮਰੀਜ਼ 'ਚ ਉਮੀਦ ਜਗਾਉਣ ਲਈ ਆਖਰੀ ਸਾਹਾਂ ਤੱਕ ਡਾਕਟਰ ਯਤਨਸ਼ੀਲ ਰਹਿੰਦੇ ਹਨ। ਇਸੇ ਕਰਕੇ ਦੁਨੀਆਂ ਭਰ 'ਚ ਡਾਕਟਰਾਂ ਨੂੰ ਰੱਬ ਦਾ ਦੂਜਾ ਰੂਪ ਕਿਹਾ ਜਾਂਦਾ ਹੈ। ਹਰ ਮਾਂ-ਬਾਪ ਦਾ ਸੁਪਨਾ ਹੈ ਕਿ ਉਹਨਾਂ ਦਾ ਬੱਚਾ ਉਹਨਾਂ ਤੋਂ ਵੱਧ ਤਰੱਕੀ ਅਤੇ ਮਾਣ ਪ੍ਰਾਪਤ ਕਰੇ ਤੇ ਖੁਸ਼ਹਾਲ ਹੋਵੇ (ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।। ਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਦੀ)। ਪਰ ਜਿਹਨਾਂ ਮਾਪਿਆਂ ਕੋਲ ਵੱਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਧਨ ਹੀ ਨਾ ਹੋਣ, ਪੈਰ-ਪੈਰ 'ਤੇ ਅਤੇ ਪਲ-ਪਲ ਵਿਤਕਰਾ ਹੁੰਦਾ ਰਿਹਾ ਹੋਵੇ, ਪਰ ਅਜਿਹੇ ਹਾਲਾਤਾਂ ਵਿੱਚ ਜਿਹਨਾਂ ਅੰਦਰ ਜਨੂੰਨ ਹੋਵੇ ਕਿ ਜੋ ਵੀ ਮੁਸ਼ਕਿਲ ਹੋਵੇ, ਬੱਚਿਆਂ ਨੂੰ ਹਰ ਹਾਲਤ ਵਿੱਚ ਪੜ੍ਹਾਉਣਾ ਹੀ ਹੈ। ਚੰਗੀ ਵਿੱਦਿਆ ਦਿਵਾ ਕੇ ਸਮੇਂ ਦੇ ਹਾਣੀ ਬਣਾਉਣਾ ਹੈ। ਅਜਿਹੀ ਹੀ ਸਫ਼ਲਤਾ ਦੀ ਕਹਾਣੀ ਇੱਕ ਪਿੰਡ ਦੀ ਸਾਂਝੀ ਕਰ ਰਹੇ ਹਾਂ।

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਤਹਿਸੀਲ ਤੇ ਬਲਾਕ ਬੰਗਾ ਦੇ ਸਾਹਲੋਂ ਰੋਡ 'ਤੇ ਸਥਿਤ ਇੱਕ ਪਿੰਡ ਹੈ ਭਰੋ ਮਜਾਰਾ (ਭਾਰੋਮਾਜ਼ਰਾ)। ਇਸ ਪਿੰਡ 'ਤੇ ਇੰਝ ਲੱਗਦਾ ਹੈ ਕਿ ਇੱਥੇ ਵਿੱਦਿਆ ਦੇ ਮੀਂਹ ਦੀਆਂ ਕਣੀਆਂ ਨਹੀਂ, ਸਗੋਂ ਭਾਰੀ ਅਹਿਣ ਪਈ ਲੱਗਦੀ ਹੈ। ਦੋ ਹਜਾਰ ਦੀ ਆਬਾਦੀ ਵਾਲੇ ਇਸ ਪਿੰਡ ਵਿੱਚ ਬਹੁ-ਗਿਣਤੀ ਦਲਿਤ (ਆਦਿ-ਧਰਮੀ) ਭਾਈਚਾਰੇ ਦੀ ਹੈ। ਪਿੰਡ ਵਿੱਚ 1365 ਵੋਟਾਂ ਹਨ ਅਤੇ 8 ਮੈਂਬਰੀ ਪੰਚਾਇਤ ਹੈ। ਇਸ ਪਿੰਡ ਵਿੱਚ 1, 2 ਜਾਂ 5 ਨਹੀਂ, ਸਗੋਂ 37 ਐੱਮ.ਬੀ.ਬੀ.ਐੱਸ., ਐੱਮ.ਡੀ., ਐੱਮ.ਡੀ.ਐੱਸ., ਬੀ.ਡੀ.ਐੱਸ. ਤੇ ਹੋਰ ਮਾਨਤਾ ਪ੍ਰਾਪਤ ਡਿਗਰੀਆਂ ਵਾਲੇ ਮਾਹਿਰ ਡਾਕਟਰ ਹਨ। ਜਿਹੜੇ ਕਿ ਸਾਰੇ ਦੇ ਸਾਰੇ ਦਲਿਤ (ਆਦਿ-ਧਰਮੀ) ਪਰਿਵਾਰਾਂ 'ਚੋਂ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਸਾਰੇ ਡਾਕਟਰ ਸੁੰਡਾ ਪਰਿਵਾਰਾਂ 'ਚੋਂ ਹਨ। ਇਹਨਾਂ ਸਾਰੇ ਡਾਕਟਰ ਸਾਹਿਬਾਨਾਂ ਨੇ ਜਿੱਥੇ ਬੀਬੇ ਰਾਣੇ ਬਣ ਕੇ, ਦੀਵੇ ਅਤੇ ਬੱਤੀ ਦੀ ਲੋਏ ਦਿਨ-ਰਾਤ ਪੜ੍ਹ ਕੇ ਅਤੇ ਮਿਹਨਤ ਕਰਕੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਅਜਿਹੇ ਸਰਵਣ ਪੁੱਤਰ ਤੇ ਧੀਆਂ ਨੂੰ ਸਲਾਮ ਕਹਿਣ ਨੂੰ ਜੀਅ ਕਰਦਾ ਹੈ (ਆਪਣੇ ਬੱਚਿਆਂ ਨੂੰ ਸੱਭਿਅਤਾ ਸਿਖਾਉਣਾ ਮਣ ਭਰ ਅਨਾਜ ਦਾਨ ਕਰਨ ਨਾਲੋਂ ਜ਼ਿਆਦਾ ਚੰਗਾ ਹੈ: ਹਜ਼ਰਤ ਮੁਹੰਮਦ ਸਾਹਿਬ)।

ਮੌਜੂਦਾ ਵਿਸ਼ਵ ਕੋਰੋਨਾ ਮਹਾਂਮਾਰੀ ਦੌਰਾਨ ਡਾਕਟਰਾਂ ਦੀਆਂ ਜਿੰਮੇਵਾਰੀਆਂ ਸਮਾਜ ਪ੍ਰਤੀ ਹੋਰ ਵੀ ਵੱਧ ਗਈਆਂ ਹਨ। ਹਰ ਵਿਅਕਤੀ ਨੂੰ ਇਸ ਮਹਾਂਮਾਰੀ ਦੌਰਾਨ ਸਿਰਫ ਤੇ ਸਿਰਫ ਡਾਕਟਰਾਂ 'ਚੋਂ ਜ਼ਿੰਦਗੀ ਲਈ ਆਸ ਦੀ ਕਿਰਨ ਦਿਖਾਈ ਦਿੰਦੀ ਹੈ।

ਜਰਮਨ ਦੇ ਪ੍ਰਸਿੱਧ ਫ਼ਿਲਾਸਫਰ ਇਰਾਸਮਸ ਦਾ ਕਹਿਣਾ ਹੈ ਕਿ 'ਕੁੱਝ ਲੋਕ ਸੁਪਨਿਆਂ ਦੀ ਦੁਨੀਆਂ ਵਿੱਚ ਰਹਿੰਦੇ ਹਨ, ਕੁੱਝ ਲੋਕ ਅਸਲੀਅਤ ਦਾ ਸਾਹਮਣੇ ਕਰ ਰਹੇ ਹੁੰਦੇ ਹਨ ਅਤੇ ਕੁੱਝ ਲੋਕ ਹੁੰਦੇ ਹਨ ਜੋ ਸੁਪਨਿਆਂ ਨੂੰ ਸੱਚ ਵਿੱਚ ਬਦਲ ਦਿੰਦੇ ਹਨ।' ਅਜਿਹੀ ਮਿਸਾਲ ਬਣ ਚੁੱਕਿਆ ਪਿੰਡ ਭਰੋ ਮਜਾਰਾ ਜਿੱਥੇ ਇਸ ਪਿੰਡ ਵਿੱਚ ਹੋਰ ਬਹੁਤ ਬਹੁਪੱਖੀ ਅਹਿਮ ਸ਼ਖਸੀਅਤਾਂ ਹਨ, ਜਿਹਨਾਂ ਨੇ ਦੇਸ਼ ਤੇ ਵਿਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਜਾ ਕੇ ਵੱਖ-ਵੱਖ ਵਿਭਾਗਾਂ ਵਿੱਚ ਆਪਣੀ ਕਾਬਲੀਅਤ ਸਾਬਿਤ ਕੀਤੀ। ਜਿਹਨਾਂ ਵਿੱਚ ਸਵ: ਕਰਮਾ ਰਾਮ ਸੁੰਡਾ ਡੀ.ਸੀ.ਐੱਸ. (ਦਿੱਲੀ ਸਿਵਲ ਸਰਵਿਸਜ਼) ਜਾਇੰਟ ਡਾਇਰੈਕਟਰ ਕਮ-ਡਿਪਟੀ ਸਕੱਤਰ ਭਾਰਤ ਸਰਕਾਰ, ਸਵ: ਨਰੰਜਣ ਦਾਸ ਏ.ਜੀ. ਪੰਜਾਬ ਅਤੇ ਹਰਿਆਣਾ (ਪੈਨਸ਼ਨ ਵਿਭਾਗ), ਲਸ਼ਕਰ ਸਿੰਘ (ਪੋਸਟ ਮਾਸਟਰ), ਰਾਮ ਨਾਥ ਸੁੰਡਾ ਸੀਨੀਅਰ ਐਡੀਟਰ ਪੀ. ਐਂਡ ਟੀ., ਬਾਮਸੇਫ਼ ਦੇ ਸਿਰਕੱਢ ਆਗੂ ਤੇ ਐਡੀਟਰ ਪੰਦਰਵਾੜਾ ਮੈਗਜ਼ੀਨ ਮੂਲਨਿਵਾਸੀ, ਜੋਗਿੰਦਰ ਸਿੰਘ (ਐਕਸੀਅਨ ਬੀ.ਐੱਸ.ਐੱਨ.ਐੱਲ.), ਹਰਭਜਨ ਰਾਮ (ਐਸ.ਡੀ.ਓ. ਬੀ.ਐੱਸ.ਐੱਨ.ਐੱਲ.), ਸੁਰਿੰਦਰ ਮੋਹਣ ਸਪੁੱਤਰ ਸ਼੍ਰੀ ਦੌਲਤ ਰਾਮ (ਸੇਵਾ ਮੁਕਤ ਚੀਫ਼ ਇੰਸਪੈਕਟਰ ਪੀ.ਆਰ.ਟੀ.ਸੀ.), ਜਸਵੀਰ ਸਿੰਘ ਸਪੁੱਤਰ ਸ਼੍ਰੀ ਦੌਲਤ ਰਾਮ ਸੀਨੀਅਰ ਆੱਡਿਟਰ ਆੱਡਿਟ ਪੋਸਟ ਐਂਡ ਟੈਲੀਕਮਿਊਨੀਕੇਸ਼ਨ, ਮਨਜੀਤ ਕੌਰ ਸਪੁੱਤਰੀ ਸ਼੍ਰੀ ਲਸ਼ਕਰ ਸਿੰਘ (ਬੀ.ਐੱਸ.ਸੀ., ਬੀ.ਐੱਡ. ਅਧਿਆਪਕ), ਧਰਮਿਧਾ ਸਪੁੱਤਰੀ ਰਾਮ ਨਾਥ ਸੁੰਡਾ (ਐੱਮ.ਐੱਸ.ਸੀ., ਬੀ.ਐੱਡ. ਅਧਿਆਪਕ), ਪ੍ਰੋਫੈੱਸਰ ਅਮਨਪ੍ਰੀਤ ਕੌਰ ਸਪੁੱਤਰੀ ਬਲਵਿੰਦਰ ਕੁਮਾਰ (ਐੱਮ.ਐੱਸ.ਸੀ.) ਜਿਸ ਦੀ ਕੁੱਝ ਸਮਾਂ ਪਹਿਲਾਂ ਸੜਕ ਹਾਦਸੇ 'ਚ ਮੌਤ ਹੋ ਗਈ, ਵਿਨੋਦ ਸੁੰਡਾ (ਮੈਨੇਜਰ ਇੰਡੀਅਨ ਆੱਇਲ ਕਾਰਪੋਰੇਸ਼ਨ), ਗੁਰਪ੍ਰੀਤ ਕੌਰ ਸਪੁੱਤਰੀ ਸ਼੍ਰੀ ਚਮਨ ਲਾਲ (ਐੱਮ.ਐੱਸ.ਸੀ.), ਹਰਮਨ ਕੁਮਾਰ ਮੋਨੂੰ (ਨੈਸ਼ਨਲ ਫੁੱਟਬਾਲ ਖਿਡਾਰੀ), ਗੌਰਵ ਸੁੰਡਾ ਸਪੁੱਤਰ ਚਮਨ ਲਾਲ (ਕੰਪਿਊਟਰ ਇੰਜੀਨੀਅਰ), ਹਰਮਿੰਦਰ ਕੌਰ ਸਪੁੱਤਰੀ ਸ਼੍ਰੀ ਮੋਹਣ ਲਾਲ (ਐੱਮ.ਬੀ.ਏ.), ਦਵਿੰਦਰ ਕੌਰ ਸਪੁੱਤਰੀ ਸ਼੍ਰੀ ਦੇਸ ਰਾਜ (ਬੀ.ਸੀ.ਏ.), ਇੰਦੂ ਬਾਲਾ ਸਪੁੱਤਰੀ ਸ਼੍ਰੀ ਰਾਮ ਮੂਰਤੀ (ਏਅਰ ਹੋਸਟੈੱਸ), ਲਵਪ੍ਰੀਤ ਕੌਰ ਸਪੁੱਤਰੀ ਸ਼੍ਰੀ ਅਵਤਾਰ ਚੰਦ, ਸੋਨੀਆ ਸਪੁੱਤਰੀ ਸ਼੍ਰੀ ਚਰੰਜੀ ਲਾਲ (ਬੀ.ਐੱਸ.ਸੀ. ਨਰਸਿੰਗ ਸਰਕਾਰੀ ਮੁਲਾਜ਼ਿਮ), ਸੁਨੀਤਾ ਸਪੁੱਤਰੀ ਸ਼੍ਰੀ ਸੀਤਲ ਦਾਸ (ਡਬਲ ਐੱਮ.ਏ., ਬੀ.ਐੱਡ.), ਰਜਨੀ ਬਾਲਾ ਸਪੁੱਤਰੀ ਸ਼੍ਰੀ ਸੀਤਲ ਦਾਸ (ਐੱਮ.ਸੀ.ਏ.), ਗੁਰਬਿੰਦਰ ਸਿੰਘ ਸਪੁੱਤਰ ਸ਼੍ਰੀ ਸੀਤਲ ਦਾਸ, ਹਰਵਿੰਦਰ ਕੌਰ ਸਪੁੱਤਰੀ ਸ਼੍ਰੀ ਰਾਜ ਕੁਮਾਰ (ਐੱਮ.ਐੱਸ.ਸੀ. ਮੈਥੇਮੈਟਿਕਸ), ਭਜਨ ਰਾਮ (ਸੀਨੀਅਰ ਐਡੀਟਰ ਏ.ਜੀ. ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ), ਅਜੀਤ ਸਿੰਘ ਸੁੰਡਾ (ਸੇਵਾ ਮੁਕਤ ਸਟੇਸ਼ਨ ਮਾਸਟਰ ਰੇਲਵੇ ਵਿਭਾਗ), ਸੇਵਾ ਸਿੰਘ (ਸੇਵਾ ਮੁਕਤ ਮਕੈਨੀਕਲ ਰੇਲਵੇ ਵਿਭਾਗ), ਜੈ ਪਾਲ ਸੁੰਡਾ ਐੱਮ.ਏ. ਰਾਜਨੀਤੀ ਸ਼ਾਸਤਰ (ਸੇਵਾ ਮੁਕਤ ਸਪੈਸ਼ਲ ਸਹਾਇਕ ਯੂਕੋ ਬੈਂਕ), ਸੁਰਿੰਦਰ ਮੋਹਣ (ਸੇਵਾ ਮੁਕਤ ਅਫ਼ਸਰ ਸਟੇਟ ਬੈਂਕ ਆਫ ਇੰਡੀਆ), ਜੋਗਿੰਦਰ ਸਿੰਘ (ਪੰਚਾਇਤ ਅਫ਼ਸਰ), ਹੰਸ ਰਾਜ (ਪਟਵਾਰੀ), ਲਛਮਣ ਦਾਸ (ਪਟਵਾਰੀ), ਬੇਲੀ ਰਾਮ (ਪਟਵਾਰੀ), ਭਾਗ ਸਿੰਘ (ਬੀ.ਈ.ਓ.), ਸੀਤਲ ਰਾਮ (ਮੁੱਖ ਅਧਿਆਪਕ), ਸ਼ਾਂਤੀ ਦੇਵੀ (ਮੁੱਖ ਅਧਿਆਪਕਾ), ਹਰਭਜਨ ਕੌਰ (ਅਧਿਆਪਕ), ਗੁਰਦੇਵ ਕੌਰ (ਅਧਿਆਪਕ), ਸੁਨੀਤਾ ਸਪੁੱਤਰੀ ਸੇਵਾ ਸਿੰਘ (ਐੱਮ.ਏ., ਬੀ.ਐੱਡ.), ਕੁਲਦੀਪ ਸਿੰਘ (ਐੱਮ.ਏ., ਬੀ.ਐੱਡ.), ਭੁਪਿੰਦਰ ਸਿੰਘ (ਅਧਿਆਪਕ), ਹਰਪ੍ਰੀਤ ਸਿੰਘ (ਅਧਿਆਪਕ), ਸੇਵਾ ਸਿੰਘ, ਸੱਤਪਾਲ ਸੁੰਡਾ (ਬੀ.ਐੱਸ.ਐੱਨ.ਐੱਲ.), ਮੋਹਣ ਲਾਲ ਸੁੰਡਾ (ਏ.ਜੀ.ਐੱਮ. ਨਵਾਂਸ਼ਹਿਰ ਸੈਂਟਰਲ ਕੋਆਪਰੇਟਿਵ ਬੈਂਕ ਨਵਾਂਸ਼ਹਿਰ), ਗੁਰਨਾਮ ਰਾਮ (ਅਧਿਆਪਕ), ਮਨਜਿੰਦਰ ਸਿੰਘ ਪੁੱਤਰ ਲਛਕਰ ਸਿੰਘ (ਮਕੈਨੀਕਲ ਇੰਜੀਨੀਅਰਿੰਗ), ਜਸਪਾਲ ਕੌਰ (ਐੱਮ.ਟੈੱਕ.), ਪ੍ਰਿੰਸ ਸੁੰਡਾ ਸਪੁੱਤਰ ਸੁਰਿੰਦਰ ਮੋਹਣ (ਕੰਪਿਊਟਰ ਇੰਜੀਨੀਅਰ), ਪੱਤਰਕਾਰ ਚਮਨ ਲਾਲ ਬੰਗਾ, ਗੋਪਾਲ ਸਿੰਘ ਸਪੁੱਤਰ ਬਿਹਾਰੀ ਲਾਲ (ਐੱਮ.ਫਿੱਲ ਕੈਮਿਸਟਰੀ), ਪਵਨ ਕੁਮਾਰ (ਲੈਬੋਰਟਰੀ ਟੈਕਨੀਸ਼ੀਅਨ), ਬਿਹਾਰੀ ਲਾਲ (ਬਿਜਲੀ ਬੋਰਡ), ਗੁਰਦਿਆਲ ਚੰਦ (ਬਿਜਲੀ ਬੋਰਡ), ਬਲਵਿੰਦਰ ਸਿੰਘ, ਸਵ: ਅਮਰੀਕ ਸਿੰਘ, ਗੁਲਾਬ ਚੰਦ, ਰਾਜ ਕੁਮਾਰ ਅਤੇ ਦਮਨਜੀਤ ਸਿੰਘ (ਸਾਰੇ ਪੰਜਾਬ ਪੁਲਿਸ), ਸਵਰਨਾ ਰਾਮ (ਸੇਵਾ ਮੁਕਤ ਐੱਸ.ਡੀ.ਓ. ਬਿਜਲੀ ਬੋਰਡ), ਭਗਤ ਰਾਮ ਸੁੰਡਾ (ਸੇਵਾ ਮੁਕਤ ਐੱਸ.ਡੀ.ਓ. ਬਿਜਲੀ ਬੋਰਡ), ਸਤਨਾਮ ਚੰਦ (ਸੇਵਾ ਮੁਕਤ ਅਧਿਆਪਕ), ਧਰਮਿੰਦਰ ਸਿੰਘ (ਅਧਿਕਾਰੀ ਟੈਕਨੀਸ਼ੀਅਨ ਰੇਲਵੇ ਵਿਭਾਗ), ਕਮਲੇਸ਼ ਕੁਮਾਰੀ (ਪੀ.ਐੱਨ.ਬੀ.), ਵਿੱਦਿਆਵਤੀ (ਪੀ.ਐੱਨ.ਬੀ.), ਰਾਜ ਕੁਮਾਰੀ (ਸੇਵਾ ਮੁਕਤ ਇੰਡੀਅਨ ਬੈਂਕ ਅਧਿਕਾਰੀ), ਬਲਵੰਤ ਸਿੰਘ (ਸਮਾਜ ਸੇਵਕ), ਸੁਰਿੰਦਰ ਕੌਰ (ਅਧਿਆਪਕ), ਕੇਵਲ ਕ੍ਰਿਸ਼ਨ ਗੌੜ (ਸੈਕਸ਼ਨਲ ਅਫ਼ਸਰ), ਗਿਆਨ ਚੰਦ (ਅਧਿਆਪਕ), ਕਮਲਾ ਦੇਵੀ (ਅਧਿਆਪਕ), ਸੁਖਦੇਵ ਸ਼ਰਮਾ (ਮੈਨੇਜਰ ਸੈਂਟਰਲ ਕੋਆਪਰੇਟਿਵ ਬੈਂਕ), ਸੀਮਾ (ਅਧਿਆਪਕ), ਮੱਖਣ ਲਾਲ (ਅਧਿਆਪਕ), ਪ੍ਰਵੀਨ ਕੁਮਾਰੀ (ਅਧਿਆਪਕ), ਚਮਨ ਲਾਲ (ਅਧਿਆਪਕ), ਮਨਜੀਤ ਸਿੰਘ (ਅਧਿਆਪਕ), ਧਰਮਵੀਰ (ਬੀ.ਟੈੱਕ.), ਕੁਲਵਿੰਦਰ ਸੁੰਡਾ ਕਨੇਡਾ (ਗੀਤਕਾਰ), ਰਜਿੰਦਰ ਕੁਮਾਰੀ (ਅਧਿਆਪਕ), ਆਸ਼ਾ ਰਾਣੀ (ਅਧਿਆਪਕ), ਜਸਵੀਰ ਕੌਰ (ਮੰਗੂਵਾਲ) ਕਨੇਡਾ (ਕਵਿੱਤਰੀ/ਚਿੰਤਕ), ਮਨਦੀਪ ਮੀਰਾ (ਅਧਿਆਪਕ), ਸੁਖਵਿੰਦਰ ਸਿੰਘ ਸੁੰਡਾ (ਰੀਡਰ ਡੀ.ਸੀ. ਦਫ਼ਤਰ), ਜਗਦੀਸ਼ ਕੌਰ (ਰੀਡਰ ਐੱਸ.ਡੀ.ਐੱਮ. ਦਫ਼ਤਰ), ਪ੍ਰਿਅੰਕਾ ਮੇਨ ਸ਼ੈੱਫ ਨੈਲਸਨ (ਨਿਊਜ਼ੀਲੈਂਡ), ਰਾਜੇਸ਼ ਕੁਮਾਰ ਸੁੰਡਾ (ਐੱਮ.ਏ. ਹਿਸਟਰੀ), ਦਵਿੰਦਰ ਸਿੰਘ (ਗੋਪੀ) ਕਬੱਡੀ ਕੋਚ (ਅੰਤਰ-ਰਾਸ਼ਟਰੀ ਖਿਡਾਰੀ), ਅਮਰੀਕ ਸਿੰਘ ਏ.ਐੱਸ.ਆਈ, ਸਵ: ਦੇਵ ਰਾਜ ਲੈਬੋਰਟਰੀ ਟੈਕਨੀਸ਼ੀਅਨ, ਸ਼੍ਰੀ ਹਰੀ ਕਿਸ਼ਨ ਰਿਟਾਇਰਡ ਬਿਜਲੀ ਬੋਰਡ, ਕਰਤਾਰ ਸਿੰਘ ਸੇਵਾ ਮੁਕਤ ਬਿਜਲੀ ਬੋਰਡ, ਸਵ: ਤਰਲੋਚਨ ਸਿੰਘ ਪੀ. ਐਂਡ ਟੀ., ਸਵ: ਸੋਹਣ ਸਿੰਘ ਪੀ.ਐਂਡ ਟੀ. ਤੇ ਬੈਂਕ ਮੁਲਾਜ਼ਮ, ਗਿਆਨ ਸਿੰਘ ਕਬੱਡੀ ਖਿਡਾਰੀ, ਸਵ: ਬਲਵੰਤ ਸਿੰਘ (ਰਿੰਪੀ) ਵਾਲੀਬਾਲ ਖਿਡਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੁਰਿੰਦਰ ਸਿੰਘ

(ਬਾਕੀ ਅਗਲੇ ਸਫੇ 'ਤੇ)

## ਪਿੰਡ ਭਰੋ ਮਜਾਰਾ (ਨਜ਼ਦੀਕ ਬੰਗਾ) ਨਾਲ ਸੰਬੰਧਿਤ ਡਾਕਟਰਾਂ ਦੀ ਸੂਚੀ:

| ਲੜੀ ਨੰ: | ਨਾਮ | ਪਿਤਾ/ਪਤੀ ਦਾ ਨਾਮ | ਡਿਗਰੀ |
|---|---|---|---|
| 1 | ਡਾ. ਜਗਦੀਸ਼ ਲਾਲ | ਸ਼੍ਰੀ ਹਜਾਰਾ ਰਾਮ | ਐੱਮ.ਬੀ.ਬੀ.ਐੱਸ. (ਮੈਡੀਕਲ ਅਫ਼ਸਰ) |
| 2 | ਡਾ. ਵੇਦ ਪ੍ਰਕਾਸ਼ | ਸ਼੍ਰੀ ਮੁਣਸ਼ੀ ਰਾਮ | ਐੱਮ.ਐੱਸ. (ਅੱਖਾਂ ਦੇ ਮਾਹਿਰ) ਸੇਵਾ ਮੁਕਤ ਡਿਪਟੀ ਮੈਡੀਸਨ ਕੰਟਰੋਲਰ |
| 3 | ਡਾ. ਮੋਹਣ ਸਿੰਘ | ਸ਼੍ਰੀ ਰਾਮ ਚੰਦ | ਐੱਮ.ਐੱਸ.(ਹੱਡੀਆਂ ਦੇ ਮਾਹਿਰ) |
| 4 | ਡਾ. ਮਲਕੀਤ ਸਿੰਘ | ਸ਼੍ਰੀ ਹਰਦਿਆਲ ਸਿੰਘ | ਐੱਮ.ਬੀ.ਬੀ.ਐੱਸ. ਸੇਵਾ ਮੁਕਤ ਮੈਡੀਕਲ ਅਫ਼ਸਰ |
| 5 | ਡਾ. ਵਿਵੇਕ ਸੁੰਡਾ | ਡਾ. ਵੇਦ ਪ੍ਰਕਾਸ਼ | ਐੱਮ.ਡੀ.ਐੱਸ. |
| 6 | ਡਾ. ਨੈਂਨਸੀ ਸੁੰਡਾ | ਸਪੁੱਤਰੀ ਡਾ. ਵੇਦ ਪ੍ਰਕਾਸ਼ | ਬੀ.ਏ.ਐੱਮ.ਐੱਸ. |
| 7 | ਡਾ. ਸਚਿਨ ਸੁੰਡਾ | ਸ਼੍ਰੀ ਸੁਰਿੰਦਰ ਮੋਹਣ | ਐੱਮ.ਡੀ.ਐਸ. |
| 8 | ਡਾ. ਹਰਜਿੰਦਰ ਕੁਮਾਰ ਸੁੰਡਾ | ਸ਼੍ਰੀ ਰਾਮ ਨਾਥ ਸੁੰਡਾ | ਐੱਮ.ਡੀ.(ਮੈਡੀਸਨ) |
| 9 | ਡਾ. ਰੰਜਨਾ ਸੁੰਡਾ | ਸਪੁੱਤਰੀ ਸ਼੍ਰੀ ਜੈ ਪਾਲ ਸੁੰਡਾ | ਬੀ.ਡੀ.ਐੱਸ. |
| 10 | ਡਾ. ਮਮਤਾ ਸੁੰਡਾ | ਸਪੁੱਤਰੀ ਸ਼੍ਰੀ ਜੈ ਪਾਲ ਸੁੰਡਾ | ਐੱਮ.ਡੀ. (ਮੈਡੀਸਨ) ਮੈਡੀਕਲ ਅਫ਼ਸਰ |
| 11 | ਡਾ. ਜਿੰਮੀ ਜਸਕਰਨ ਸੁੰਡਾ | ਸ਼੍ਰੀ ਜੈ ਪਾਲ ਸੁੰਡਾ | ਐੱਮ.ਬੀ.ਬੀ.ਐੱਸ. |
| 12 | ਡਾ. ਮਨਜੀਤ ਕੌਰ | ਸਪੁੱਤਰੀ ਸ਼੍ਰੀ ਤਾਰਾ ਚੰਦ | ਐਮ.ਡੀ.(ਚਮੜੀ ਰੋਗਾਂ ਦੇ ਮਾਹਿਰ) |
| 13 | ਡਾ. ਮੇਜਰ ਰਾਮ (ਯੂ.ਐੱਸ.ਏ.) | ਸ਼੍ਰੀ ਪ੍ਰੀਤੂ ਰਾਮ | ਐੱਮ.ਬੀ.ਬੀ.ਐੱਸ. |
| 14 | ਡਾ. ਅਮਨਦੀਪ ਸਿੰਘ (ਕਨੇਡਾ) | ਸ਼੍ਰੀ ਜੋਗਿੰਦਰ ਸਿੰਘ | ਬੀ.ਡੀ.ਐੱਸ. |
| 15 | ਡਾ. ਦਿਵਾਕਰ ਸਿੰਘ ਸੁੰਡਾ | ਡਾ. ਮੋਹਣ ਸਿੰਘ | ਐੱਮ.ਬੀ.ਬੀ.ਐੱਸ. |
| 16 | ਡਾ. ਪ੍ਰਵੇਜ਼ ਸਿੰਘ ਸੁੰਡਾ | ਡਾ. ਮੋਹਣ ਸਿੰਘ | ਬੀ.ਡੀ.ਐੱਸ., ਪੀ.ਐੱਚ.ਡੀ. |
| 17 | ਡਾ. ਧਰਮਿੰਦਰ ਸੁੰਡਾ | ਸ਼੍ਰੀ ਓਮ ਪ੍ਰਕਾਸ਼ | ਐੱਮ.ਡੀ.(ਔਰਤਾਂ ਦੇ ਰੋਗਾਂ ਦੇ ਮਾਹਿਰ) |
| 18 | ਡਾ. ਬਲਵਿੰਦਰ ਸਿੰਘ | ਸ਼੍ਰੀ ਅਵਤਾਰ ਸਿੰਘ | ਐੱਮ.ਬੀ.ਬੀ.ਐੱਸ. |
| 19 | ਡਾ. ਜਸਵਿੰਦਰ ਸਿੰਘ (ਕਨੇਡਾ) | ਸ਼੍ਰੀ ਜੋਗਿੰਦਰ ਸਿੰਘ | ਐੱਮ.ਡੀ. (ਮੈਡੀਸਨ) |
| 20 | ਡਾ. ਲਾਲ ਚੰਦ ਸੁੰਡਾ | ਸ਼੍ਰੀ ਕਰਮਾ ਰਾਮ ਸੁੰਡਾ | ਐੱਮ.ਡੀ. (ਮਨੋਵਿਗਿਆਨ) |
| 21 | ਡਾ. ਪ੍ਰੇਮ ਲਤਾ | ਸਪੁਤਰੀ ਸ਼੍ਰੀ ਕਰਮਾ ਰਾਮ ਸੁੰਡਾ | ਐੱਮ.ਡੀ. (ਚਮੜੀ ਰੋਗਾਂ ਦੇ ਮਾਹਿਰ) |
| 22 | ਡਾ. ਹਿਮਾਂਸ਼ੂ ਸੁੰਡਾ | ਡਾ. ਲਾਲ ਚੰਦ ਸੁੰਡਾ | ਐੱਮ.ਐੱਸ.(ਸਰਜਨ) |
| 23 | ਡਾ. ਲੋਕੇਸ਼ ਸੁੰਡਾ | ਸ਼੍ਰੀ ਯਸ਼ਪਾਲ ਸੁੰਡਾ | ਐੱਮ.ਡੀ. |
| 24 | ਡਾ. ਮਨਮੋਹਣ ਸਿੰਘ | ਸ਼੍ਰੀ ਸੁਰਿੰਦਰ ਮੋਹਣ | ਬੀ.ਏ.ਐੱਮ.ਐੱਸ. (ਮੈਡੀਕਲ ਅਫ਼ਸਰ) |
| 25 | ਡਾ. ਵੀਨਾ ਚੌਧਰੀ | ਸੁਪਤਨੀ ਡਾ. ਮੋਹਣ ਸਿੰਘ | ਐੱਮ.ਡੀ. (ਐਨਾਟੌਮੀ) (ਸੇਵਾ ਮੁਕਤ ਮੈਡੀਕਲ ਅਫ਼ਸਰ) |
| 26 | ਡਾ. ਮਨਪ੍ਰੀਤ ਕੌਰ | ਸੁਪਤਨੀ ਡਾ. ਬਲਵਿੰਦਰ ਸਿੰਘ | ਐੱਮ.ਬੀ.ਬੀ.ਐੱਸ. |
| 27 | ਡਾ. ਸੁਨੀਤਾ ਸੁੰਡਾ | ਸੁਪਤਨੀ ਡਾ. ਲਾਲ ਚੰਦ ਸੁੰਡਾ | ਐੱਮ.ਬੀ.ਬੀ.ਅੱਸ. |
| 28 | ਡਾ. ਸਰਬਜੀਤ ਕੌਰ | ਸੁਪਤਨੀ ਡਾ. ਲੋਕੇਸ਼ ਸੁੰਡਾ | ਐੱਮ.ਡੀ. |
| 29 | ਡਾ. ਰਿਚਾ | ਸੁਪਤਨੀ ਡਾ. ਵਿਵੇਕ ਸੁੰਡਾ | ਬੀ.ਡੀ.ਐੱਸ. |
| 30 | ਡਾ. ਕਵਿਤਾ (ਕਨੇਡਾ) | ਸੁਪਤਨੀ ਡਾ. ਅਮਨਦੀਪ ਸਿੰਘ | ਬੀ.ਡੀ.ਐੱਸ. |
| 31 | ਡਾ. ਗੁਰਮੀਤ ਕੌਰ ਸੁੰਡਾ | ਸੁਪਤਨੀ ਡਾ. ਪਰਵੇਜ਼ ਸਿੰਘ ਸੁੰਡਾ | ਐੱਮ.ਡੀ.(ਇਸਤਰੀ ਰੋਗਾਂ ਦੇ ਮਾਹਿਰ) |
| 32 | ਡਾ. ਮਨਦੀਪ ਸਿੰਘ (ਕਨੇਡਾ) | ਪੁੱਤਰ ਸ਼੍ਰੀ ਜੋਗਿੰਦਰ ਸਿੰਘ | ਫਿਜ਼ੀਓਥਰੈਪਿਸਟ |
| 33 | ਡਾ. ਮੁਕਿਲ ਸੁੰਡਾ | ਪੁੱਤਰੀ ਸ਼੍ਰੀ ਓਮ ਨਾਥ | ਈ.ਐਨ.ਟੀ. |
| 34 | ਡਾ. ਅਰਮਿੰਦਰ ਸਿੰਘ | ਸ਼੍ਰੀ ਸੋਹਣ ਸਿੰਘ | ਬੀ.ਈ.ਐੱਮ.ਐੱਸ. |
| 35 | ਡਾ. ਵਿਕਰਮ ਸੁੰਡਾ | ਡਾ. ਲਾਲ ਚੰਦ ਸੁੰਡਾ | ਐੱਮ.ਡੀ. (ਮੈਡੀਸਨ) |
| 36 | ਡਾ. ਅਰਸ਼ਦੀਪ ਕੌਰ | ਸੁਪਤਨੀ ਡਾ ਮਨਦੀਪ ਸਿੰਘ | ਫਿਜ਼ੀਓਥਰੈਪਿਸਟ |
| 37 | ਡਾ. ਪ੍ਰੀਤਮ ਸਿੰਘ ਕਨੇਡਾ | ਸ਼੍ਰੀ ਅਜੀਤ ਸਿੰਘ | ਬੀ.ਏ.ਐੱਮ.ਐੱਸ. |

## ਇਸ ਆਰਟੀਕਲ ਦਾ ਸਬੱਬ ਕਿਵੇਂ ਬਣਿਆ!

ਅਕਸਰ ਸਮਾਜ 'ਚ ਵਿਚਰਦਿਆਂ, ਲਿਖਦਿਆਂ, ਵਿਚਾਰ-ਵਟਾਂਦਰੇ ਦੌਰਾਨ ਅਤੇ ਗੱਲਬਾਤ ਸਮੇਂ ਹਮੇਸ਼ਾ ਮੰਨ 'ਚ ਇਹੀ ਰਹਿੰਦਾ ਹੈ ਕਿ ਹਾਸ਼ੀਏ ਤੋਂ ਹੱਟ ਕੇ ਕੁੱਝ ਲਿਖਿਆ ਜਾਵੇ। ਪਿੱਛੇ ਰਹਿ ਗਿਆਂ ਨੂੰ ਹੌਸਲਾ-ਹਿੰਮਤ ਤੇ ਹੱਲਾਸ਼ੇਰੀ ਦਿੱਤੀ ਜਾਵੇ ਅਤੇ ਕਾਮਯਾਬੀ ਦੇ ਧਰੂ ਤਾਰੇ 'ਤੇ ਪਹੁੰਚੇ ਪਹੁਤਾ-ਪਾਂਧੀਆਂ ਦੀ ਸਫ਼ਲ ਕਹਾਣੀ ਪਾਠਕਾਂ ਦੇ ਸਨਮੁੱਖ ਕੀਤੀ ਜਾਵੇ। ਇਸੇ ਸੰਦਰਭ ਵਿੱਚ ਇਹ ਪਿੰਡ ਭਰੋ ਮਜਾਰਾ ਦੇ ਡਾਕਟਰਾਂ ਤੇ ਪੜ੍ਹੀਆਂ-ਲਿਖੀਆਂ ਸ਼ਖਸੀਅਤਾਂ ਬਾਰੇ ਦੋ ਸ਼ਬਦ ਲਿਖਣ ਦੀ ਇਹ ਇੱਕ ਨਿਗੁਣੀ ਕੋਸ਼ਿਸ਼ ਹੈ। ਸੰਨ 2000 ਦੇ ਕਰੀਬ ਜਦੋਂ ਭਾਰਤ ਸਰਕਾਰ ਦੁਆਰਾ ਚਲਾਈ ਸਾਖ਼ਰਤਾ ਮੁਹਿੰਮ ਦੇ ਤਹਿਤ ਜ਼ਿਲ੍ਹਾ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿੱਚ ਮੇਰੇ ਪਿੰਡ ਚੱਕ ਕਲਾਲ ਨੇ ਪਹਿਲਾ, ਪਿੰਡ ਬਜੀਦਪੁਰ ਨੇ ਦੂਜਾ ਅਤੇ ਪਿੰਡ ਭਰੋ ਮਜਾਰਾ ਨੇ ਤੀਜੇ ਸਥਾਨ 'ਤੇ ਰਹਿ ਕੇ ਕ੍ਰਮਵਾਰ ਤਿੰਨ ਲੱਖ, ਦੋ ਲੱਖ ਅਤੇ ਇੱਕ ਲੱਖ ਰੁਪਏ ਦਾ ਇਨਾਮ ਪ੍ਰਾਪਤ ਕੀਤਾ ਸੀ। ਫਿਰ ਇਸ ਪਿੰਡ 'ਚ ਗਰਮ ਕੱਪੜਿਆਂ ਦਾ ਕੰਨਟੇਨਰ ਵੰਡਿਆ ਤੇ ਮੈਡੀਕਲ ਕੈਂਪਾਂ ਅਤੇ ਹੋਰ ਸਮਾਜ ਸੇਵੀ ਕੈਂਪਾਂ ਦੌਰਾਨ ਇਹ ਵੱਡਮੁੱਲੀ ਜਾਣਕਾਰੀ ਮਿਲਦੀ ਰਹੀ ਹੈ ਕਿ ਇਸ ਪਿੰਡ 'ਚ ਡਾਕਟਰ ਅਤੇ ਪੜ੍ਹੇ-ਲਿਖੇ ਅਫ਼ਸਰ, ਨੌਕਰੀ-ਪੇਸ਼ਾ ਸ਼ਖਸੀਅਤਾਂ ਬਾ-ਕਮਾਲ ਹਨ। ਜਿਹਨਾਂ ਦੀਆਂ ਸਮਾਜ 'ਚ ਰਚਨਾਤਮਕ ਪ੍ਰਾਪਤੀਆਂ ਹਨ। ਜਿਹਨਾਂ ਬਾਰੇ ਲਿਖਣਾ ਤੇ ਸਮਾਜ ਨੂੰ ਉਤਸ਼ਾਹਿਤ ਕਰਨਾ ਜਰੂਰੀ ਹੈ। ਇਹਨਾਂ ਬਹੁਪੱਖੀ ਵਿਸ਼ੇਸ਼ਤਾਵਾਂ ਕਾਰਨ ਹੀ ਇਹ ਆਰਟੀਕਲ ਲਿਖਣ ਦਾ ਸਬੱਬ ਬਣਿਆ।

ਆਮ ਤੌਰ 'ਤੇ ਕਿਹਾ ਜਾਂਦਾ ਕਿ ਤੇਰੇ ਵਰਗੇ ਛੱਤੀ ਫ਼ਿਰਦੇ ਆ, ਵਿੱਚਲੇ ਛੱਤੀ ਦੇ ਮੱਥੇ ਤੋਂ ਕਲੰਕ ਧੋ ਦਿੱਤਾ, ਇਹਨਾਂ ਸੈਂਤੀ ਡਾਕਟਰਾਂ ਨੇ।
ਹੁਣ ਘਾਹੀ ਦਾ ਪੁੱਤਰ ਘਾਹ ਨਹੀਂ ਖੋਤ ਰਿਹਾ, ਸਗੋਂ ਅੰਬਰਾਂ 'ਤੇ ਉਡਾਰੀਆਂ ਲਾਉਣ ਦੀ ਸਮਰੱਥਾ ਰੱਖਦਾ ਹੈ।
ਇਸ ਆਰਟੀਕਲ ਲਈ ਮੇਰੇ ਅਨੇਕਾਂ ਮਿੱਤਰ ਪਿਆਰੇ ਸੱਜਣ, ਵਿਸ਼ੇਸ਼ ਤੌਰ 'ਤੇ ਸਮਾਜ ਦੇ ਸ਼ੁੱਭ ਚਿੰਤਕ ਅਤੇ
"ਅੰਬੇਡਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮਾਰਗ ਦਰਸ਼ਕ ਹਨ।

ਉਮੀਦ ਹੀ ਨਹੀਂ ਵਿਸ਼ਵਾਸ ਹੈ ਕਿ ਇਹ ਆਰਟੀਕਲ ਪਾਠਕਾਂ ਨੂੰ ਜਿੰਦਗੀ ਦੇ ਰੂਬਰੂ ਹੀ ਨਹੀਂ ਕਰੇਗਾ, ਸਗੋਂ ਕੁੱਝ ਕਰਨ ਗੁਜ਼ਰਨ ਵਾਲਿਆਂ ਲਈ ਪ੍ਰੇਰਨਾ ਸ੍ਰੋਤ ਵੀ ਬਣ ਸਕੇਗਾ।

ਜੀਅ ਕਰਦਾ ਇਸ਼ਕ 'ਚ ਡੁੱਬ ਜਾਵਾਂ,
ਨਾ ਸੋਚਾਂ ਚੰਗੇ ਮੰਦੇ ਦਾ,
ਪਰ ਅਕਲ ਨੇ ਰੌਲ਼ਾ ਪਾ ਦਿੱਤਾ,
ਛੱਡ ਬਣਜਾ ਪੁੱਤਰ ਬੰਦੇ ਦਾ।
**(ਅਹਿਮਦ ਸ਼ਕੀਲ ਚੁਗ਼ਤਾਈ)**



**ਸੰਤੋਖ ਸਿੰਘ ਜੱਸੀ (ਲੇਖਕ)**
(ਪੰਜਾਬ ਸਰਕਾਰ ਤੋਂ ਸਨਮਾਨਿਤ ਸਰਪੰਚ)
ਪਿੰਡ ਤੇ ਡਾਕਖਾਨਾਂ ਚੱਕ ਕਲਾਲ, ਤਹਿਸੀਲ ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਮੋਬਾਇਲ 91-70876-19800
ਈ-ਮੇਲ: jassisarpanch6@gmail.com


# ਪੰਜਾਬ ਦੇ ਪਿੰਡ ਭਰੋ ਮਜਾਰਾ ਨੇ ਸਿਰਜਿਆ ਸੁਨਹਿਰੀ ਇਤਿਹਾਸ !!!



ਪਿੰਡ ਭਰੋ ਮਜਾਰਾ ਦੇ ਸਰਪੰਚ ਰਾਮ ਸਿੰਘ, ਜੈ ਪਾਲ ਸੁੰਡਾ, ਜਗਤਾਰ ਸਿੰਘ, ਸੁਰਿੰਦਰ ਮੋਹਣ, ਮਨਜਿੰਦਰ ਸਿੰਘ, ਗੁਰਦਿਆਲ ਸਿੰਘ ਅਤੇ ਹੋਰ ਪਿੰਡ ਵਾਸੀ ਜਾਣਕਾਰੀ ਸਾਂਝੀ ਕਰਦੇ ਹੋਏ।



ਸਵ: ਬਿਸ਼ਨ ਸਿੰਘ (ਲੱਗਭੱਗ 35 ਸਾਲ ਸਰਪੰਚ ਰਹੇ) ਤੇ ਵਾਇਸ ਚੇਅਰਮੈਨ ਪੰਚਾਇਤ ਸੰਮਤੀ ਬੰਗਾ



ਸਵ: ਅਮਰ ਚੰਦ ਸੁੰਡਾ ਪ੍ਰਸਿੱਧ ਅੰਬੇਡਕਰੀ



ਜੈ ਪਾਲ ਸੁੰਡਾ ਪ੍ਰਧਾਨ ਬੀ.ਐੱਸ.ਪੀ., ਵਿਧਾਨ ਸਭਾ ਬੰਗਾ



ਦਰਵਜੀਤ ਸਿੰਘ ਪੁੰਨੀ ਚੇਅਰਮੈਨ ਮਾਰਕੀਟ ਕਮੇਟੀ ਬੰਗਾ



ਸਵ: ਗਿਆਨ ਸਿੰਘ ਬਲਾਕ ਸੰਮਤੀ



ਰਾਮ ਸਿੰਘ ਸਰਪੰਚ ਭਰੋ ਮਜਾਰਾ



ਜਸਵੀਰ ਕੌਰ ਸਾਬਕਾ ਸਰਪੰਚ



ਚਮਨ ਲਾਲ ਅਤੇ ਸੁਸ਼ੀਲ ਰਾਣੀ (ਪਤੀ-ਪਤਨੀ) ਦੋਵੇਂ ਸਾਬਕਾ ਸਰਪੰਚ ਪਿੰਡ ਭਰੋ ਮਜਾਰਾ



ਜਗਤਾਰ ਸਿੰਘ, ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ



ਨਵਕਾਂਤ ਭਰੋ ਮਜਾਰਾ ਸਮਾਜ ਸੇਵੀ

**(ਸਫਾ 29 ਦੀ ਬਾਕੀ)**

ਪੁੱਤਰ ਦਰਸ਼ਨ ਸਿੰਘ (ਸੁਪਰਡੈਂਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ), ਰਾਜਵੀਰ ਕੌਰ ਸਪੁੱਤਰੀ ਸੁਰਿੰਦਰ ਸਿੰਘ (ਸੀ.ਏ.), ਹਰਮਨਦੀਪ ਸਿੰਘ ਸਪੁੱਤਰ ਸੁਰਿੰਦਰ ਸਿੰਘ (ਐੱਮ.ਐੱਸ.ਸੀ. ਕੈਮਿਸਟਰੀ), ਦਵਿੰਦਰ ਕੌਰ ਅਧਿਆਪਕਾ, ਸਵ: ਮੰਗਲ ਸਿੰਘ, ਸਵ: ਬਿਸ਼ਨ ਸਿੰਘ, ਗੁਰਦਿਆਲ ਸਿੰਘ, ਸੁਰਜੀਤ ਸਿੰਘ, ਸੱਤਪਾਲ ਸਿੰਘ, ਰਾਜ ਕੁਮਾਰ (ਸਾਰੇ ਫੌਜੀ), ਰਾਮ ਲੁਭਾਇਆ (ਸੇਵਾ ਮੁਕਤ ਨਗਰ ਕੌਂਸਲ ਮੁਲਾਜ਼ਮ), ਪੱਤਰਕਾਰ ਨਵਕਾਂਤ ਭਰੋ ਮਜਾਰਾ (ਸੀਨੀਅਰ ਫਾਰਮੇਸੀ ਅਫ਼ਸਰ), ਨਵਤੇਜ ਸਿੰਘ ਆਰਕੀਟੈਕਟ, ਕਮਲਜੀਤ ਕੌਰ ਸੁਪਤਨੀ ਤੀਰਥ ਸਿੰਘ (ਸਾਬਕਾ ਬਲਾਕ ਸੰਮਤੀ ਮੈਂਬਰ), ਸੁਨੀਲ ਰਾਣੀ ਅਤੇ ਜਸਵੀਰ ਕੌਰ (ਦੋਵੇਂ ਸਾਬਕਾ ਸਰਪੰਚ), ਗਾਇਕ ਲੱਖਾ ਭਰੋ ਮਜਾਰਾ, ਸਵ: ਸੰਤ ਰਾਮ, ਗਿਆਨੀ ਬਿਸ਼ਨ ਦਾਸ ਅਤੇ ਲੱਗਭੱਗ 35 ਸਾਲ ਲਗਾਤਾਰ ਰਹਿ ਚੁੱਕੇ ਸਰਪੰਚ ਸਵ: ਬਿਸ਼ਨ ਸਿੰਘ ਆਦਿ ਪਿੰਡ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਸ਼ੁਮਾਰ ਹਨ। ਪਿੰਡ ਦੇ ਅਨੇਕਾਂ ਵਿਅਕਤੀ, ਨੌਜਵਾਨ ਲੜਕੇ, ਲੜਕੀਆਂ ਵਿਦੇਸ਼ਾਂ ਵਿੱਚ ਪੜ੍ਹਨ ਅਤੇ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ਸ਼ੀਲ ਹਨ।

ਜੇ ਤੂੰ ਦਲਿਤਾ ਚਾਰ ਜਮਾਤਾਂ ਪੜ੍ਹੀਆਂ ਨੇ,
ਅੱਜ ਗੱਲਾਂ ਤੇਰੇ ਸਮਝਣ ਵਾਲੀਆਂ ਬੜੀਆਂ ਨੇ।
ਬੇਗ਼ਮਪੁਰਾ ਵਸਾਉਣ ਦੀਆਂ ਆਈਆਂ,
ਤੇਰੇ ਹੱਥ ਅੱਜ ਘੜੀਆਂ ਨੇ।

**(ਮੋਹਣ ਲਾਲ ਕਰੀਮਪੁਰੀ ਕਨੇਡਾ)**

ਇਹਨਾਂ ਸਾਰੀਆਂ ਬਹੁਪੱਖੀ ਤੇ ਰਚਨਾਤਮਕ ਉਪਲੱਬਧੀਆਂ ਵਾਰੇ ਪਿੰਡ ਦੇ ਨੌਜਵਾਨ ਸਰਪੰਚ ਰਾਮ ਸਿੰਘ, ਜੈ ਪਾਲ ਸੁੰਡਾ (ਪ੍ਰਧਾਨ ਬੀ.ਐਸ.ਪੀ. ਹਲਕਾ ਬੰਗਾ), ਜਗਤਾਰ ਸਿੰਘ (ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਗੁਰਦਵਾਰਾ ਪ੍ਰਬੰਧਕ ਕਮੇਟੀ), ਬੈਂਕ ਅਧਿਕਾਰੀ ਰਹੇ ਸੁਰਿੰਦਰ ਮੋਹਣ ਤੇ ਪਿੰਡ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਮਿਸ਼ਨਰੀ ਤੇ ਮਿਹਨਤੀ ਬਜੁਰਗ ਸ਼੍ਰੀ ਅਮਰ ਚੰਦ ਕਲਕੱਤਾ ਵਿਖੇ ਚਮੜੇ ਦਾ ਕੰਮ ਕਰਨ ਵਾਸਤੇ ਗਏ। ਕਲਕੱਤਾ ਵਿਖੇ ਦਲਿਤਾਂ ਦੇ ਗੜ੍ਹ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਸੰਵਿਧਾਨ ਸਭਾ ਲਈ ਚੁਣਨ ਵਾਸਤੇ ਚੋਣ ਮੁਹਿੰਮ ਚੱਲ ਰਹੀ ਸੀ ਅਤੇ ਉਸ ਵੇਲੇ ਬਾਬਾ ਸਾਹਿਬ ਦੇ ਵਿਰੋਧੀ ਬਾਬਾ ਸਾਹਿਬ ਨੂੰ ਹਰਾਉਣ ਲਈ ਪੂਰਾ ਜ਼ੋਰ ਲਗਾ ਰਹੇ ਸਨ। ਬਾਬਾ ਸਾਹਿਬ ਦੀ ਚੋਣ ਕਾਨਫ਼ਰੰਸ ਵਾਲੇ ਸਥਾਨ 'ਤੇ ਬਾਕੀ ਸਾਥੀਆਂ ਨਾਲ ਬਤੌਰ ਸੁਰੱਖਿਆ ਦਸਤੇ ਵਜੋਂ ਡਿਊਟੀ ਨਿਭਾਈ ਤਾਂ ਜੋ ਕੋਈ ਗੜਬੜ ਨਾ ਕਰ ਸਕੇ। ਇਸ ਕਾਨਫ਼ਰੰਸ ਦੇ ਇਕੱਠ ਵਿੱਚ ਬਾਬਾ ਸਾਹਿਬ ਦੇ ਭਾਸ਼ਣ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਥੋੜ੍ਹੀ ਦੇਰ ਬਾਅਦ ਅਮਰ ਚੰਦ ਨੇ ਵਾਪਿਸ ਆਪਣੇ ਪਿੰਡ ਆ ਕੇ ਚਮੜੇ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਪਿੰਡ ਵਿੱਚ ਬਾਕੀ ਸਾਥੀਆਂ ਨੂੰ ਬਾਬਾ ਸਾਹਿਬ ਦੀ ਲਹਿਰ ਅਤੇ ਸ਼ਖਸੀਅਤ ਤੋਂ ਜਾਣੂੰ ਕਰਵਾਇਆ। ਸੰਨ 1951 ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਜਦੋਂ ਬੂਟਾ ਮੰਡੀ, ਜਲੰਧਰ ਵਿਖੇ ਕਾਨਫ਼ਰੰਸ ਕਰਨ ਆਏ। ਜਿਸ ਵਿੱਚ ਅਮਰ ਚੰਦ, ਚੰਨਣ ਰਾਮ, ਮੁਣਸ਼ੀ ਰਾਮ, ਭੁੱਲਾ ਰਾਮ, ਮਹਿੰਗਾ ਰਾਮ ਸਾਇਕਲਾਂ ਰਾਹੀਂ ਕਾਨਫ਼ਰੰਸ ਵਿੱਚ ਸ਼ਾਮਿਲ ਹੋਏ ਅਤੇ ਬਾਬਾ ਸਾਹਿਬ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ। ਇਸ ਕਾਨਫ਼ਰੰਸ ਦੌਰਾਨ ਬਾਬਾ ਸਾਹਿਬ ਨੇ ਕਿਹਾ ਸੀ ਕਿ ਮੈਂ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਕੇ ਤੁਹਾਨੂੰ ਹੱਕ ਲੈ ਕੇ ਦਿੱਤੇ ਹਨ। ਤੁਸੀਂ ਬੇਸ਼ੱਕ ਇੱਕ ਵੇਲੇ ਰੋਟੀ ਨਾ ਖਾਇਓ, ਭੁੱਖੇ ਰਹਿ ਲਿਓ, ਪਰ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਜਰੂਰ ਭੇਜਣਾ ਤਾਂ

**(ਬਾਕੀ ਅਗਲੇ ਸਫੇ 'ਤੇ)**


# ਪਿੰਡ ਭਰੋ ਮਜਾਰਾ ਦੇ ਕੁੱਝ ਡਾਕਟਰ ਸਾਹਿਬਾਨ ਦੀਆਂ ਤਸਵੀਰਾਂ


ਡਾ. ਵੇਦ ਪ੍ਰਕਾਸ਼
ਐੱਮ.ਐੱਸ.


ਡਾ. ਮਲਕੀਤ ਸਿੰਘ
ਸੇਵਾ ਮੁਕਤ ਮੈਡੀਕਲ ਅਫ਼ਸਰ


ਡਾ. ਹਰਜਿੰਦਰ ਸੁੰਡਾ
ਐੱਮ.ਡੀ. (ਮੈਡੀਸਨ)


ਡਾ. ਜਸਵਿੰਦਰ ਸਿੰਘ ਸੁੰਡਾ
ਐੱਮ.ਡੀ. ਕਨੇਡਾ


ਡਾ. ਲਾਲ ਚੰਦ ਸੁੰਡਾ
(ਮਨੋਵਿਗਿਆਨ) ਮੈਡੀਕਲ ਸੁਪਰਡੈਂਟ



ਡਾ. ਮੇਜਰ ਸੁੰਡਾ
ਹਸਪਤਾਲ ਪ੍ਰਬੰਧਕ ਅਮਰੀਕਾ



ਡਾ. ਬਲਵਿੰਦਰ ਸਿੰਘ
ਮੈਡੀਕਲ ਅਫ਼ਸਰ


ਡਾ.ਹਿਮਾਂਸ਼ੂ ਸੁੰਡਾ
ਐੱਮ.ਐੱਸ. ਸਰਜੀਕਲ ਸਪੈਸ਼ਲਿਸਟ


ਡਾ. ਸਚਿਨ ਸੁੰਡਾ (ਐੱਮ.ਡੀ.ਐੱਸ.)


ਡਾ. ਪ੍ਰੇਮ ਲਤਾ ਸੁੰਡਾ
(ਚਮੜੀ ਰੋਗਾਂ ਦੇ ਮਾਹਿਰ)


ਡਾ. ਸੁਨੀਤਾ ਸੁੰਡਾ
(ਔਰਤ ਰੋਗਾਂ ਦੇ ਮਾਹਿਰ)


ਡਾ. ਕਵਿਤਾ ਸਿੰਘ (ਬੀ.ਡੀ.ਐੱਸ.)
ਕਨੇਡਾ


ਡਾ. ਵਿਵੇਕ ਸੁੰਡਾ.
(ਐੱਮ.ਡੀ. ਐਸ)


ਡਾ. ਜਿੰਮੀ ਜਸਕਰਨ ਸੁੰਡਾ
ਐਮਬੀਬੀਐਸ


ਡਾ. ਵਿਕਰਮ ਸੁੰਡਾ
ਐੱਮ.ਡੀ. (ਮੈਡੀਸਨ) ਦਿੱਲੀ


ਡਾ. ਨੈਨਸੀ ਸੁੰਡਾ
ਬੀਏਐਮਐਸ, ਐੱਮ.ਡੀ.


ਡਾ. ਮਨਜੀਤ ਕੌਰ ਐੱਮ.ਡੀ.
(ਚਮੜੀ ਰੋਗਾਂ ਦੇ ਮਾਹਿਰ)


ਡਾ. ਮਮਤਾ ਸੁੰਡਾ
ਮੈਡੀਸਨ

# ਪੰਜਾਬ ਦੇ ਪਿੰਡ ਭਰੋ ਮਜਾਰਾ ਨੇ ਸਿਰਜਿਆ ਸੁਨਹਿਰੀ ਇਤਿਹਾਸ !!!

**(ਸਫਾ 30 ਦੀ ਬਾਕੀ)**

ਜੋ ਪੜ੍ਹ ਸਕਣ। ਇਸ ਤੋਂ ਬਾਅਦ ਸੁੱਖ ਸਹੂਲਤਾਂ ਪ੍ਰਾਪਤ ਕਰੋਗੇ। ਇਹੋ ਸੁਨੇਹਾ ਇਹਨਾਂ ਬਜੁਰਗਾਂ ਨੇ ਪਿੰਡ ਆ ਕੇ ਭਾਈਚਾਰੇ ਨੂੰ ਦਿੱਤਾ। ਜਿਸ ਦਾ ਅਸਰ ਇਸ ਛੋਟੇ ਜਿਹੇ ਪਿੰਡ ਦੀਆਂ ਸਿੱਖਿਆ ਦੇ ਖੇਤਰ ਵਿੱਚ ਉਪਲੱਬਧੀਆਂ ਤੋਂ ਪਤਾ ਚੱਲਦਾ ਹੈ।

ਇੱਕ ਰੋਟੀ ਘੱਟ ਖਾ ਲਿਓ, ਬੱਚੇ ਆਪਣੇ ਜਰੂਰ ਪੜ੍ਹਾਇਓ (ਸ਼ਾਮ ਸਰਗੁੰਦੀ)

ਇਸ ਤੋਂ ਬਾਅਦ ਸੰਨ 1964 ਵਿੱਚ ਰਿਪਬਲਿਕਨ ਪਾਰਟੀ ਵਲੋਂ ਕੀਤੇ ਸੰਘਰਸ਼ ਵਿੱਚ ਇਸ ਪਿੰਡ ਦੇ ਸਵ: ਬਿਸ਼ਨ ਸਿੰਘ ਹਕੀਮ, ਸਵ: ਬਿੱਕਰ ਸਿੰਘ, ਸਵ: ਜੀਤ ਰਾਮ, ਸਵ: ਦਰਸ਼ਨ ਸਿੰਘ, ਸਵ: ਸੰਤ ਰਾਮ, ਸਵ: ਮਹਿੰਗਾ ਰਾਮ ਆਦਿ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਜੇਲ੍ਹਾਂ ਕੱਟੀਆਂ ਅਤੇ ਸਮਾਜ ਲਈ ਮਿਸ਼ਨ ਦੀਆਂ ਜੜ੍ਹਾਂ ਮਜਬੂਤ ਕੀਤੀਆਂ।

ਇੰਗਲੈਂਡ ਵਿੱਚ ਵੱਸਦੇ ਕੁਲਵੀਰ ਸਿੰਘ ਗੋਗੀ ਵਲੋਂ ਕੁੱਝ ਸਾਲ ਪਹਿਲਾਂ ਕੱਪੜਿਆਂ ਦਾ ਕੰਟੇਨਰ ਗਰੀਬ ਤੇ ਲੋੜਵੰਦ ਪਰਿਵਾਰਾਂ ਲਈ ਭੇਜਿਆ ਗਿਆ ਸੀ। ਇਸ ਸਮੇਂ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਬਿਰਧ ਆਸ਼ਰਮ ਫੱਤੂਆਣਾ (ਭਰੋ ਮਜਾਰਾ) 'ਤੇ ਚੈਰੀਟੇਬਲ ਹਸਪਤਾਲ, ਬਾਬਾ ਸੂਰਾ ਸਿੰਘ ਚੈਰੀਟੇਬਲ ਟਰੱਸਟ ਚੱਲ ਰਿਹਾ ਹੈ। ਧਾਰਮਿਕ ਸ਼ਖਸੀਅਤਾਂ ਵਿੱਚ ਬਾਬਾ ਅਨੋਖ ਸਿੰਘ, ਗਿਆਨੀ ਗੁਰਬਚਨ ਸਿੰਘ, ਗਿਆਨੀ ਰਤਨ ਸਿੰਘ ਦਾ ਨਾਮ ਬੜੇ ਆਦਰ ਸਤਿਕਾਰ ਨਾਲ ਲਿਆ ਜਾਂਦਾ ਹੈ। ਨੌਜਵਾਨਾਂ ਵਾਸਤੇ ਜਿੰਮ ਹਨ। ਹਰ ਵਰਗ ਦੇ ਲੋਕ ਰਲ-ਮਿਲ ਕੇ ਰਹਿੰਦੇ ਹਨ। ਪਿੰਡ ਦੇ ਸਿਆਸੀ ਹਾਲਾਤਾਂ ਮੁਤਾਬਿਕ ਇਹ ਬਹੁਜਨ ਸਮਾਜ ਪਾਰਟੀ ਦਾ ਮਿਸ਼ਨਰੀ ਪਿੰਡ ਮੰਨਿਆ ਜਾਂਦਾ ਹੈ। ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਬੰਗਾ ਦੇ ਮੌਜੂਦਾ ਪ੍ਰਧਾਨ ਜੈਪਾਲ ਸੁੰਡਾ ਦਾ ਵੀ ਇਹੀ ਪਿੰਡ ਹੈ। ਕਿਸੇ ਸਮੇਂ ਇਹ ਪਿੰਡ ਕਾਂਗਰਸ ਪਾਰਟੀ ਦਾ ਗੜ੍ਹ ਹੋਇਆ ਕਰਦਾ ਸੀ। (ਸਵਰਗਵਾਸੀ ਦਿਲਬਾਗ ਸਿੰਘ (ਨਵਾਂਸ਼ਹਿਰ ਦੇ ਉੱਘੇ ਕਾਂਗਰਸੀ ਆਗੂ, ਨਵਾਂਸ਼ਹਿਰ ਜ਼ਿਲ੍ਹੇ ਦੇ ਬਾਨੀ ਤੇ ਸਾਬਕਾ ਕੈ-ਬਨਿਟ ਮੰਤਰੀ) ਤੇ ਚੌਧਰੀ ਜਗਤ ਰਾਮ ਸੂੰਢ (ਕਾਂਗਰਸ) ਦੇ ਸਾਥੀ ਰਹੇ) ਸਵ: ਗਿਆਨ ਸਿੰਘ ਜੋ ਸਰਪੰਚ ਅਤੇ ਬਲਾਕ ਸੰਮਤੀ ਬੰਗਾ ਦੇ ਮੈਂਬਰ ਵੀ ਰਹੇ ਜਿਹਨਾਂ ਦਾ ਇਲਾਕੇ ਵਿੱਚ ਬੜਾ ਨਾਮ ਤੇ ਸਤਿਕਾਰ ਰਿਹਾ ਹੈ ਦੇ ਪੁੱਤਰ ਰਾਮ ਸਿੰਘ ਵੀ ਪਿੰਡ ਦੇ ਮੌਜੂਦਾ ਸਰਪੰਚ ਹਨ। ਦਰਬਜੀਤ ਸਿੰਘ ਪੂੰਨੀ (ਕਾਂਗਰਸ ਪਾਰਟੀ) ਮਾਰਕੀਟ ਕਮੇਟੀ ਦੇ ਮੌਜੂਦਾ ਚੇਅਰਮੈਨ ਹਨ। ਪਿੰਡ ਵਿੱਚ ਅਕਾਲੀ ਦਲ, ਆਮ ਆਦਮੀ ਪਾਰਟੀ, ਬੀ.ਜੇ.ਪੀ. ਦੇ ਸਮਰਥੱਕ ਆਪੋ-ਆਪਣੀ ਪਾਰਟੀ ਦੇ ਪ੍ਰਚਾਰ-ਪ੍ਰਸਾਰ ਲਈ ਸਮਰਪਿਤ ਹਨ। ਪਿੰਡ ਵਿੱਚ ਸਾਰੀਆਂ ਬਰਾਦਰੀਆਂ ਦੇ ਲੋਕ ਪੜ੍ਹੇ-ਲਿਖੇ, ਕਾਰੋਬਾਰੀ, ਨੌਕਰੀ-ਪੇਸ਼ਾ ਤੇ ਖੇਤੀਬਾੜੀ 'ਚ ਤਨਦੇਹੀ ਨਾਲ ਲੱਗੇ ਹੋਏ ਹਨ। ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਪਿੰਡ ਨੇ ਹਜਾਰਾਂ ਸਾਲਾਂ ਤੋਂ ਵਿੱਦਿਆਹੀਣ ਤੇ ਸਾਧਨਹੀਣ ਕੀਤੇ ਸਮਾਜ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਕੁਰਬਾਨੀ, ਸੰਘਰਸ਼ ਅਤੇ ਸੰਵਿਧਾਨਿਕ ਹੱਕਾਂ ਖਾਸ ਕਰਕੇ ਰਾਖਵਾਂਕਰਨ ਦਾ ਭਰਪੂਰ ਅਤੇ ਅਸਲ ਲਾਭ ਲਿਆ। ਇੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਅਤੇ ਬਾਬਾ ਰਾਮ ਸਿੰਘ ਕੂਕਾ ਪ੍ਰਤੀ ਪਿੰਡ ਵਾਲਿਆਂ ਦੀ ਅਥਾਹ ਸ਼ਰਧਾ 'ਤੇ ਸਤਿਕਾਰ ਹੈ। ਇੱਥੇ ਹਰ ਧਰਮ ਅਤੇ ਹਰ ਵਰਗ ਦੇ ਲੋਕ ਆਪਸੀ ਪ੍ਰੇਮ-ਪਿਆਰ ਅਤੇ ਭਾਈਚਾਰਾ ਬਣਾ ਕੇ ਰਹਿੰਦੇ ਹਨ। ਇਸ ਪਿੰਡ ਨੇ ਜਿੱਥੇ ਇਲਾਕੇ 'ਚ, ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ ਤੇ ਮਾਨ-ਸਨਮਾਨ ਪ੍ਰਾਪਤ ਕੀਤੇ, ਉੱਥੇ ਪਿੱਛੇ ਰਹਿ ਗਏ ਸਮਾਜ ਲਈ ਕੁੱਝ ਕਰ ਗੁਜ਼ਰਨ ਦੀ ਲੋੜ ਹੈ। ਜੇਕਰ ਡਾਕਟਰ ਤੇ ਪੜ੍ਹੇ-ਲਿਖੇ ਅਤੇ ਸਾਧਨ ਸੰਪੰਨ ਪਿੰਡ ਵਾਸੀ ਇਕੱਠੇ ਤੇ ਇੱਕਸੁਰ ਹੋ ਕੇ ਸਮਾਜ ਪ੍ਰਤੀ ਬਣਦੇ ਨੈਤਿਕ ਫਰਜ਼ ਨਿਭਾਉਣ ਤਾਂ ਇਹ ਨਿਓਟੇ, ਨਿਆਸਰੇ, ਨਿਪੱਤੇ ਲੋਕਾਂ ਦਾ ਆਸਰਾ ਬਣਨ ਤਾਂ ਹੋਰ ਵੀ ਸਮਾਜ ਬਹੁਪੱਖੀ ਤਰੱਕੀ ਕਰ ਸਕਦਾ ਹੈ। ਲੋੜ੍ਹ ਹੈ ਹੰਭਲ਼ਾ ਮਾਰਨ ਦੀ ਅਜਿਹੇ ਯਤਨ ਸਮਾਜ ਨੂੰ ਆਕ-ਸੀਜਨ ਦੇਣ ਵਾਂਗ ਸਾਬਿਤ ਹੋਣਗੇ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਬੂੰਦ-ਬੂੰਦ ਕਰਕੇ ਦਰਿਆ ਭਰ ਸਕਦਾ ਹੈ। ਜੇ ਇੱਕ ਵਿਅਕਤੀ ਇਕੱਲਾ ਆਪਣੇ ਪਿਆਰ ਨੂੰ ਪਾਉਣ ਲਈ ਪਹਾੜ ਚੀਰ ਸਕਦਾ ਹੈ ਤਾਂ ਐਨੇ ਚੇਤਨ, ਬੁੱਧੀਮਾਨ, ਜਗਿਆਸੂ ਬਹੁਪੱਖੀ ਸ਼ਖਸੀਅਤਾਂ ਹਾਸ਼ੀਏ ਗ੍ਰਸਤ ਸਮਾਜ ਨੂੰ ਸਮੇਂ ਦੇ ਹਾਣੀ ਬਣਾਉਣ ਵਿੱਚ ਮਦਦ ਕਿਉਂ ਨਹੀਂ ਕਰ ਸਕਦੀਆਂ ? ਉੱਥੇ ਜਿਹੜੇ ਵਿਅਕਤੀ ਸਾਧਨਾਂ ਦੀ ਅਣਹੋਂਦ ਕਾਰਨ ਪਿੱਛੇ ਰਹਿ ਗਏ ਹੋਣ ਦਾ ਸੰਤਾਪ ਭੋਗ ਰਹੇ ਹਨ, ਉਹਨਾਂ ਲਈ ਇਹ ਸੰਦੇਸ਼ ਵੀ ਜਾਂਦਾ ਹੈ ਕਿ ਜੇਕਰ ਬਾਬਾ ਸਾਹਿਬ ਅੰਬੇਡਕਰ ਜੀ ਦੀ ਬਦੌਲਤ ਭਰੋ ਮਜਾਰਾ ਵਾਸੀ ਜਿਹਨਾਂ ਦੇ ਮਾਤਾ-ਪਿਤਾ ਨੇ ਖੇਤਾਂ ਵਿੱਚੋਂ ਪੱਠੇ ਖੋਤ-ਖੋਤ ਕੇ, ਮਿਹਨਤ ਮਜਦੂਰੀ ਕਰਕੇ ਐਨੀਆਂ ਉੱਚ ਤੇ ਮਹਿੰਗੀਆਂ ਡਿਗਰੀਆਂ ਹਾਸਲ ਕਰ ਸਕਦੇ ਹਨ ਤਾਂ ਅੱਜ ਕਿਸਮਤ ਨੂੰ ਕੋਸਦੇ ਲੋਕਾਂ ਨੂੰ ਇਸ ਤੋਂ ਪ੍ਰੇਰਣਾ ਲੈਣ ਦੀ ਲੋੜ੍ਹ ਹੈ।

ਇੱਕ ਪ੍ਰਸਿੱਧ ਪੰਜਾਬੀ ਗਾਇਕ ਦੀਆਂ ਇਹ ਸਤਰਾਂ ਵਿਸ਼ੇਸ਼ ਕਾਬਲੇ ਗੌਰ ਹਨ:

ਚੀਰ ਦਿੰਦੇ ਆ ਪਹਾੜ ਹੁੰਦਾ ਜਿਹਨਾਂ ਨੂੰ ਜਨੂੰਨ,
ਰਹਿ ਕੇ ਮੰਜ਼ਿਲਾਂ ਤੋਂ ਦੂਰ ਕਿੱਥੇ ਮਿਲਦਾ ਸਕੂਨ,
ਹਾਰ ਦੇ ਨੀ ਹੁੰਦੇ ਕਦੇ ਮਰਦ ਦਲੇਰ,
ਬਸ ਹੌਸਲੇ ਬਣਾ ਕੇ ਤੁਸੀਂ ਬੰਬ ਰੱਖਿਓ,
ਅਸੀਂ ਜਿੱਤਾਂਗੇ ਜਰੂਰ ਜਾਰੀ ਜੰਗ ਰੱਖਿਓ।

## ਪੰਜਾਬ ਤੇ ਭਾਰਤ ਦੇ ਦਲਿਤਾਂ ਲਈ ਫ਼ਖ਼ਰ ਵਾਲੀ ਗੱਲ

ਭਰੋ ਮਜਾਰਾ ਦੇ ਡਾਕਟਰਾਂ, ਅਧਿਆਪਕਾਂ, ਅਫ਼ਸਰਾਂ ਅਤੇ ਮੁਲਾਜਮਾਂ ਦੀ ਗਿਣਤੀ 'ਤੇ ਝਾਤ ਮਾਰਦਿਆਂ ਇੰਝ ਲੱਗਦਾ ਹੈ ਕਿ ਪਿੰਡ ਇੱਕ ਚੱਲਦੀ ਫਿਰਦੀ ਯੂਨੀਵਰਸਿਟੀ ਵਾਂਗ ਹੈ। ਜਿੱਥੇ ਹਰ ਘਰ ਅਤੇ ਹਰ ਇੰਚ 'ਤੇ ਇੱਕ ਦਲਿਤ ਹੀਰੋ ਹੈ। ਜਿਹਨਾਂ ਆਪਣੀ ਮਿਹਨਤ, ਲਿਆਕਤ, ਲਗਨ ਅਤੇ ਗਿਆਨ ਨਾਲ ਸਭ ਦੇ ਮਨ ਤੇ ਦਿਲਾਂ 'ਚ ਡੂੰਘੀ ਛਾਪ ਛੱਡੀ ਹੈ। ਪੰਜਾਬ ਹੀ ਨਹੀਂ ਸ਼ਾਇਦ ਭਾਰਤ ਦੇ ਪੇਂਡੂ ਇਤਿਹਾਸ 'ਚ ਇਹ ਪਹਿਲਾ ਪਿੰਡ ਹੈ, ਜਿੱਥੇ ਹਜ਼ਾਰਾਂ ਸਾਲਾਂ ਤੋਂ ਜਾਤੀ ਵਿਵਸਥਾ ਦੇ ਸਭ ਤੋਂ ਵੱਧ ਸ਼ਿਕਾਰ ਇੱਕੋ ਭਾਈਚਾਰੇ ਦੇ 37 ਡਾਕਟਰ ਹਨ। ਇਹ ਕਰੋੜਾਂ ਲੋਕਾਂ ਦੇ ਜਨ-ਸਮੂਹ ਲਈ ਬੜੇ ਮਾਣ ਤੇ ਫਖ਼ਰ ਵਾਲੀ ਗੱਲ ਹੈ। ਜਿਸ 'ਤੇ ਵਾਕਿਆ ਹੀ ਮਾਣ ਕੀਤਾ ਜਾ ਸਕਦਾ ਹੈ ਅਤੇ ਉਦਾਹਰਣ ਦਿੱਤੀ ਜਾ ਸਕਦੀ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਭਰੋ ਮਜਾਰਾ ਵਾਸੀਆਂ ਨੂੰ ਅਣਵੰਡੇ ਮਹਾਂ-ਪੰਜਾਬ ਦੀ ਰਾਜਨੀਤੀ ਦੇ ਪਿਤਾਮਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਆਦਿ-ਧਰਮ ਲਹਿਰ ਦੇ ਵੱਡਮੁੱਲੇ ਯੋਗਦਾਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਗੱਲ 'ਤੇ ਪਿੰਡ ਦੇ ਲੋਕ ਅੱਜ ਵੀ ਮਾਣ ਮਹਿਸੂਸ ਕਰਦੇ ਹਨ।

# ਪਿੰਡ ਭਰੋ ਮਜਾਰਾ ਦੇ ਕੁੱਝ ਡਾਕਟਰ ਸਾਹਿਬਾਨ ਦੀਆਂ ਤਸਵੀਰਾਂ


ਡਾ. ਰਿਚਾ ਸੁੰਡਾ
ਬੀਡੀਐਸ


ਡਾ. ਰੰਜਨਾ ਸੁੰਡਾ
ਬੀਡੀਐਸ


ਡਾ. ਧਰਮਿੰਦਰ ਸੁੰਡਾ
(ਐੱਮ.ਡੀ.) (ਔਰਤਾਂ ਦੇ ਰੋਗਾਂ ਦੇ ਮਾਹਿਰ)


ਡਾ. ਅਮਨਦੀਪ ਸਿੰਘ ਸੁੰਡਾ
(ਬੀਡੀਐਸ, ਕੈਨੇਡਾ)


ਡਾ: ਮਨਦੀਪ ਸਿੰਘ
ਫਿਜ਼ੀਓਥੈਰੇਪੀ


ਡਾ. ਅਰਸ਼ਦੀਪ ਕੌਰ
ਫਿਜ਼ੀਓਥੈਰੇਪੀ


ਡਾ. ਰਮਿੰਦਰ ਸਿੰਘ
ਬੀ.ਈ.ਐੱਮ.ਐੱਸ.


ਡਾ. ਮਨਮੋਹਣ ਸਿੰਘ ਸੁੰਡਾ
ਬੀ.ਏ.ਐੱਮ.ਐੱਸ


ਡਾ. ਦਿਵਾਕਰ ਸਿੰਘ ਸੁੰਡਾ
ਐੱਮ.ਐੱਸ.ਸੀ., ਪੀ.ਐੱਚ.ਡੀ.


ਡਾ. ਮਨਪ੍ਰੀਤ ਕੌਰ
ਐੱਮ.ਬੀ.ਬੀ.ਐੱਸ.


ਡਾ. ਦੀਪਤੀ ਗਰਗ ਸੁੰਡਾ
ਐਮ.ਡੀ.ਐਸ.ਸੀ.


ਡਾ. ਬੀਨਾ ਸੁੰਡਾ ਸਾਬਕਾ ਪ੍ਰੋਫੈੱਸਰ
ਜੀ.ਐੱਮ.ਸੀ. ਮੁਖੀ ਜੈਨੀਸਿਸ ਵਿਭਾਗ



ਡਾ. ਸ਼ਾਲਿਨੀ ਸੁੰਡਾ
ਐੱਮ.ਡੀ. ਮੈਡੀਸਨ


ਡਾ. ਮੋਹਣ ਸਿੰਘ ਸੁੰਡਾ
ਸਾਬਕਾ ਸੀ.ਐੱਮ.ਓ.


ਡਾ. ਪ੍ਰੀਤਮ ਸਿੰਘ ਕਨੇਡਾ
ਬੀ.ਏ.ਐੱਮ.ਐੱਸ.


ਡਾ. ਮੁਕਿਲ ਸੁੰਡਾ
ਈ.ਐੱਨ.ਟੀ.


ਡਾ. ਪਰਵੇਜ਼ ਸਿੰਘ ਸੁੰਡਾ
ਐੱਮ.ਐੱਸ. ਓਰਥੋ


ਡਾ. ਗੁਰਮੀਤ ਕੌਰ ਚਾਵਲਾ ਸੁੰਡਾ
ਐੱਮ.ਡੀ. ਗਾਇਨੀ




Read more : www.deshdoaba.com, www.ambedkartimes.com

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

P. K. Chumber,
Editor-In-Chief
Ambedkar Times (English)
Desh Doaba (Punjabi)

Contact: 1-916-947-8920 (USA)
Fax 1-916-238-1393
Email Address: editor@ambedkartimes.com
Email Address: deshdoaba@yahoo.com

ਆਨਲਾਈਨ ਪੜ੍ਹਨ ਲਈ
ਕਲਿੱਕ ਕਰੋ:

www.deshdoaba.com
www.ambedkartimes.com

# 21ਵੀਂ ਸਦੀ ਦੇ 20ਵੇਂ ਸਾਲ ਦਾ ਸੱਚ: ਅੰਬੇਡਕਰਵਾਦ

ਅੱਜ ਜਦੋਂ ਭਾਰਤ ਦੇਸ਼ ਦੇ ਸੰਦਰਭ ਚ ਧਿਆਨ ਕੇਂਦਰਤ ਹੁੰਦਾ ਹੈ ਤਾਂ ਇਹ ਸਵਾਲ ਸਾਹਮਣੇ ਆਉਂਦਾ ਹੈ ਕਿ ਭਾਰਤ ਦੇ ਨਿਰਮਾਣ 'ਚ ਕੌਣ-ਕੌਣ ਸਹਾਇਕ ਹਨ ਅਤੇ ਦੇਸ਼ ਕਿਸ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਹੈ। ਭਾਰਤ ਦਾ ਭੂਤਕਾਲ, ਵਰਤਮਾਨ ਕੀ ਹੈ, ਅਤੇ ਭਵਿੱਖ ਵਿੱਚ ਭਾਰਤ ਕਿੱਥੇ ਖੜ੍ਹ ਸਕੇਗਾ? ਅਜਿਹੇ ਸਵਾਲ ਜਦ ਕਿਸੇ ਨੂੰ ਪੁੱਛੇ ਜਾਣ ਤਾਂ ਨਿਸਚਤ ਹੀ ਕਈ ਲੋਕ ਖਾਸ ਕਰਕੇ ਸਵਰਨ ਲੋਕ ਮਹਾਤਮਾਂ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਜਾਂ ਕੁਝ ਹੋਰ ਨਾਮ ਲੈਣਗੇ ਪਰ ਜਦੋ ਇਹੀ ਸਵਾਲ ਕਿਸੇ ਦਲਿਤ, ਸੋਸ਼ਿਤ, ਬਹੁਜਨ ਸਮਾਜ ਦੇ ਲੋਕਾਂ ਤੋਂ ਪੁੱਛਿਆ ਜਾਵੇ ਤਾਂ ਨਿਸ਼ਚਤ ਹੀ ਉਹ ਬਾਬਾ ਸਾਹਿਬ ਡਾ: ਅੰਬੇਡਕਰ ਦਾ ਭਾਰਤ ਕਹਿਣਗੇ।


ਜੇਕਰ ਬੀਤੀ ਸਦੀ ਦੇ 1920 ਦੇ ਨਜ਼ਦੀਕ ਪਿਛਲ ਝਾਤ ਮਾਰੀਏ ਤਾਂ ਲੋਕ ਅੰਗਰੇਜ਼ਾਂ ਤੋਂ ਅਜ਼ਾਦੀ ਲਈ ਇਕੱਠੇ ਹੋਣ ਲੱਗੇ। ਜਿਸ ਦੀ ਮੁੱਖ ਅਗਵਾਈ 1885 ਵਿੱਚ ਇੱਕ ਅੰਗਰੇਜ਼ ਮਿਸਟਰ ਏ.ਓ. ਹਿਊਮ ਦੁਆਰਾ ਬਣਾਈ ਕਾਂਗਰਸ ਪਾਰਟੀ ਕਰ ਰਹੀ ਸੀ। ਅਨੇਕ ਕਾਂਗਰਸ ਪਾਰਟੀ ਦੇ ਪ੍ਰਧਾਨਾਂ ਦੇ ਬਾਵਜੂਦ ਮੋਹਣ ਦਾਸ ਕਰਮ ਚੰਦ ਗਾਂਧੀ ਇੱਕ ਵੱਡੇ ਨੇਤਾ ਵਜੋਂ ਉਭਰ ਕੇ ਸਾਹਮਣੇ ਆਏ। ਉਹਨਾਂ ਆਪਣੀਆਂ ਮੰਗਾਂ ਮਨਵਾਉਣ ਲਈ ਮਰਨ ਵਰਤ ਰੱਖਣ ਦੀ ਸ਼ੁਰੂਆਤ ਕੀਤੀ। ਇਸ ਸਮੇਂ ਦੌਰਾਨ ਹੀ ਭਾਰਤ ਦੀ ਸਿਆਸੀ ਫਿਜ਼ਾ 'ਚ ਅਮਰੀਕਾ ਤੇ ਇੰਗਲੈਂਡ ਤੋਂ ਪੜ੍ਹੇ ਲਿਖੇ ਇੱਕ ਅਛੂਤ ਡਾ: ਅੰਬੇਡਕਰ ਦੀ ਜ਼ਬਰਦਸਤ ਆਮਦ ਹੁੰਦੀ ਹੈ। 20 ਮਾਰਚ 1920 ਨੂੰ ਸ਼ਾਹੂਜੀ ਮਹਾਰਾਜ ਨੇ ਕਿਹਾ ਕਿ ਅੱਜ ਤੁਹਾਨੂੰ ਡਾ. ਅੰਬੇਡਕਰ ਦੇ ਰੂਪ ਵਿੱਚ ਤੁਹਾਡੀ ਰੱਖਿਆ ਲਈ ਰਹਿਬਰ ਮਿਲ ਗਿਆ ਹੈ ਮੈਨੂੰ ਪੂਰਾ ਯਕੀਨ ਹੈ ਕਿ ਇਹ ਸ਼ੇਰ ਤੁਹਾਡੀਆਂ ਛੂਆ ਛਾਤ ਦੀਆਂ ਜ਼ੰਜੀਰਾਂ ਤੋੜ ਦੇਵੇਗਾ। ਸਮਾਂ ਆਵੇਗਾ ਜਦੋਂ ਭਾਰਤ ਪੱਧਰ ਤੇ ਪਹਿਲੇ ਕਤਾਰ ਵਿੱਚ ਨਵੇਂ ਨੇਤਾ ਬਣ ਕੇ ਉਭਰਨਗੇ।

ਬਾਬਾ ਸਾਹਿਬ ਦਾ ਇਹ ਦ੍ਰਿੜ ਵਿਸ਼ਵਾਸ਼ ਸੀ ਕਿ ਇਹ ਹੀ ਉਹ ਸਮਾਂ ਹੈ ਜਦੋਂ ਵਰਣ ਵਿਵਸਥਾ, ਜਾਤ ਪਾਤ, ਛੂਆ ਛਾਤ, ਖਤਮ ਕਰਨ ਮਰਦ ਅਤੇ ਔਰਤਾਂ ਦੀ ਬਰਾਬਰੀ ਲਈ ਸਵਰਨ ਜਾਤਾਂ ਤੋ ਹੱਕ ਹਕੂਕਾਂ ਦੀ ਗਰੰਟੀ ਅੰਗਰੇਜ ਹਕੂਮਤ ਰਾਹੀਂ ਲਈ ਜਾ ਸਕਦੀ ਹੈ। ਜਿਹਨਾਂ ਹਜ਼ਾਰਾਂ ਸਾਲਾਂ ਤੋਂ ਆਪਣੇ ਲਈ ਸਾਰੇ ਰਾਹ ਰਾਖਵੇਂ ਕੀਤੇ ਹੋਏ ਹਨ। 1930 ਵਿਚ ਲੰਡਨ ਵਿੱਚ ਗੋਲਮੇਜ਼ ਕਾਨਫਰੰਸਾਂ ਦਾ ਦੌਰ ਸ਼ੁਰੂ ਹੋਇਆ ਜਿਸ ਵਿੱਚ ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ ਅਤੇ ਸਿੱਖਾਂ ਦੇ ਕੁਝ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਬਾਬਾ ਸਾਹਿਬ ਨੇ ਅਛੂਤਾਂ ਦੀ ਨੁਮਾਇੰਦਗੀ ਕੀਤੀ, ਉਹਨਾਂ ਆਪਣੇ ਗਿਆਨ ਬੁੱਧੀ, ਵਿਵੇਕ, ਤਰਕ ਦਲੀਲਾਂ, ਨਾਲ ਤਲਖ ਹਕੀਕਤਾਂ ਨੂੰ ਬਿਆਨ ਕੀਤਾ ਕਿ ਦੇਸ਼ ਅੰਦਰ ਅੰਗਰੇਜਾਂ ਦੀ ਗੁਲਾਮੀ ਤੋਂ ਇਲਾਵਾ, ਹਿੰਦੂਆਂ ਦੇ ਵੀ ਸਦੀਆਂ ਤੋ ਗੁਲਾਮ ਲੋਕ ਹਨ। ਉਹਨਾਂ ਦਾ ਵਿਰੋਧ/ਟਕਰਾਓ ਅਛੂਤਾਂ ਦੇ ਮੁੱਦੇ ਤੇ ਗਾਂਧੀ ਨਾਲ ਹੋਇਆ। ਆਖਰ ਗਾਂਧੀ ਨਾਲ ਪੂਨਾ ਪੈਕਟ ਸਮਝੌਤਾ ਹੋਇਆ। ਆਖਰ ਲੰਬੇ ਚੱਲੇ ਸੰਘਰਸ਼ ਤੋਂ ਬਾਅਦ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਦੇਸ਼ ਅੰਦਰ ਵਿਰੋਧਾਭਾਸ ਸੀ ਕਿ ਹਜ਼ਾਰਾਂ ਸਾਲਾਂ ਤੋਂ ਵਾਰ-ਵਾਰ ਗੁਲਾਮ ਹੋਇਆ ਦੇਸ਼ ਕਿਤੇ ਮੁੜ ਤਾਂ ਗੁਲਾਮ ਨਹੀਂ ਹੋ ਜਾਵੇਗਾ ? ਹਜ਼ਾਰਾਂ ਜਾਤਾਂ, ਕਬੀਲੇ, ਧਰਮ, ਸੱਭਿਆਚਾਰ, ਭਾਸ਼ਾਵਾਂ, ਵੱਡੀ ਅਬਾਦੀ ਵਾਲੇ ਦੇਸ਼ ਨੂੰ ਇੱਕਮੁੱਠ ਕਿਵੇਂ ਰੱਖਿਆ ਜਾ ਸਕਦਾ ਹੈ ? ਪ੍ਰਭੂਸੱਤਾ ਪ੍ਰਾਪਤ ਦੇਸ਼ ਨੂੰ ਚਲਾਉਣ ਲਈ ਕਾਨੂੰਨੀ ਦਸਤਾਵੇਜ਼ (ਸੰਵਿਧਾਨ) ਦੀ ਲੋੜ ਸੀ । 296 ਮੈਂਬਰਾਂ 'ਚੋਂ 7 ਮੈਂਬਰੀ ਖਰੜਾ ਕਮੇਟੀ ਦੇ ਚੇਅਰਮੈਨ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਚੁਣਿਆ ਗਿਆ। ਜਿਨ੍ਹਾਂ 2 ਸਾਲ 11 ਮਹੀਨੇ 18 ਦਿਨਾਂ 'ਚ ਸੰਵਿਧਾਨ ਤਿਆਰ ਕਰਕੇ ਸੰਵਿਧਾਨ ਸਭਾ ਦੇ ਚੇਅਰਮੈਨ ਡਾ. ਰਜਿੰਦਰ ਪ੍ਰਸ਼ਾਦ ਨੂੰ ਸੌਂਪਿਆ। ਇਹ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੋਇਆ। ਅਜ਼ਾਦ ਭਾਰਤ ਦੇ ਡਾ. ਅੰਬੇਡਕਰ ਪਹਿਲੇ ਕਾਨੂੰਨ ਮੰਤਰੀ ਬਣੇ।

ਗਾਂਧੀ ਦੀ ਮੌਤ 30 ਜਨਵਰੀ 1948 ਨੂੰ ''ਹੇ ਰਾਮ'' ਕਹਿ ਕੇ ਹੋ ਜਾਂਦੀ ਹੈ। ਉਹਨਾਂ ਨੇ ਅਨੇਕਾਂ ਵਿਚਾਰ ਦਿੱਤੇ ਤੇ ਅਨੇਕਾਂ ਕਿਤਾਬਾਂ ਲਿਖੀਆਂ। ਆਪਣੀ ਸਵੈ-ਜੀਵਨੀ ''ਸੱਚ ਨਾਲ ਮੇਰੇ ਤਜਰਬੇ'' ਲਿਖੀ। ਪਰ ਬਾਬਾ ਸਾਹਿਬ ਨੇ ਉਹਨਾਂ ਨੂੰ ਕਦੇ ''ਮਹਾਤਮਾ'' ਵਜੋਂ ਸਵੀਕਾਰ ਨਹੀਂ ਕੀਤਾ, ਸਗੋਂ ਉਹ ਗਾਂਧੀ ਨੂੰ ਜਾਤ-ਪਾਤ ਦਾ ਸਮਰਥਕ ਮੰਨਦੇ ਸਨ।

ਬਾਬਾ ਸਾਹਿਬ ਦਾ ਜਨਮ ਦਿਨ ਹਰ ਸਾਲ 14 ਅਪ੍ਰੈਲ ਅਤੇ ਪਰਿਨਿਰਵਾਣ ਦਿਵਸ 6 ਦਸੰਬਰ ਨੂੰ ਬਾਬਾ ਸਾਹਿਬ ਦੇ ਪੈਰੋਕਾਰਾਂ ਵਲੋਂ ਮਨਾਇਆ ਜਾਣ ਲੱਗਾ ਹੈ। ਪਿੰਡਾਂ, ਸ਼ਹਿਰਾਂ 'ਚ ਮੇਲੇ, ਨਾਟਕ, ਸੈਮੀਨਾਰ ਅਤੇ ਬੁੱਕ ਸਟਾਲ ਲੱਗਦੇ ਹਨ ਅਤੇ ਹਜ਼ਾਰਾਂ ਕਲੰਡਰ ਤੇ ਤਸਵੀਰਾਂ ਲੋਕ ਘਰਾਂ 'ਚ ਸਜਾਉਂਦੇ ਹਨ। ਅੱਜ ਭਾਰਤ ਵਿੱਚ ਸਭ ਤੋਂ ਵੱਧ ਬੁੱਤ ਬਾਬਾ ਸਾਹਿਬ ਦੇ ਹੀ ਹਨ ਪਰ ਉਹ ਵੀ ਬਹੁਤੇ ਬਿਨਾਂ ਕਿਸੇ ਸਰਕਾਰੀ ਮਦਦ ਤੋਂ ਲੱਗੇ । ਅੱਜ ਵਿਦੇਸ਼ਾਂ ਵਿੱਚ ਵੀ ਬਾਬਾ ਸਾਹਿਬ ਦੇ ਅਨੇਕਾਂ ਬੁੱਤ ਲੱਗ ਚੁੱਕੇ ਹਨ। 1950 ਵਿੱਚ ਬਾਬਾ ਸਾਹਿਬ ਦੇ ਜਿਉਂਦੇ ਜੀਅ ਕੋਹਲਾਪੁਰ (ਮਹਾਂਰਾਸ਼ਟਰਾ) ਬੁੱਤ ਲੱਗ ਗਿਆ ਸੀ। ਬਾਬਾ ਸਾਹਿਬ ਦੇ ਨਾਮ ਤੇ ਯਾਦਗਾਰਾਂ, ਸਕੂਲ, ਯੂਨੀਵਰਸਿਟੀਆਂ ਬਣ ਰਹੀਆਂ ਹਨ। ਅੱਧੀ ਦੁਨੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਲ ਮਾਰਕਸ ਬਰਾਬਰ ਇੰਗਲੈਂਡ ਵਿੱਚ ਬਾਬਾ ਸਾਹਿਬ ਦੀ ਤਸਵੀਰ ਲਗਾਈ ਗਈ ਹੈ।

ਅਮਰੀਕਾ ਲਈ ਜੋ ਲਿੰਕਨ ਹੈ, ਰੂਸ ਲਈ ਜੋ ਲੈਨਿਨ ਹੈ, ਮਿਸਰੀਆਂ ਲਈ ਜੋ ਮੂਸਾ ਹੈ, ਅਫਰੀਕੀਆਂ ਲਈ ਜੋ ਨੈਲਸਿਨ ਮੰਡੇਲਾ ਹੈ, ਭਾਰਤ ਦੇ ਕਰੋੜਾਂ ਸ਼ੋਸ਼ਿਤਾਂ ਲੋਕਾਂ ਅਤੇ ਔਰਤਾਂ ਲਈ ਉਹ ਟਾਈ ਵਾਲਾ ਬਾਬਾ ਸਾਹਿਬ ਅੰਬੇਡਕਰ ਹੈ। ਜਿਉਂ ਜਿਉਂ ਨੌਜਵਾਨ ਪੀੜ੍ਹੀ ਲੋਕਤੰਤਰ ਨੂੰ ਸਮਝਣ ਲੱਗੀ ਹੈ ਤਿਉਂ-ਤਿਉਂ ਉਹਨਾਂ ਦਾ ਧਿਆਨ ਸੰਵਿਧਾਨ ਅਤੇ ਅੰਬੇਡਕਰ, ਸਮਾਜ ਅਤੇ ਦੁਨੀਆਂ ਵੱਲ ਆਕਰਸ਼ਿਤ ਹੋ ਰਿਹਾ ਹੈ। ਬਾਬਾ ਸਾਹਿਬ ਇਤਿਹਾਸ ਵਿਚ, ਵਰਤਮਾਨ ਵਿਚ ਅਤੇ ਸਾਡੇ ਸੁਨਿਹਰੀ ਭਵਿੱਖ ਦੇ ਰਾਹ ਦਸੇਰਾ ਬਣਦੇ ਨਜ਼ਰ ਆਉਂਦੇ ਹਨ। ਬਾਬਾ ਸਾਹਿਬ ਨੇ ਕਿਹਾ ਕਿ ਵਿਦਿਆਰਥੀਆਂ ਅੰਦਰ ਗਿਆਨ ਦੀ ਇੰਨੀ ਲਗਨ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਅਧਿਆਪਕਾਂ ਨੂੰ ਘੱਟੋ-ਘੱਟ ਇੱਕ ਸਵਾਲ ਰੋਜਾਨਾ ਪੁੱਛਣ। ਇੱਕ ਗੈਰ ਦਲਿਤ ਪੱਤਰਕਾਰ ਜੋ ਬਾਬਾ ਸਾਹਿਬ ਪ੍ਰਤੀ ਨਫ਼ਰਤ/ਵਿਰੋਧ ਰੱਖਦਾ ਸੀ, ਦੀ ਜਦੋਂ ਅਖਬਾਰ ਵਲੋਂ ਡਿਊਟੀ ਲਗਾਈ ਤੇ ਉਹ ਬਾਬਾ ਸਾਹਿਬ ਦੇ ਜਨਮ ਸਥਲ 'ਤੇ ਰਿਪੋਰਟਿੰਗ ਕਰਨ ਗਿਆ, ਜਦੋਂ ਉੱਥੇ ਦੇਖਿਆ ਕਿ ਹਜ਼ਾਰਾਂ ਲੋਕ 6 ਦਸੰਬਰ ਨੂੰ ਬਾਬਾ ਸਾਹਿਬ ਜੀ ਦੀ ਜਨਮ ਭੂਮੀ 'ਤੇ ਆਪਣੇ ਬੱਚਿਆਂ ਨੂੰ ਲਿਟਾਉਂਦੇ ਹਨ ਭਾਵ ਕਿ ਉਹ ਉਸ ਮਿੱਟੀ ਨੂੰ ਛੂਹ ਲੈਣ ਜੋ ਬਾਬਾ ਸਾਹਿਬ ਨਾਲ ਸਬੰਧਤ ਹੈ ਤਾਂ ਜੋ ਉਹਨਾਂ ਦੇ ਬੱਚੇ ਵੀ ਇੱਕ ਕਾਬਿਲ ਲਾਇਕ ਇਨਸਾਨ ਬਣ ਸਕਣ। ਪੱਤਰਕਾਰ ਦਾ ਕਹਿਣਾ ਹੈ ਕਿ ਉਹ ਐਨੇ ਹੈਰਾਨ ਹਨ ਕਿ ਬਾਬਾ ਸਾਹਿਬ ਨੂੰ ਲੋਕ ਇੱਕ ਰੱਬ ਵਾਂਗ ਮੰਨਦੇ ਹਨ ਅਤੇ ਇੱਥੇ ਨੀਲੀ ਟੋਪੀ, ਨੀਲਾ ਰੰਗ, ਨੀਲੇ




ਝੰਡੇ ਦੀ ਹਰ ਪਾਸੇ ਚਹਿਲ-ਪਹਿਲ ਹੈ, ਉਹ ਤਾਂ ਸਭ ਕੁਝ ਦੇਖ ਕੇ ਬਾਬਾ ਸਾਹਿਬ ਦੇ ਦਿਲੋਂ ਮੁਰੀਦ ਹੋ ਗਏ। ਹੁਣ ਲੱਖਾਂ ਕਰੋੜਾਂ ਦਲਿਤ ਹੀ ਨਹੀਂ ਸਗੋਂ ਗੈਰ ਦਲਿਤ ਇਨਸਾਫ ਪਸੰਦ ਲੋਕ ਵੀ ਬਾਬਾ ਸਾਹਿਬ ਜੀ ਦੀ ਕਾਬਲੀਅਤ ਨੂੰ ਮੰਨਦੇ ਹਨ।

ਬਾਬਾ ਸਾਹਿਬ 17 ਕਿਤਾਬਾਂ ਦੇ ਲੇਖਕ (ਅਨੇਕਾਂ ਅਣਛਪੇ ਭਾਸ਼ਣ ਅਤੇ ਹੋਰ ਅਣਛਪੀਆਂ ਕਿਤਾਬਾਂ) 9 ਭਾਸ਼ਾਵਾਂ ਅਤੇ ਵੱਡੀ ਗਿਣਤੀ ਵਿਚ ਡਿਗਰੀਆਂ ਪ੍ਰਾਪਤ ਦੁਨੀਆਂ ਦੇ ਮਹਾਨ ਇਨਸਾਨ ਹਨ। ਉਹਨਾਂ ਦੀ ਜਾਤ-ਪਾਤ ਦਾ ਬੀਜ-ਨਾਸ਼ ਨਾਮੀ ਇੱਕ ਉਹ ਇਤਿਹਾਸਕ ਪੁਸਤਕ ਹੈ ਜਿਸ ਨੇ ਕਾਂਸ਼ੀ ਰਾਮ ਨੂੰ ਬਹੁਜਨ ਨਾਇਕ ਬਣਾਇਆ।ਜਿਹਨਾਂ ਨੇ ਇਹ ਕਿਤਾਬ ਪੜ੍ਹਨ ਬਾਅਦ ਆਪਣੀ ਸਮੁੱਚੀ ਜ਼ਿੰਦਗੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਕਰ ਦਿੱਤੀ ਅਤੇ ਨਵੀਂ ਬਹੁਜਨ ਸਮਾਜ ਪਾਰਟੀ ਬਣਾਕੇ ਡਾ: ਅੰਬੇਡਕਰ ਦੇ ਮਿਸ਼ਨ ਨੂੰ ਮੁੜ ਸੁਰਜੀਤ ਹੀ ਨਹੀਂ ਕੀਤਾ ਸਗੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਪਾਰਟੀ ਦਾ ਮਿਸ਼ਨ ਬਣਾਇਆ। ਸ਼ੂਦਰਾਂ ਵਿੱਚ ਅਛੂਤ ਕਹੇ ਜਾਣ ਵਾਲੇ ਮਹਾਰ ਸਮਾਜ 'ਚ ਜਨਮੇਂ ਭੀਮ ਰਾਓ ਅੰਬੇਡਕਰ ਨੂੰ ਮਹਾਰਾਂ ਨੇ ''ਬਾਬਾ ਸਾਹਿਬ'' (ਜਿਸ ਦਾ ਅਰਥ ਮਹਾਨ, ਸਤਿਕਾਰਯੋਗ ਅਤੇ ਰਹਿਨੁਮਾ ਹੈ) ਨਾਲ ਨਿਵਾਜਿਆ। 5 ਜੂਨ, 1952 ਈ: ਨੂੰ ਕੋਲੰਬੀਆ ਯੂਨੀਵਰਸਿਟੀ, ਅਮਰੀਕਾ (ਜਿੱਥੇ ਉਹਨਾਂ ਪੜ੍ਹਾਈ ਕੀਤੀ) ਨੇ ਉਨ੍ਹਾਂ ਨੂੰ ਭਾਰਤ ਦੇ ਸੰਵਿਧਾਨ ਬਣਾਉਣ ਕਰਕੇ L.L.D. ਡਿਗਰੀ ਨਾਲ ਸਨਮਾਨਿਤ ਕੀਤਾ।

ਸਾਲ 1990 ਵਿੱਚ ਭਾਰਤ ਸਰਕਾਰ ਦੁਆਰਾ ਉਹਨਾਂ ਨੂੰ ''ਭਾਰਤ ਰਤਨ'' ਨਾਲ ਸਨਮਾਨਿਤ ਕੀਤਾ ਗਿਆ। ਸਾਲ 2012 'ਚ ਪ੍ਰਸਿੱਧ ਮੈਗਜ਼ੀਨ ਆਊਟਲੁੱਕ, CNN-IBN ਟੈਲੀਵਿਜ਼ਨ ਨੇ ਸਮੁੱਚੇ ਸੰਸਾਰ 'ਚ ਇੱਕ ਆਨਲਾਇਨ ਕੀਤੇ ਸਰਵੇ ਵਿੱਚ ਬਾਬਾ ਸਾਹਿਬ ਜੀ ਨੂੰ ਭਾਰਤ ਦੇ ਸਭ ਤੋਂ ਵੱਧ ਕਾਬਿਲ, ਹਰਮਨ ਪਿਆਰੇ ਆਗੂ ਐਲਾਨਿਆ। ਅੰਗਰੇਜ਼ ਵਿਦਵਾਨ ਬੇਵਰਲੇ ਲਿੰਕਸਸ ਨੇ ਸੁਕਰਾਤ, ਕਾਰਲ ਮਾਰਕਸ, ਮਾਊ ਜੇ ਤੁੰਗ, ਮਾਰਟਿਨ ਲੂਥਰ ਕਿੰਗ, ਇਬਰਾਹੀਮ ਲਿੰਕਨ ਅਤੇ ਬਾਬਾ ਸਾਹਿਬ ਨੂੰ ਦੁਨੀਆਂ ਦੇ ਛੇ ਮਹਾਨ ਮਨੁੱਖ ਮੰਨਿਆ। ਅਮਰੀਕਾ ਦੀ ਪ੍ਰਸਿੱਧ ਯੂਨੀਵਰਸਿਟੀ ਕੋਲੰਬੀਆ ਨੇ ਬੀਤੇ 250 ਸਾਲਾਂ 'ਚ ਸਭ ਤੋਂ ਵੱਧ ਕਾਬਿਲ ਵਿਦਿਆਰਥੀਆਂ ਦੀ ਸੂਚੀ 'ਚ ਬਾਬਾ ਸਾਹਿਬ ਨੂੰ ''ਪਹਿਲਾ ਸਥਾਨ'' ਦਿੱਤਾ। ਯੂਨੀਵਰਸਿਟੀ ਦੇ ਗੇਟ 'ਤੇ ਬਾਬਾ ਸਾਹਿਬ ਜੀ ਦੀ ਤਸਵੀਰ 'ਤੇ ਸਨਮਾਨ ਵਜੋਂ ਞੋਨਦਨਿਗ ਢਓਟਹਏਰ ੋਡ ੀਦਰਏਨ ੇਨਿਦਓਿ ਸ਼ਬਦ ਅੰਕਿਤ ਕੀਤੇ ਗਏ ਹਨ। ਦੁਨੀਆਂ ਦੀ ਸਭ ਤੋਂ ਵੱਡੀ ਸੰਸਥਾ ਯੂ.ਐਨ.ਓ ਨੇ ਬਾਬਾ ਸਾਹਿਬ ਜੀ ਦਾ 125ਵਾਂ ਜਨਮ ਦਿਵਸ ਮਨਾਇਆ । ਉਹਨਾਂ ਨੂੰ ਸੰਸਾਰ ਦਾ ਗਿਆਨਦਾਤਾ (WORLD SYMBOL OF KNOWLEDGE) ਅਤੇ ਸਮਾਨਤਾ (EQUALITY) ਦੇ ਸਿਰਜਕ ਤੌਰ 'ਤੇ ਪ੍ਰਵਾਨ ਕੀਤਾ । ਅਮਰੀਕਾ ਦੇ ਰਹਿ ਚੁੱਕੇ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਨੇ ਕਿਹਾ ਕਿ ਜੇ ਬਾਬਾ ਸਾਹਿਬ ਉਹਨਾਂ ਦੇ ਦੇਸ਼ 'ਚ ਪੈਦਾ ਹੁੰਦੇ ਤਾਂ ਉਹ ਉਹਨਾਂ ਨੂੰ ਸੂਰਜ ਕਹਿੰਦੇ ਇੱਕ ਐਸਾ ਸੂਰਜ ਜਿਸ ਨੇ ਰਾਜਨੀਤਿਕ, ਸਮਾਜਿਕ, ਧਾਰਮਿਕ ਤੌਰ ਤੇ ਪੂਰੇ ਵਿਸ਼ਵ ਨੂੰ ਆਪਣੇ ਗਿਆਨ ਨਾਲ ਪ੍ਰਭਾਵਿਤ ਕੀਤਾ।

20ਵੀਂ ਸਦੀ ਦੇ ਮਹਾਨ ਦਾਰਸ਼ਨਿਕ ਰਜਨੀਸ਼ ਓਸ਼ੋ ਨੇ ਕਿਹਾ ਕਿ ਉਹ ਜਿਹਨਾਂ ਵੀ ਮਹਾਨ ਸ਼ਖਸ਼ੀਅਤਾਂ ਨੂੰ ਮਿਲੇ, ਉਹਨਾਂ ਵਿੱਚੋਂ ''ਸਭ ਤੋਂ ਸਰਵਸ਼੍ਰੇਸ਼ਠ'' ਸ਼ਖਸ਼ੀਅਤ ਬਾਬਾ ਸਾਹਿਬ ਸਨ ਪਰ ਉਹਨਾਂ ਮਹਾਤਮਾ ਗਾਂਧੀ ਨੂੰ ''ਚਤੁਰ ਬਾਣੀਆਂ'' ਅਤੇ ਬਾਬਾ ਸਾਹਿਬ ਨੂੰ ''ਭੋਲੇ ਇਨਸਾਨ'' ਦੱਸਿਆ (ਸਾਲ 1932 ਈ: ਵਿੱਚ ਹੋਏ ਪੂਨਾ ਪੈਕੇਟ ਦੇ ਸਬੰਧ ਵਿੱਚ)। ਕੁਲਵੀਰ ਸਿੰਘ ਸਿੱਧੂ ਸਾਬਕਾ ਆਈ ਏ ਐਸ ਅਧਿਕਾਰੀ ਦਾ ਕਥਨ ਹੈ, ''ਭਾਰਤ ਦੇਸ ਵਿਚ 20ਵੀਂ ਸਦੀ ਵਿਚ ਦੋ ਹੀ ਮੌਲਿਕ ਫਿਲਾਸਫਰ ਹੋਏ ਹਨ, ਇਕ ਉਸ਼ੋ , ਦੂਜੇ ਡਾਕਟਰ ਅੰਬੇਡਕਰ। ਇਹ ਦੋਵੇਂ ਮਾਨਵਤਾ ਪੱਖੀ ਅਤੇ ਯੁੱਗ ਪਲਟਾਊ ਹੋਏ ਹਨ।''

ਨੋਬਲ ਪੁਰਸਕਾਰ ਜੇਤੂ ਅੰਮ੍ਰਿਤਿਆ ਸੈਨ ਨੇ ਬਾਬਾ ਸਾਹਿਬ ਨੂੰ ਅਰਥ ਸ਼ਾਸਤਰ ਵਿਸ਼ੇ 'ਤੇ ਆਪਣਾ ਪਿਤਾ ਮੰਨਿਆ। ਉਸ ਸਮੇਂ ਦੇ ਭਾਰਤੀ ਵਾਇਸ ਰਾਏ ਲਾਰਡ ਲਿਨਲਿਥਗੋ ਨੇ ਵੀ ਆਖਰ ਮੰਨਿਆ ਕਿ ਬਾਬਾ ਸਾਹਿਬ 50 ਗ੍ਰੈਜੂਏਟਾਂ/ਸਕਾਲਰਾਂ ਦੇ ਬਰਾਬਰ ਹਨ। ਬਾਬਾ ਸਹਿਬ ਵਿਸ਼ਵ ਪ੍ਰਸਿੱਧ ਅਰਥ ਸ਼ਾਸ਼ਤਰੀ ਮੰਨੇ ਗਏ ਹਨ। ਇੱਕ ਖੋਜੀ ਪੱਤਰਕਾਰ ਵੀ.ਜੀ. ਨਾਇਰ ਨੇ ਲਿਖਿਆ ਕਿ ''ਸਾਮਰਾਜਾਂ ਦਾ ਬਣਨਾ ਅਤੇ ਗੁਜਰ ਜਾਣਾ, ਵੱਡੇ-ਵੱਡੇ ਮਹਾਰਾਜਿਆਂ ਅਤੇ ਤਾਨਾਸ਼ਾਹਾਂ ਦਾ ਗੁਜਰ ਜਾਣਾ, ਪੁਲਾੜ ਉਤੇ ਜਿੱਤ, ਐਟਮ ਬੰਬ ਦੀ ਖੋਜ ਅਤੇ ਹੋਰ ਗੱਲਾਂ... ਇਹ ਸਾਰੇ ਜਿਕਰ ਬੀਤੇ ਸਮੇਂ ਦੀ ਬਾਤ ਬਣਕੇ ਮੱਧਮ ਪੈ ਜਾਣਗੇ ਪਰ ਭਾਰਤ ਦੇ ਕਰੋੜਾਂ ਅਤੇ ਪੱਛੜੇ ਵਰਗ ਦੇ ਬੇਖੌਫ਼ ਆਗੂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜ਼ਿੰਦਾਦਿਲ ਅਵਾਜ, ਮਾਨਵਤਾ ਦਾ ਸੁਨੇਹਾ ਦਿੰਦੀ ਹੋਈ ਯੁੱਗਾਂ-ਯੁੱਗਾਂਤਰਾਂ ਤੱਕ ਗੂੰਜਦੀ ਰਹੇਗੀ।''

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ: ਨਰਿੰਦਰ ਸਿੰਘ ਕਪੂਰ ਨੇ ਕਿਹਾ ਕਿ ''ਇਤਿਹਾਸ ਦੇ ਰੋਡ 'ਤੇ ਹੁਣ ਉਹ ਮੋੜ ਆ ਗਿਆ ਹੈ, ਜਦੋਂ ਦਲਿਤ ਵੀ ਪੂਰੇ ਜਾਹੋ ਜਲੌਅ ਨਾਲ ਅਤੇ ਸਵੈ-ਮਾਣ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾਲ ਕੇ, ਅੱਖਾਂ ਵਿੱਚ ਨਵੇਂ ਸੁਪਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਆਂ ਰੀਝਾਂ ਜਗਾਕੇ ਨਵੀਂਆਂ ਪੁਲਾਂਘਾਂ ਪੁੱਟਣਗੇ ਅਤੇ ਹਰ ਰੁਕਾਵਟ ਨੂੰ ਲੰਘ ਜਾਣਗੇ''। ਪੰਜਾਬੀ ਦੇ ਲੇਖਕ ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣੀ ਸਵੈ-ਜੀਵਨੀ ਦੇ ਅੰਸ਼ ਆਪਣੀ ਸੋਚ ਦੇ ਗਹਿਰੇ ਸਾਏ ਹੇਠ ਅੰਕਤ ਕੀਤਾ ਕਿ ਆਰਕੀਲੋਜੀਕਲ ਲਾਇਬ੍ਰੇਰੀ ਵਿੱਚ ਉਹ ਡਾ: ਅੰਬੇਡਕਰ ਨੂੰ ਪਹਿਲੀ ਵਾਰ ਮਿਲੇ। ਡਾ: ਅੰਬੇਡਕਰ ਦੀਆਂ ਗੱਲਾਂ ਬੜੀਆਂ ਦਿਲਚਸਪ ਹੁੰਦੀਆਂ, ਗਿਆਨ ਨਾਲ ਛਲਕਦੀਆਂ ਤੇ ਸੋਚ ਨੂੰ ਟੁੰਬਦੀਆਂ ਸਨ।

ਅੱਜ ਭਾਰਤ ਦੇ ਕੌਮੀ ਨਾਅਰੇ ਤੋਂ ਬਾਅਦ ਜੇ ਕੋਈ ਨਾਅਰਾ ਸਰਵ ਪ੍ਰਵਾਨਿਤ ਹੈ ਤਾਂ ਉਹ ਨਿਸ਼ਚਿਤ ਹੀ ''ਜੈ ਭੀਮ-ਜੈ ਭਾਰਤ'' ਹੈ। (ਜੈ ਭੀਮ ਦਾ ਨਾਅਰਾ ਸਾਲ 1935 ਈ: ਤੋਂ ਲੱਗਣ ਲੱਗਾ ਸੀ)।



ਸੰਤੋਖ ਸਿੰਘ ਜੱਸੀ
91-70876–19800

ਬਾਬਾ ਸਾਹਿਬ ਕਿਹਾ ਸੀ ਜਦੋਂ ਮੇਰੇ ਅਤੇ ਦੇਸ਼ ਵਿਚਕਾਰ ਸਵਾਲ ਹੋਵੇਗਾ ਤਾਂ ਉਹ ਦੇਸ਼ ਨੂੰ ਤਰਜੀਹ ਦੇਣਗੇ ਪਰ ਜੇਕਰ ਸਮਾਜ ਅਤੇ ਦੇਸ਼ ਦੀ ਗੱਲ ਹੋਵੇ ਤਾਂ ਮੈਂ ਸਮਾਜ ਨਾਲ ਖੜ੍ਹਾਂਗਾ। ਜਿਵੇਂ ਸਾਲ 1935 ਈ: ਵਿੱਚ ਅੰਗਰੇਜ਼ਾਂ ਨੇ ''ਸਰ'' ਦਾ ਖਿਤਾਬ ਦੇਣ ਲਈ ਬਾਬਾ ਸਾਹਿਬ ਜੀ ਨੂੰ ਦੇਣਾ ਚਾਹੁੰਦੇ ਸਨ ਅਤੇ ਸਾਲ 1952 ਈ: ਵਿੱਚ ਅਮਰੀਕਾ ਦੇ ਰਾਸ਼ਟਰਪਤੀ ਨੇ ਬਾਬਾ ਸਾਹਿਬ ਨੂੰ ਵ੍ਹਾਈਟ ਹਾਊਸ 'ਚ ਮਿਲਣ ਦੀ ਇੱਛਾ ਜਾਹਰ ਕੀਤੀ, ਪਰ ਬਾਬਾ ਸਾਹਿਬ ਨੇ ਇਨਕਾਰ ਕਰ ਦਿੱਤਾ, ਕਿਉਂਕਿ ਉਹ ਭਾਰਤੀ ਸਨ ਅਤੇ ਸੱਚੇ ਦੇਸ਼ ਭਗਤ ਸਨ ਅਤੇ ਅੰਗਰੇਜ਼ਾਂ ਤੋਂ ਉਹ ਕੋਈ ਅਵਾਰਡ ਲੈਣਾ ਨਹੀਂ ਚਾਹੁੰਦੇ ਸਨ।

ਬਾਬਾ ਸਾਹਿਬ ਬਾਰੇ ਬੀਤੇ ਸਮੇਂ ਦਾ ਸੱਚ ਇਹ ਹੈ ਕਿ ਉਹਨਾਂ ਨੂੰ ਅੰਗਰੇਜ਼ਾਂ ਦਾ ਪਿੱਠੂ, ਦੇਸ਼ ਦਾ ਗਦਾਰ ਕਹਿ ਕੇ ਭੰਡਿਆ ਜਾਂਦਾ ਰਿਹਾ। ਬਾਬਾ ਸਾਹਿਬ ਤੇ 18 ਜਾਨਲੇਵਾ ਹਮਲੇ ਹੋਏ। ਆਖਰ ਆਰ.ਐਸ.ਐਸ. ਨੇ 2016 ਵਿੱਚ ਆਪਣੇ ਸਾਲਾਨਾ ਮੈਗਜ਼ੀਨ ਪੰਚਜਨਆ ਦਾ ਵਿਸ਼ੇਸ਼ ਅੰਕ ਬਾਬਾ ਸਾਹਿਬ ਦੇ 125ਵੇਂ ਜਨਮ ਦਿਵਸ ਤੇ ਪ੍ਰਕਾਸ਼ਤ ਕੀਤਾ ਅਤੇ ਮੰਨਿਆ ਕਿ ਬਾਬਾ ਸਾਹਿਬ ਸਭ ਤੋਂ ਮਹਾਨ ਹਨ।

ਉਹਨਾਂ ਅਡੰਬਰਾਂ, ਭੈੜੀਆਂ ਰਸਮਾਂ, ਅੰਧ-ਵਿਸ਼ਵਾਸ਼ ਅਜਿਹੇ ਵਿਚਾਰਾਂ ਨੂੰ ਨੇੜੇ ਵੀ ਨਹੀਂ ਫਰਕਣ ਦਿੰਦਾ। ਬਾਬਾ ਸਾਹਿਬ ਨੇ ਅਛੂਤਾਂ ਨੂੰ ਕਿਹਾ ਕਿ,''ਸ਼ੇਰ ਬਣੋ! ਬੱਕਰੀਆਂ ਦੀ ਬਲੀ ਤਾਂ ਹਿੰਦੂ ਕਾਲੀ ਮਾਤਾ ਦੇ ਸਾਹਮਣੇ ਦਿੰਦੇ ਹਨ ਪਰ ਸ਼ੇਰ ਦੀ ਕਦੇ ਬਲੀ ਨਹੀ ਦਿੱਤੀ ਜਾਂਦੀ।'' ਆਪਣੀ ਅਗਵਾਈ ਆਪ ਕਰੋ ਜਿਵੇਂ ਮਹਾਤਮਾ ਬੁੱਧ ਨੇ ਕਿਹਾ ਆਪਣੇ ਦੀਪਕ ਆਪ ਬਣੋ ।


ਉਹ ਆਜ਼ਾਦੀ, ਬਰਾਬਰੀ, ਭਾਈਚਾਰੇ ਅਤੇ ਨਿਆ ਪਸੰਦ ਵਿਵਸਥਾ ਦੇ ਧਾਰਨੀ ਹਨ ਉਹਨਾਂ ਔਰਤਾਂ ਲਈ ਵੱਡੇ ਸੰਘਰਸ਼ ਅਤੇ ਯੋਜਨਾਵਾਂ ਦਾ ਵਿਖਿਆਨ ਕੀਤਾ। ਉਹ ਵਿਗਿਆਨ ਅਤੇ ਨਵਾਂ ਸਿੱਖਣ ਦੀ ਪ੍ਰੋੜਤਾ ਕਰਦਾ ਹੈ। ਉਹਨਾਂ ਦੇ ਵਿਚਾਰ 21ਵੀਂ ਸਦੀ ਵਿਚ 20ਸਦੀ ਵਾਂਗ ਸਾਰਥਿਕ ਹਨ। ਬਾਬਾ ਸਾਹਿਬ ਨੇ ਸਾਲ 1935 ਵਿੱਚ ਕਿਹਾ ਕਿ ਉਹ ਹਿੰਦੂ ਧਰਮ ਛੱਡਣ ਜਾ ਰਹੇ ਹਨ ਅਤੇ ਉਹਨਾਂ 21 ਸਾਲਾਂ ਬਾਅਦ 1956 ਵਿੱਚ ਬੁੱਧ ਧਰਮ ਅਪਣਾਇਆ।

ਸਦੀਆਂ ਤੋਂ ਸ਼ੋਸ਼ਿਤ ਲੋਕੋ, ਫਖਰ ਮਹਿਸੂਸ ਕਰੋ ਕਿ ਬਾਬਾ ਸਾਹਿਬ ਨੇ ਸਾਨੂੰ ਹਜ਼ਾਰਾਂ ਸਾਲਾਂ ਤੋਂ ਨਰਕ ਦੀ ਜ਼ਿੰਦਗੀ ਤੋਂ ਨਵੀਂ ਜ਼ਿੰਦਗੀ ਜਿਉਣ ਬਰਾਬਰ ਹੱਕ ਲੈ ਕੇ ਦਿੱਤੇ ਜਿਸ ਦੀ ਬਦੌਲਤ ਅਸੀਂ ਪੜ੍ਹ-ਲਿਖ ਕੇ ਉੱਚ ਅਹੁਦਿਆਂ 'ਤੇ ਨੌਕਰੀ ਕਰਕੇ ਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਖੁਸ਼ਹਾਲ ਜ਼ਿੰਦਗੀ ਜਿਉਣ, ਚੰਗੇ ਰੁੱਤਬਿਆਂ ਦੇ ਲਾਇਕ ਬਣੇ ਹਾਂ। ਇਸ ਮਹਾਨ ਸੋਚ ਨੂੰ ਕੁਝ ਪਲ ਦੇਈਏ ਅਤੇ ਆਪਣਾ ਅਣਮੁੱਲਾ ਵਿਰਸਾ ਸੰਭਾਲੀਏ ।

ਕਿਉਂਕਿ ਬਾਬਾ ਸਾਹਿਬ ਦੀ ਪਾਰਲੀਮੈਂਟ ਸਾਹਮਣੇ ਵਾਲੀ ਤਸਵੀਰ ਸੁਨੇਹਾ ਦੇ ਰਹੀ ਹੈ ਕਿ ਤੁਹਾਡੀ ਮੁਕਤੀ ਸੱਤਾ ਪ੍ਰਾਪਤੀ 'ਤੇ ਹੀ ਹੋਵੇਗੀ। ਆਓ ਉਹਨਾਂ ਦੇ ਅਧੂਰੇ ਕਾਰਵੇਂ ਨੂੰ ਮੰਜ਼ਿਲ-ਏ-ਮਕਸੂਦ ਤੱਕ ਪਹੁੰਚਾਉਣ ਲਈ ਆਪਣੇ ਆਪ ਨੂੰ ਤਹਿਦਿਲੋਂ ਬਾਬਾ ਸਾਹਿਬ ਨੂੰ ਸਮਰਪਿਤ ਕਰੀਏ ।

ਆਪਸੀ ਵੈਰ-ਵਿਰੋਧ, ਜਥੇਬੰਦੀਆਂ ਦੀ ਗਿਣਤੀ ਘਟਾਕੇ ਸਾਂਝੇ ਤੌਰ ਤੇ ਇੱਕ ਮਾਲਾ ਦੇ ਮਣਕੇ ਦਿੱਲੀ ਦੀ ਸੱਤਾ ਤੇ ਕਾਬਜ ਹੋ ਕੇ ਮੁੜ ਮੌਰੀਆ ਵੰਸ਼ ਵਾਂਗ ਮਨੁੱਖਤਾ ਨੂੰ ਬਹਾਲ ਕਰੀਏ, ਕਿਉਂਕਿ ਅੱਜ ਭਾਰਤ ਬਾਬਾ ਸਾਹਿਬ, ਭਾਰਤ ਰਤਨ ਡਾ: ਅੰਬੇਡਕਰ ਦਾ ਭਾਰਤ ਹੈ। ਬਾਬਾ ਸਾਹਿਬ ਜੀ ਦਰਸਾਏ ਮਾਰਗ 'ਤੇ ਸੱਚੇ ਦਿਲੋਂ ਚੱਲ ਕੇ ਹੀ ਭਾਰਤ ਨੂੰ ਮੁੜ ਖੁਸ਼ਹਾਲ ਬਣਾਇਆ ਜਾ ਸਕਦਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com




### ਪ੍ਰਿੰ. ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ

# ਅਣਗੌਲੀਆਂ ਵਿਗਿਆਨਕ ਨਾਇਕਾਵਾਂ

## ਅੰਨਾ ਮਣੀ (Anna Mani) (23 ਅਗਸਤ, 1918 ਤੋਂ 16 ਅਗਸਤ, 2001 ਤੱਕ)



ਪ੍ਰਿੰ. ਸਤਵੰਤ ਕੌਰ ਕਲੋਟੀ

**ਜਾਣ-ਪਹਿਚਾਣ:**

23 ਅਗਸਤ, 1918 ਨੂੰ ਪ੍ਰਿੰਸਲੀ ਸਟੇਟ ਤ੍ਰਾਵਣਕੋਰ ਵਿੱਚ ਜਨਮ ਲੈਣ ਵਾਲੀ ਅੰਨਾ ਮਣੀ ਇੱਕ ਭਾਰਤੀ ਭੌਤਿਕ ਵਿਗਿਆਨੀ ਅਤੇ ਮੌਸਮ ਵਿਗਿਆਨੀ ਸੀ। ਉਹ ਭਾਰਤੀ ਮੌਸਮ ਵਿਭਾਗ (Indian Meteorological Department) ਦੀ ਡਿਪਟੀ ਡਾਇਰੈਕਟਰ ਜਨਰਲ ਰਹੀ। ਉਸ ਨੂੰ ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ (INSA) ਦਾ ਕੇ.ਆਰ. ਰਾਮਾਨਾਥਨ ਮੈਡਲ (1987) ਹਾਸਿਲ ਹੋਇਆ। 1939 ਈ. ਵਿੱਚ ਉਸ ਨੇ ਫ਼ਿਜ਼ਿਕਸ ਆਨਰਜ਼ ਦੀ ਡਿਗਰੀ ਹਾਸਿਲ ਕੀਤੀ। 1940 ਵਿੱਚ ਉਸਨੂੰ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ (Indian Institute of Science, Bangalore) ਵਿਖੇ ਫ਼ਿਜ਼ਿਕਸ ਦੇ ਖੇਤਰ ਵਿੱਚ ਖੋਜ-ਕਾਰਜ ਕਰਨ ਲਈ ਸਕਾਲਰਸ਼ਿਪ ਹਾਸਿਲ ਹੋਇਆ ਜਿੱਥੇ ਉਸ ਨੂੰ ਡਾ. ਸੀ.ਵੀ. ਰਮਨ ਦੀ ਪ੍ਰਯੋਗਸ਼ਾਲਾ ਵਿੱਚ ਕੰਮ ਕਰਨ ਦੀ ਪ੍ਰਵਾਨਗੀ ਮਿਲ ਗਈ।

ਇੱਥੇ ਉਸ ਨੇ 1942-45 ਦਰਮਿਆਨ ਹੀਰਿਆਂ ਅਤੇ ਮਾਣਕਾਂ (Rubies) ਦੀ ਸਪੈਕਟ੍ਰੋਸਕੋਪੀ ਉੱਤੇ ਨਿੱਠ ਕੇ ਖੋਜ-ਕਾਰਜ ਕੀਤਾ ਪ੍ਰੰਤੂ ਇਸ ਖੋਜ-ਕਾਰਜ ਦੇ ਅਧਾਰ ਤੇ ਲਿਖੇ ਥੀਸਿਸ ਨਾਲ ਉਸ ਨੂੰ ਪੀਐੱਚ.ਡੀ. ਦੀ ਡਿਗਰੀ ਹਾਸਿਲ ਨਹੀਂ ਹੋ ਸਕੀ ਕਿਉਂਕਿ ਉਸ ਕੋਲ ਐਮ.ਐਸਸੀ. ਦੀ ਡਿਗਰੀ ਨਹੀਂ ਸੀ। ਉਸ ਨੇ ਲੰਦਨ ਤੋਂ ਮੌਸਮ ਵਿਗਿਆਨ ਉਪਕਰਣਾਂ (ਇਟਏਰੋ-logical Instrumentation) ਵਿੱਚ ਵਿਸ਼ਿਸ਼ਟਤਾ (Specialization) ਹਾਸਿਲ ਕੀਤੀ। ਉਹ ਭਾਰਤ ਮੌਸਮ ਵਿਗਿਆਨ ਵਿਭਾਗ ਪੂਨਾ ਵਿਖੇ ਰੇਡੀਏਸ਼ਨ ਉਪਕਰਣਾਂ ਦੇ ਨਿਰਮਾਣ ਦੀ ਇੰਚਾਰਜ ਬਣੀ। ਇੱਥੇ ਉਸ ਨੇ ਲੱਗਭਗ 100 ਉਪਕਰਣਾਂ ਦੀਆਂ ਡਰਾਇੰਗਾਂ ਦਾ ਮਿਆਰੀਕਰਣ ਕੀਤਾ ਅਤੇ ਉਹ ਆਪਣੇ ਅਧੀਨ ਕੰਮ ਕਰਨ ਵਾਲੇ 121 ਵਿਅਕਤੀਆਂ ਦੀ ਡਿਵੀਜ਼ਨ ਦੀ ਮੁਖੀ ਬਣੀ। 1957-58 ਦੌਰਾਨ ਉਸ ਨੇ ਭਾਰਤ ਵਿੱਚ ਸੂਰਜੀ ਵਿਕਿਰਣਾਂ ਮਾਪਣ ਵਾਲੇ ਸਟੇਸ਼ਨਾਂ ਦਾ ਜਾਲ ਵਿਛਾ ਦਿੱਤਾ। ਉਸ ਨੇ ਓਜ਼ੋਨ ਮਾਪਣ ਵਾਲੇ ਯੰਤਰ 'ਓਜ਼ੋਨਸੌਂਡ' ਦਾ ਨਿਰਮਾਣ ਕੀਤਾ। 1963 ਵਿੱਚ ਉਸ ਨੇ ਥੁੰਬਾ ਰਾਕਟ ਲਾਂਚਿੰਗ ਫੈਸਿਲਿਟੀ (Thumba Rocket Launching Facility) ਵਿਖੇ ਇੱਕ ਮੌਸਮ ਵਿਗਿਆਨ ਨਿਰੀਖਣ ਕੇਂਦਰ (Meteorological Observatory) ਅਤੇ ਇੱਕ ਇੰਸਟਰੂਮੈਂਟੇਸ਼ਨ ਟਾਵਰ (Instrumentation Tower) ਸਥਾਪਿਤ ਕੀਤਾ।

ਬੰਗਲੌਰ ਦੀਆਂ ਨੰਦੀ ਪਹਾੜੀਆਂ ਉੱਤੇ ਉਸ ਨੇ ਇੱਕ ਮਿਲੀਮੀਟਰ-ਤਰੰਗ ਦੂਰਬੀਨ (Millimetre-wave Telescope) ਸਥਾਪਿਤ ਕੀਤੀ। ਉਸ ਦੀਆਂ ਦੋ ਕਿਤਾਬਾਂ ਅਤੇ ਬਹੁਤ ਸਾਰੇ ਖੋਜ ਪੱਤਰ ਪ੍ਰਕਾਸ਼ਿਤ ਹੋਏ।16 ਅਗਸਤ, 2001 ਵਿੱਚ ਉਸ ਦੀ ਮੌਤ ਹੋਈ।

# ਮੌਸਮ ਵਿਗਿਆਨ ਦੀ ਨਾਇਕਾ - ਅੰਨਾ ਮਣੀ



ਅੰਨਾ ਮਣੀ ਦਾ ਜਨਮ 23 ਅਗਸਤ, 1918 ਨੂੰ ਦੱਖਣੀ ਭਾਰਤ ਦੀ ਪ੍ਰਿੰਸਲੀ ਸਟੇਟ ਤ੍ਰਾਵਣਕੋਰ (ਓਗ਼ਡ ਜੋ ਹੁਣ ਕੇਰਲ ਦਾ ਇੱਕ ਹਿੱਸਾ ਹੈ ਵਿੱਚ ਪੀਰੂਮੇਡੂ ਵਿਖੇ ਇੱਕ ਖੁਸ਼ਹਾਲ ਈਸਾਈ ਪਰਿਵਾਰ ਵਿੱਚ ਹੋਇਆ। ਅੱਠ ਭੈਣ-ਭਰਾਵਾਂ: ਪੰਜ ਭਰਾ ਅਤੇ ਤਿੰਨ ਭੈਣਾਂ ਵਿੱਚੋਂ ਉਹ ਸੱਤਵੇਂ ਨੰਬਰ ਤੇ ਸੀ। ਉਸ ਦੇ ਪਿਤਾ ਇੱਕ ਸਿਵਿਲ ਇੰਜੀਨੀਅਰ ਸਨ ਜੋ ਵੱਡੇ-ਵੱਡੇ ਇਲਾਇਚੀ ਦੇ ਬਾਗਾਂ ਦੇ ਮਾਲਿਕ ਵੀ ਸਨ। ਵੈਸੇ ਤਾਂ ਇਸ ਪਰਿਵਾਰ ਦਾ ਸਬੰਧ ਇੱਕ ਪੁਰਾਤਨ ਸੀਰੀਆਈ ਚਰਚ ਨਾਲ ਸੀ ਪ੍ਰੰਤੂ ਅੰਨਾ ਮਣੀ ਦੇ ਪਿਤਾ ਉਮਰ ਭਰ ਨਾਸਤਿਕ ਹੀ ਰਹੇ। ਅੰਨਾ ਮਣੀ ਦਾ ਪਰਿਵਾਰ ਇੱਕ ਉੱਚ-ਵਰਗੀ ਕਾਰੋਬਾਰੀ ਪਰਿਵਾਰ ਸੀ ਜਿੱਥੇ ਲੜਕਿਆਂ ਨੂੰ ਤਾਂ ਵੱਡੇ-ਵੱਡੇ ਕਾਰੋਬਾਰਾਂ ਲਈ ਤਿਆਰ ਕੀਤਾ ਜਾਂਦਾ ਸੀ ਪ੍ਰੰਤੂ ਲੜਕੀਆਂ ਦੇ ਵਿਆਹ ਬਾਰੇ ਹੀ ਸੋਚਿਆ ਜਾਂਦਾ ਸੀ। ਅੰਨਾ ਮਣੀ ਆਮ ਲੜਕੀਆਂ ਵਾਂਗ ਨਹੀਂ ਸੀ। ਉਹ ਆਪਣੇ ਜੀਵਨ ਦੇ ਮੁਢਲੇ ਸਾਲਾਂ ਦੌਰਾਨ ਤਾਂ ਕਿਤਾਬਾਂ ਵਿੱਚ ਹੀ ਖੁੱਭੀ ਰਹੀ।

ਕਿਤਾਬਾਂ ਪੜ੍ਹਨਾ ਉਸ ਦਾ ਜਨੂੰਨ ਸੀ। ਅੱਠ ਸਾਲ ਦੀ ਉਮਰ ਤੱਕ ਉਸ ਨੇ ਪਬਲਿਕ ਲਾਇਬ੍ਰੇਰੀ ਵਿੱਚ ਮਲਿਆਲਮ ਭਾਸ਼ਾ ਵਿੱਚ ਉਪਲਬਧ ਸਾਰੀਆਂ ਕਿਤਾਬਾਂ ਪੜ੍ਹ ਲਈਆਂ ਸਨ ਅਤੇ 12 ਸਾਲਾਂ ਦੀ ਉਮਰ ਤੱਕ ਜੋ ਕਿਤਾਬਾਂ ਅੰਗਰੇਜ਼ੀ ਭਾਸ਼ਾ ਵਿੱਚ ਉਪਲਬਧ ਸਨ, ਉਹ ਵੀ ਪੜ੍ਹ ਲਈਆਂ ਸਨ। ਕਿਹਾ ਜਾਂਦਾ ਹੈ ਕਿ ਉਸ ਨੇ ਆਪਣੇ ਅੱਠਵੇਂ ਜਨਮਦਿਨ ਮੌਕੇ ਆਪਣੇ ਪਰਿਵਾਰ ਪਾਸੋਂ ਮਿਲਣ ਵਾਲੇ ਹੀਰੇ ਦੇ ਝੁਮਕਿਆਂ (ਕਾਂਟਿਆਂ) ਦਾ ਰਿਵਾਇਤੀ ਤੋਹਫ਼ਾ ਕਬੂਲਣ ਦੀ ਬਜਾਇ ਐਨਸਾਈਕਲੋਪੀਡੀਆ ਬ੍ਰਿਟੈਨਿਕਾ Encyclopaedia Britannica ਲੈਣ ਨੂੰ ਤਰਜੀਹ ਦਿੱਤੀ ਸੀ। Encyclopaedia Britannica ਅੰਗਰੇਜ਼ੀ ਭਾਸ਼ਾ ਵਿੱਚ ਛਪਿਆ ਸਧਾਰਣ ਜਾਣਕਾਰੀ ਦਾ ਇੱਕ ਵਿਸ਼ਵਕੋਸ਼ ਹੈ ਜਿਸ ਦੀਆਂ 20 ਤੋਂ ਜ਼ਿਆਦਾ ਜਿਲਦਾਂ ਹਨ।

ਸੰਨ 1925 ਵਿੱਚ ਤ੍ਰਾਵਣਕੋਰ ਵਿੱਚ ਵਾਇਕੋਮ ਸੱਤਿਆਗ੍ਰਹਿ ਸਿਖ਼ਰ ਤੇ ਸੀ। ਵਾਇਕੋਮ ਸ਼ਹਿਰ ਵਿੱਚ ਇੱਕ ਮੰਦਿਰ ਦੇ ਪੁਜਾਰੀਆਂ ਵਲੋਂ ਮੰਦਿਰ ਦੇ ਨਾਲ ਲੱਗਦੀ ਸੜਕ ਉੱਤੋਂ ਦਲਿਤਾਂ ਦਾ ਲਾਂਘਾ ਬੰਦ ਕਰਨ ਦਾ ਫ਼ੈਸਲਾ ਲਿਆ ਗਿਆ ਸੀ। ਤ੍ਰਾਵਣਕੋਰ ਵਿੱਚ ਸਭ ਜਾਤਾਂ-ਧਰਮਾਂ ਦੇ ਲੋਕ ਇਸ ਫ਼ੈਸਲੇ ਦੇ ਵਿਰੋਧ ਵਿੱਚ ਉੱਤਰ ਆਏ ਸਨ। ਉਹ ਮੰਗ ਕਰ ਰਹੇ ਸਨ ਕਿ ਹਰ ਹਿੰਦੂ ਨੂੰ ਜਾਤ-ਪਾਤ ਦੇ ਭੇਦ-ਭਾਵ ਤੋਂ ਬਿਨ੍ਹਾਂ ਮੰਦਿਰਾਂ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਸ ਅੰਦੋਲਨ ਦੀ ਅਗਵਾਈ ਟੀ.ਕੇ. ਮਾਧਵਨ, ਕੇ. ਕੇਲੱਪਨ ਅਤੇ ਕੇ.ਪੀ. ਕੇਸ਼ਵਮੈਨਨ ਨੇ ਕੀਤੀ। ਉਸ ਸਮੇਂ ਗਾਂਧੀ ਜੀ ਵਾਇਕੋਮ ਦੌਰੇ ਤੇ ਆਏ। 13 ਮਾਰਚ, 1925 ਨੂੰ ਉਨ੍ਹਾਂ ਨੇ ਇਸ ਸਬੰਧ ਵਿੱਚ ਤ੍ਰਾਵਣਕੋਰ ਦੀ ਮਹਾਰਾਣੀ ਸੇਤੂ ਲਕਸ਼ਮੀਬਾਈ ਨਾਲ ਮੁਲਾਕਾਤ ਕੀਤੀ। 23 ਨਵੰਬਰ, 1925 ਨੂੰ ਵਾਇਕੋਮ ਦੇ ਮੰਦਿਰ ਦੇ ਪੂਰਬੀ ਗੇਟ ਤੋਂ ਇਲਾਵਾ ਸਾਰੇ ਰਸਤੇ ਪੱਛੜੇ ਵਰਗਾਂ ਲਈ ਖੋਹਲ ਦਿੱਤੇ ਗਏ। ਤਿੰਨ ਸਾਲ ਬਾਅਦ ਮਹਾਰਾਣੀ ਵਲੋਂ ਸਾਰੇ ਹਿੰਦੂਆਂ ਨੂੰ ਤ੍ਰਾਵਣਕੋਰ ਦੇ ਸਾਰੇ ਮੰਦਿਰਾਂ ਨੇੜਲੇ ਰਸਤਿਆਂ ਵਿੱਚੋਂ ਲੰਘਣ ਦਾ ਹੱਕ ਦਿੱਤੇ ਜਾਣ ਦਾ ਐਲਾਨ ਕਰ ਦਿੱਤਾ ਗਿਆ। ਗਾਂਧੀ ਜੀ ਦੇ ਵਾਇਕੋਮ ਦੌਰੇ ਨੇ ਨੌਜਵਾਨਾਂ ਉੱਪਰ ਡੂੰਘਾ ਪ੍ਰਭਾਵ ਛੱਡਿਆ। ਅੰਨਾ ਮਣੀ ਵੀ ਉਨ੍ਹਾਂ ਤੋਂ ਪ੍ਰਭਾਵਿਤ ਹੋਈ।

ਆਉਂਦੇ ਸਾਲਾਂ ਦੌਰਾਨ ਨੈਸ਼ਨਲਿਸਟ ਮੂਵਮੈਂਟ ਜ਼ੋਰ ਫੜ ਗਈ। ਅੰਨਾ ਮਣੀ ਦਾ ਝੁਕਾਅ ਰਾਸ਼ਟਰਵਾਦੀ ਰਾਜਨੀਤੀ ਵੱਲ ਹੋ ਗਿਆ। ਭਾਵੇਂ ਉਸ ਨੇ ਕਿਸੇ ਵਿਸ਼ੇਸ਼ ਅੰਦੋਲਨ ਵਿੱਚ ਹਿੱਸਾ ਨਹੀਂ ਲਿਆ ਪ੍ਰੰਤੂ ਆਪਣੇ ਸਮਰਥਨ ਦਾ ਪ੍ਰਗਟਾਵਾ ਕਰਨ ਲਈ ਉਸ ਨੇ ਖਾਦੀ ਦੇ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ ਸਨ। ਰਾਸ਼ਟਰਵਾਦ ਦੀ ਤੀਬਰ ਭਾਵਨਾ ਨੇ ਉਸ ਦੇ ਅੰਦਰ ਅਤਿ ਲੋੜੀਂਦੀ ਵਿਅਕਤੀਗਤ ਅਜ਼ਾਦੀ ਲਈ ਲੜਨ ਦਾ ਜਜ਼ਬਾ ਭਰ ਦਿੱਤਾ ਸੀ। ਆਪਣੀਆਂ ਭੈਣਾਂ ਦੀ ਤਰ੍ਹਾਂ ਜਲਦੀ ਵਿਆਹ ਕਰਵਾਉਣ ਦੀ ਬਜਾਇ ਉਸਨੇ ਪੜ੍ਹਾਈ ਅਗਾਂਹ ਜਾਰੀ ਰੱਖਣ ਦਾ ਫੈਸਲਾ ਕੀਤਾ। ਭਾਵੇਂ ਉਸ ਦੇ ਪਰਿਵਾਰ ਨੇ ਕੋਈ ਵਿਰੋਧ ਨਹੀਂ ਕੀਤਾ ਪ੍ਰੰਤੂ ਉਤਸ਼ਾਹਿਤ ਵੀ ਨਹੀਂ ਕੀਤਾ। ਅੰਨਾ ਮਣੀ ਨੇ ਸਾਰੀ ਉਮਰ ਹੀ ਵਿਆਹ ਨਹੀਂ ਕਰਵਾਇਆ।

ਸ਼ੁਰੂ ਵਿੱਚ ਉਸ ਦੀ ਇੱਛਾ ਡਾਕਟਰੀ ਦੀ ਪੜ੍ਹਾਈ ਕਰਨ ਦੀ ਸੀ ਪ੍ਰੰਤੂ ਬਾਅਦ ਵਿੱਚ ਉਸ ਨੇ ਭੌਤਿਕ ਵਿਗਿਆਨ (ਸ਼ੀਖਤਜਫਤ) ਪੜ੍ਹਨ ਦਾ ਮਨ ਬਣਾ ਲਿਆ। ਉਸ ਨੇ ਮਦਰਾਸ ਦੇ ਪ੍ਰੈਜ਼ੀਡੈਂਸੀ ਕਾਲਜ ਵਿੱਚ ਫ਼ਿਜ਼ਿਕਸ ਦੇ ਆਨਰਜ਼ ਪ੍ਰੋਗਰਾਮ ਵਿੱਚ ਦਾਖ਼ਲਾ ਲੈ ਲਿਆ ਜਿੱਥੋਂ ਉਸ ਨੇ 1939 ਈ. ਵਿੱਚ ਫ਼ਿਜ਼ਿਕਸ ਆਨਰਜ਼ ਦੀ ਡਿਗਰੀ ਹਾਸਿਲ ਕੀਤੀ। ਇਸ ਉਪਰੰਤ ਇੱਕ ਸਾਲ ਬਾਅਦ 1940 ਈ. ਵਿੱਚ ਉਸ ਨੂੰ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ ਵਿੱਚ ਫ਼ਿਜ਼ਿਕਸ ਦੇ ਖੇਤਰ ਵਿੱਚ ਖੋਜ-ਕਾਰਜ ਕਰਨ ਲਈ ਸਕਾਲਰਸ਼ਿਪ ਹਾਸਿਲ ਹੋਇਆ।

ਜਿੱਥੇ ਉਸ ਨੂੰ ਗ੍ਰੈਜੂਏਟ ਸਟੂਡੈਂਟ ਵਜੋਂ ਡਾ. ਸੀ.ਵੀ. ਰਮਨ ਦੀ ਪ੍ਰਯੋਗਸ਼ਾਲਾ ਵਿਚ ਕੰਮ ਕਰਨ ਲਈ ਪ੍ਰਵਾਨਗੀ ਮਿਲ ਗਈ। ਇੱਥੇ ਉਸ ਨੇ ਹੀਰੇ ਅਤੇ ਮਾਣਕ ਦੀ ਸਪੈਕਟ੍ਰੋਸਕੋਪੀ ਉੱਤੇ ਖੋਜ-ਕਾਰਜ ਕੀਤਾ।ਉਸ ਸਮੇਂ ਡਾ. ਰਮਨ ਦਾ ਮੈਕਸ ਬੌਰਨ ਨਾਲ ਕਰਿਸਟਲ ਡਾਇਨਾਮਿਕਸ ਵਿਸ਼ੇ ਅਤੇ ਕੈਥਲੀਨ ਲੌਂਸਡੇਲ ਨਾਲ ਹੀਰੇ ਦੀ ਬਣਤਰ ਵਿਸ਼ੇ ਉੱਤੇ ਤਕਰਾਰ ਚੱਲ ਰਿਹਾ ਸੀ, ਜਿਸ ਕਰਕੇ ਉਸ ਦੀ ਪ੍ਰਯੋਗਸ਼ਾਲਾ ਵਿੱਚ ਹੀਰਿਆਂ ਦੀ ਰੀਸਰਚ ਦਾ ਕੰਮ ਜ਼ੋਰਾਂ ਤੇ ਚੱਲ ਰਿਹਾ ਸੀ। ਉਸ ਕੋਲ 300 ਦੇ ਕਰੀਬ ਭਾਰਤੀ ਅਤੇ ਅਫ਼ਰੀਕਨ ਹੀਰਿਆਂ ਦਾ ਭੰਡਾਰ ਸੀ। ਉਸ ਦੇ ਸਾਰੇ ਹੀ ਵਿਦਿਆਰਥੀ ਹੀਰਿਆਂ ਦੇ ਕਿਸੇ ਨਾ ਕਿਸੇ ਪਹਿਲੂ ਉੱਤੇ ਖੋਜ ਕਰ ਰਹੇ ਸਨ। ਅੰਨਾ ਮਣੀ ਨੇ 30 ਤੋਂ ਵੱਧ ਹੀਰਿਆਂ ਦੀ ਫਲੋਰੇਸੈਂਸ, ਅਬਜ਼ੌਰਪਸ਼ਨ, ਰਮਨ ਸਪੈਕਟਰਾ, ਤਾਪ ਪ੍ਰਭਾਵ ਅਤੇ ਪੋਲਰਾਈਜ਼ੇਸ਼ਨ ਇਫੈਕਟਸ ਬਾਰੇ ਅਧਿਐਨ ਕੀਤਾ। ਇਨ੍ਹਾਂ ਨਾਲ ਸਬੰਧਿਤ ਪ੍ਰਯੋਗ ਬਹੁਤ ਲੰਬੇ ਅਤੇ ਕਠਿਨ ਹੁੰਦੇ ਸਨ।ਫੋਟੋਗ੍ਰਾਫਿਕ ਪਲੇਟਾਂ ਉੱਤੇ ਸਪੈਕਟ੍ਰਮ ਰਿਕਾਰਡ ਕਰਨ ਲਈ ਹੀਰਿਆਂ ਨੂੰ 15 ਤੋਂ 20 ਘੰਟਿਆਂ ਤੱਕ ਪ੍ਰਕਾਸ਼ ਵਿੱਚ ਰੱਖਣਾ ਪੈਂਦਾ ਸੀ। ਇਸ ਲਈ ਅੰਨਾ ਨੂੰ ਕਈ ਵਾਰੀ ਰਾਤ-ਰਾਤ ਭਰ ਪ੍ਰਯੋਗਸ਼ਾਲਾ ਵਿੱਚ ਹੀ ਰੁਕਣਾ ਪੈਂਦਾ ਸੀ।

ਹੀਰਿਆਂ ਅਤੇ ਮਾਣਕਾਂ ਉੱਤੇ 1942-1945 ਦਰਮਿਆਨ ਕੀਤੇ ਖੋਜ-ਕਾਰਜਾਂ ਦੇ ਅਧਾਰ ਉੱਤੇ ਉਸ ਨੇ ਪੰਜ ਖੋਜ ਪੱਤਰ ਲਿਖੇ। ਅਗਸਤ 1945 ਵਿੱਚ ਉਸ ਨੇ ਆਪਣਾ ਥੀਸਿਸ ਪੀਐੱਚ.ਡੀ. (ਸ਼।ਣ।) ਦੀ ਡਿਗਰੀ ਵਾਸਤੇ ਮਦਰਾਸ ਯੂਨੀਵਰਸਿਟੀ ਨੂੰ ਸੌਂਪਿਆ। ਉਸ ਨੂੰ ਇੰਗਲੈਂਡ ਵਿੱਚ ਇੰਟਰਨਸ਼ਿਪ ਕਰਨ ਲਈ ਗੌਰਮਿੰਟ ਸਕਾਲਰਸ਼ਿਪ ਤਾਂ ਹਾਸਿਲ ਹੋ ਗਿਆ ਪ੍ਰੰਤੂ ਉਸ ਨੂੰ ਪੀਐੱਚ.ਡੀ. ਦੀ ਡਿਗਰੀ ਹਾਸਿਲ ਨਹੀਂ ਹੋ ਸਕੀ। ਮਦਰਾਸ ਯੂਨੀਵਰਸਿਟੀ ਵੱਲੋਂ ਇਹ ਪੱਖ ਰੱਖਿਆ ਗਿਆ ਕਿ ਅੰਨਾ ਮਣੀ ਕੋਲ ਐਮ.ਐਸਸੀ. ਦੀ ਡਿਗਰੀ ਨਹੀਂ ਹੈ, ਇਸ ਕਰਕੇ ਉਸ ਨੂੰ ਪੀਐੱਚ.ਡੀ. ਦੀ ਡਿਗਰੀ ਨਹੀਂ ਦਿੱਤੀ ਜਾ ਸਕਦੀ। ਹਾਲਾਂਕਿ ਉਸ ਸਮੇਂ ਮਦਰਾਸ ਯੂਨੀਵਰਸਿਟੀ ਦੁਆਰਾ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਦੇ ਅਧਾਰ ਤੇ ਬਾਕਾਇਦਾ ਡਿਗਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਸਨ, ਪ੍ਰੰਤੂ ਅੰਨਾ ਦੇ ਕੀਤੇ ਕਾਰਜ ਨੂੰ ਮਾਨਤਾ ਨਾ ਦਿੱਤੀ ਗਈ। ਇਸ ਗੱਲ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਗਿਆ ਕਿ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਗ੍ਰੈਜੂਏਸ਼ਨ ਕਰਨ ਵਾਸਤੇ ਉਸ ਨੂੰ ਅੰਡਰ-ਗ੍ਰੈਜੂਏਟ ਡਿਗਰੀ ਦੇ ਅਧਾਰ ਤੇ ਸਕਾਲਰਸ਼ਿਪ ਹਾਸਿਲ ਹੋਇਆ ਸੀ। ਅੰਨਾ ਮਣੀ ਨੇ ਇਸ ਬੇਇਨਸਾਫ਼ੀ ਵਿਰੁੱਧ ਕੋਈ ਗਿਲਾ-ਸ਼ਿਕਵਾ ਨਾ ਕੀਤਾ। ਪੀਐੱਚ.ਡੀ. ਦੀ ਡਿਗਰੀ ਹਾਸਿਲ ਨਾ ਹੋ ਸਕਣ ਨਾਲ ਉਹ ਨਿਰਉਤਸ਼ਾਹਿਤ ਵੀ ਨਹੀਂ ਹੋਈ। ਉਸ ਦਾ ਥੀਸਿਸ ਅੱਜ ਵੀ ਰਮਨ ਰੀਸਰਚ ਇੰਸਟੀਚਿਊਟ ਵਿੱਚ ਹੋਰ ਥੀਸਿਸ ਦਰਮਿਆਨ ਸਨਮਾਨਪੂਰਵਕ ਸੁਸ਼ੋਭਿਤ ਹੈ। ਉੱਥੇ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਸ ਥੀਸਿਸ ਤੋਂ ਅੰਨਾ ਨੂੰ ਪੀਐੱਚ.ਡੀ. ਦੀ ਡਿਗਰੀ ਹਾਸਿਲ ਨਹੀਂ ਹੋ ਸਕੀ ਸੀ।

ਡਾ. ਰਮਨ ਦੀ ਪ੍ਰਯੋਗਸ਼ਾਲਾ ਵਿੱਚੋਂ ਆਪਣਾ ਰੀਸਰਚ ਵਰਕ ਸਮੇਟ ਕੇ ਉਹ ਇੰਗਲੈਂਡ ਲਈ ਰਵਾਨਾ ਹੋ ਗਈ। ਇੱਥੇ ਉਹ ਇੰਪੀਰੀਅਲ ਕਾਲਜ, ਲੰਦਨ ਆ ਗਈ। ਭਾਵੇਂ ਉਸ ਦੀ ਪਹਿਲੀ ਤਰਜੀਹ ਭੌਤਿਕ ਵਿਗਿਆਨ ਵਿੱਚ ਰੀਸਰਚ ਕਰਨ ਲਈ ਹੀ ਸੀ ਪ੍ਰੰਤੂ ਉਸ ਨੂੰ ਮੌਸਮ ਵਿਗਿਆਨ ਉਪਕਰਣਾਂ ਵਿੱਚ ਰੀਸਰਚ ਕਰਨ ਦਾ ਫ਼ੈਸਲਾ ਲੈਣਾ ਪਿਆ ਕਿਉਂਕਿ ਉਸ ਸਮੇਂ ਉਸ ਲਈ ਇੰਟਰਨਸ਼ਿਪ ਵਾਸਤੇ ਕੇਵਲ ਇਹੀ ਵਿਕਲਪ ਮੌਜੂਦ ਸੀ।

ਇੰਪੀਰੀਅਲ ਕਾਲਜ, ਲੰਦਨ ਤੋਂ ਮੌਸਮ ਵਿਗਿਆਨ ਉਪਕਰਣਾਂ ਵਿੱਚ ਵਿਸ਼ਿਸ਼ਟਤਾ ਹਾਸਿਲ ਕਰਕੇ 1948 ਈ. ਵਿੱਚ ਉਹ ਅਜ਼ਾਦ ਭਾਰਤ ਵਿੱਚ ਵਾਪਿਸ ਪਰਤੀ। ਉਸ ਨੇ ਪੂਨਾ ਸਥਿਤ ਭਾਰਤ ਮੌਸਮ ਵਿਗਿਆਨ ਵਿਭਾਗ ਵਿੱਚ ਜੁਆਇਨ ਕਰ ਲਿਆ। ਇੱਥੇ ਉਸ ਨੂੰ ਵਿਕਿਰਣ ਉਪਕਰਣਾਂ ਦੇ ਨਿਰਮਾਣ ਦੀ ਇੰਚਾਰਜ ਬਣਾ ਦਿੱਤਾ ਗਿਆ। ਉਸ ਸਮੇਂ ਮੌਸਮ ਮਾਪਣ ਦੇ ਛੋਟੇ ਤੋਂ ਛੋਟੇ ਉਪਕਰਣ ਵੀ ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਸਨ। ਉਹ ਇਸ ਮਾਮਲੇ ਵਿੱਚ ਭਾਰਤ ਨੂੰ ਸਵੈ-ਨਿਰਭਰ ਬਣਾਉਣਾ ਚਾਹੁੰਦੀ ਸੀ। ਉਸ ਨੇ ਜੋ ਵੀ ਸਾਧਨ ਉਪਲਬਧ ਸਨ, ਉਨ੍ਹਾਂ ਨਾਲ ਹੀ ਕੰਮ ਚਲਾਉਣ ਦੀ ਠਾਣ ਲਈ। ਉਸ ਨੇ ਮੌਸਮ ਵਿਗਿਆਨ ਸਬੰਧੀ ਲੱਗਭਗ 100 ਉਪਕਰਣਾਂ ਦੀਆਂ ਡਰਾਇੰਗਾਂ ਦਾ ਮਿਆਰੀਕਰਨ ਕੀਤਾ ਅਤੇ ਉਤਪਾਦਨ ਸ਼ੁਰੂ ਕਰ ਦਿੱਤਾ। 1953 ਈ. ਤੱਕ ਉਹ ਆਪਣੇ ਅਧੀਨ ਕੰਮ ਕਰਨ ਵਾਲੇ 121 ਵਿਅਕਤੀਆਂ ਦੀ ਡਿਵੀਜ਼ਨ ਦੀ ਮੁਖੀ ਬਣ ਚੁੱਕੀ ਸੀ। ਉਸ ਸਮੇਂ ਦੇ ਭਾਰਤ ਵਿੱਚ ਇਹ ਸਥਿਤੀ ਸਧਾਰਣ ਨਹੀਂ ਸੀ। ਸਾਧਨ ਸੀਮਿਤ ਹੋਣ ਦੇ ਬਾਵਜੂਦ ਉਸ ਨੇ ਕਦੇ ਗੁਣਵੱਤਾ ਨਾਲ ਸਮਝੌਤਾ ਨਹੀਂ ਕੀਤਾ ਸੀ ਅਤੇ ਇਹੀ ਪ੍ਰੇਰਣਾ ਉਹ ਆਪਣੇ ਅਧੀਨ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਦਿੰਦੀ ਸੀ।

ਅੰਤਰ-ਰਾਸ਼ਟਰੀ ਭੂ-ਭੌਤਿਕੀ ਵਰ੍ਹੇ (ਇੰਟਰਨੈਸ਼ਨਲ ਜਿਓਫਿਜ਼ੀਕਲ ਯੀਅਰ) 1957-58 ਦੌਰਾਨ ਉਸ ਨੇ ਭਾਰਤ ਵਿੱਚ ਸੂਰਜੀ ਵਿਕਿਰਣਾਂ ਨੂੰ ਮਾਪਣ ਵਾਲੇ ਸਟੇਸ਼ਨਾਂ ਦਾ ਜਾਲ ਵਿਛਾ ਦਿੱਤਾ। ਉਸ ਨੇ ਓਜ਼ੋਨ ਮਾਪਣ ਵਾਲੇ ਯੰਤਰ 'ਓਜ਼ੋਨਸੌਂਡ' ਦਾ ਨਿਰਮਾਣ ਕੀਤਾ, ਜਿਸ ਕਰਕੇ ਭਾਰਤ ਅਜਿਹਾ ਯੰਤਰ ਰੱਖਣ ਵਾਲੇ ਗਿਣੇ-ਚੁਣੇ ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ। ਅੰਨਾ ਮਣੀ ਦੇ ਇਸ ਮਹੱਤਵਪੂਰਣ ਯੋਗਦਾਨ ਕਰਕੇ ਉਸਨੂੰ ਇੰਟਰਨੈਸ਼ਨਲ ਓਜ਼ੋਨ ਕਮਿਸ਼ਨ ਦੀ ਮੈਂਬਰ ਬਣਾ ਦਿੱਤਾ ਗਿਆ।

1963 ਈ. ਵਿੱਚ ਵਿਕਰਮ ਸਾਰਾਭਾਈ ਦੀ ਮੰਗ ਉੱਤੇ ਉਸ ਨੇ ਥੁੰਬਾ ਰਾਕਟ ਲਾਂਚਿੰਗ ਫੈਸਿਲਿਟੀ ਵਿਖੇ ਇੱਕ ਮੌਸਮ ਵਿਗਿਆਨ ਨਿਰੀਖਣ ਕੇਂਦਰ ਅਤੇ ਇੱਕ ਇੰਸਟਰੂਮੈਂਟੇਸ਼ਨ ਟਾਵਰ ਸਫ਼ਲਤਾਪੂਰਵਕ ਸਥਾਪਿਤ ਕੀਤੇ। ਰਾਕਟ ਲਾਂਚਿੰਗ ਸਟੇਸ਼ਨਾਂ ਉੱਤੇ ਮੌਸਮ ਦਾ ਨਿਰੀਖਣ ਕਰਨ ਅਤੇ ਹਵਾ ਦਾ ਵੇਗ ਜਾਣਨ ਦੀ ਸਹੂਲਤ ਦਾ ਮੌਜੂਦ ਹੋਣਾ ਅਤਿ ਲਾਜ਼ਮੀ ਹੁੰਦਾ ਹੈ। ਇੰਸਟਰੂਮੈਂਟੇਸ਼ਨ ਟਾਵਰਾਂ ਉੱਤੇ ਹਵਾ ਦਾ ਵੇਗ ਮਾਪਣ ਅਤੇ ਮੌਸਮ ਦੇ ਨਿਰੀਖਣ ਨਾਲ ਸਬੰਧਿਤ ਉਪਕਰਣ ਸਥਾਪਿਤ ਕੀਤੇ ਜਾਂਦੇ ਹਨ।

1976 ਈ. ਵਿੱਚ ਉਹ ਭਾਰਤੀ ਮੌਸਮ ਵਿਗਿਆਨ ਵਿਭਾਗ ਵਿੱਚੋਂ ਡਿਪਟੀ ਡਾਇਰੈਕਟਰ ਜਨਰਲ ਵਜੋਂ ਰਿਟਾਇਰ ਹੋਈ। ਇਸ ਉਪਰੰਤ ਤਿੰਨ ਸਾਲ ਉਸ ਨੇ ਰਮਨ ਰੀਸਰਚ ਇੰਸਟੀਚਿਊਟ ਵਿੱਚ ਵਿਜ਼ਿਟਿੰਗ ਪ੍ਰੋਫੈਸਰ ਵਜੋਂ ਸੇਵਾਵਾਂ ਦਿੱਤੀਆਂ। ਬਾਅਦ ਵਿੱਚ ਉਸ ਨੇ ਬੰਗਲੌਰ ਦੀਆਂ ਨੰਦੀ ਪਹਾੜੀਆਂ ਉੱਤੇ ਇੱਕ ਮਿਲੀਮੀਟਰ-ਤਰੰਗ ਦੂਰਬੀਨ ਸਥਾਪਿਤ ਕੀਤੀ। ਆਪਣੇ ਕੰਮ ਨੂੰ ਸਮਰਪਿਤ ਹੁੰਦਿਆਂ ਅੰਨਾ ਮਣੀ ਨੇ ਉਮਰ ਭਰ ਵਿਆਹ ਨਹੀਂ ਕਰਵਾਇਆ। ਉਸ ਨੇ ਕਦੇ ਵੀ ਲਿੰਗ ਭੇਦ ਨੂੰ ਆਪਣੇ ਕੰਮ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ। ਪ੍ਰੰਤੂ ਉਸ ਨੂੰ ਇਸ ਗੱਲ ਦਾ ਅਹਿਸਾਸ ਬਾਖ਼ੂਬੀ ਸੀ ਕਿ ਉਸ ਦੁਆਰਾ ਜਾਂ ਕਿਸੇ ਹੋਰ ਮਹਿਲਾ ਵਿਗਿਆਨੀ ਦੁਆਰਾ ਕੀਤੀ ਗਈ ਨਿੱਕੀ ਜਿਹੀ ਗ਼ਲਤੀ ਨੂੰ ਵੀ ਪੁਰਸ਼ ਵਿਗਿਆਨੀਆਂ ਦੁਆਰਾ ਤੁਰੰਤ ਔਰਤਾਂ ਦੀ ਅਸਮਰਥਤਾ ਜਾਂ ਨਾਲਾਇਕੀ ਦੀ ਨਿਸ਼ਾਨੀ ਸਮਝ ਲਿਆ ਜਾਵੇਗਾ। ਅੰਨਾ ਮਣੀ ਵਿਗਿਆਨਕ ਪਹਿਲੂਆਂ ਦੇ ਆਧੁਨਿਕੀਕਰਣ, ਰਾਸ਼ਟਰਵਾਦ ਅਤੇ ਲਿੰਗੀ ਵਿਚਾਰਧਾਰਾ ਦੇ ਸੁਮੇਲ ਦੀ ਨੁਮਾਇੰਦਗੀ ਕਰਦੀ ਹੈ। ਉਹਦੇ ਵਰਗੀ ਸਫ਼ਲਤਾ ਵਿਰਲੀਆਂ ਔਰਤਾਂ ਦੇ ਹਿੱਸੇ ਹੀ ਆਈ ਹੈ। ਬੰਗਲੌਰ ਦੇ ਉਦਯੋਗਿਕ ਖੇਤਰ ਵਿੱਚ ਉਸ ਨੇ ਇੱਕ ਛੋਟੀ ਜਿਹੀ ਫੈਕਟਰੀ ਲਗਾਈ ਜਿਸ ਵਿੱਚ ਹਵਾ ਦਾ ਵੇਗ ਅਤੇ ਸੂਰਜੀ ਊਰਜਾ ਮਾਪਣ ਵਾਲੇ ਉਪਕਰਣਾਂ ਦਾ ਉਤਪਾਦਨ ਕੀਤਾ ਜਾਂਦਾ ਸੀ। ਉਸ ਨੂੰ ਉਮੀਦ ਸੀ ਕਿ ਉਸ ਦੀ ਫੈਕਟਰੀ ਵਿੱਚ ਤਿਆਰ ਕੀਤੇ ਜਾਣ ਵਾਲੇ ਉਪਕਰਣ ਦੇਸ਼ ਅੰਦਰ ਪੌਣ ਊਰਜਾ ਅਤੇ ਸੂਰਜੀ ਊਰਜਾ ਦੇ ਉਪਯੋਗ ਸਬੰਧੀ ਕਿਰਿਆਵਾਂ ਦੇ ਵਿਕਾਸ ਵਿੱਚ ਮਦਦਗਾਰ ਸਾਬਿਤ ਹੋਣਗੇ। ਜੇ ਅੱਜ ਭਾਰਤ ਸੂਰਜੀ ਊਰਜਾ ਅਤੇ ਪੌਣ ਊਰਜਾ ਦੇ ਫਾਰਮ ਲਗਾਉਣ ਦੀ ਦੌੜ ਵਿੱਚ ਮੋਹਰਲੀ ਕਤਾਰ ਵਿੱਚ ਹੈ ਤਾਂ ਇਸ ਵਿੱਚ ਅੰਨਾ ਮਣੀ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਜਦੋਂ ਅੰਨਾ ਮਣੀ ਫੈਕਟਰੀ ਦੇ ਦਰਵਾਜ਼ੇ ਅੰਦਰ ਦਾਖ਼ਲ ਹੁੰਦੀ ਸੀ ਤਾਂ ਕਰੀਬ 30 ਕਾਮੇ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਆਦਮੀ ਸਨ, ਅਦਬ ਨਾਲ ਉੱਠ ਕੇ ਖੜ੍ਹੇ ਹੋ ਜਾਂਦੇ ਸਨ ਜਿਵੇਂ ਵਿਦਿਆਰਥੀ ਆਪਣੇ ਅਧਿਆਪਕ ਦਾ ਸਵਾਗਤ ਸੀਟਾਂ ਤੋਂ ਉੱਠ ਕੇ ਕਰਦੇ ਹਨ। ਇਹ ਲਿੰਗੀ ਭੂਮਿਕਾਵਾਂ ਦਾ ਲੱਗਭਗ ਮੁਕੰਮਲ ਪਲਟਾ ਸੀ। 1993 ਈ. ਵਿੱਚ ਉਸ ਨੇ ਪੌਣ ਊਰਜਾ ਨੂੰ ਉਪਯੋਗ ਵਿੱਚ ਲਿਆਉਣ ਲਈ ਇੱਕ ਪ੍ਰੋਜੈਕਟ ਉੱਤੇ ਕੰਮ ਕੀਤਾ।

ਉਹ ਬਹੁਤ ਸਾਰੀਆਂ ਵਿਗਿਆਨਕ ਸੰਸਥਾਵਾਂ ਨਾਲ ਜੁੜੀ ਹੋਈ ਸੀ ਜਿਵੇਂ: ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ ਅਮਰੀਕਨ ਮੀਟੀਓਰੋਲੋਜੀਕਲ ਸੋਸਾਇਟੀ, ਇੰਟਰਨੈਸ਼ਨਲ ਓਜ਼ੋਨ ਕਮਿਸ਼ਨ, ਇੰਟਰਨੈਸ਼ਨ ਸੋਲਰ ਐਨਰਜੀ ਸੋਸਾਇਟੀ, ਵਰਲਡ ਮੀਟੀਓਰੋਲੋਜੀਕਲ ਆਰਗੇਨਾਈਜੇਸ਼ਨ ਆਦਿ। 1987

**(ਬਾਕੀ ਅਗਲੇ ਸਫੇ 'ਤੇ)**

# ਮੌਸਮ ਵਿਗਿਆਨ ਦੀ ਨਾਇਕਾ - ਅੰਨਾ ਮਣੀ

(ਸਫਾ 34 ਦੀ ਬਾਕੀ)

ਈ. ਵਿੱਚ ਉਸ ਨੂੰ ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ ਦਾ ਕੇ.ਆਰ. ਰਾਮਾਨਾਥਨ ਮੈਡਲ ਹਾਸਿਲ ਹੋਇਆ।

ਵਾਯੂਮੰਡਲੀ ਓਜ਼ੋਨ ਤੋਂ ਲੈ ਕੇ ਉਪਕਰਣਾਂ ਦੀ ਅੰਤਰਰਾਸ਼ਟਰੀ ਪੱਧਰ ਤੇ ਤੁਲਨਾ ਦੀ ਜ਼ਰੂਰਤ ਅਤੇ ਮੌਸਮ ਵਿਗਿਆਨ ਸਬੰਧੀ ਉਪਕਰਣਾਂ ਦੇ ਮਿਆਰੀਕਰਨ ਤੱਕ ਵਿਸ਼ਿਆਂ ਉੱਤੇ ਉਸ ਨੇ ਬਹੁਤ ਸਾਰੇ ਖੋਜ ਪੇਪਰ ਲਿਖੇ। ਉਸ ਦੀਆਂ ਦੋ ਪੁਸਤਕਾਂ: 'The Handbook for Solar Radiation Data for India (1980)' ਅਤੇ Solar Radiation over India' (1981) ਪ੍ਰਕਾਸ਼ਿਤ ਹੋਈਆਂ ਜੋ ਸੂਰਜੀ ਊਰਜਾ ਤੇ ਕੰਮ ਕਰਨ ਵਾਲੇ ਇੰਜੀਨੀਅਰਾਂ ਲਈ ਮਿਆਰੀ ਸੰਦਰਭ ਪੁਸਤਕਾਂ ਸਾਬਿਤ ਹੋਈਆਂ।

ਆਪਣੇ ਯੂਨੀਵਰਸਿਟੀ ਦੇ ਦਿਨਾਂ ਬਾਰੇ ਯਾਦ ਕਰਦੀ ਉਹ ਦੱਸਦੀ ਸੀ, "ਉਨ੍ਹਾਂ ਦਿਨਾਂ ਵਿੱਚ ਅਸੀਂ ਕੇਵਲ ਖੱਬੇ-ਪੱਖੀਆਂ ਦੀ ਹੀ ਇੱਜ਼ਤ ਕਰਦੇ ਸਾਂ"। ਗ੍ਰੈਜੂਏਸ਼ਨ ਦੌਰਾਨ ਉਸ ਦਾ ਝੁਕਾਅ ਸਮਾਜਵਾਦੀ ਰਾਜਨੀਤੀ ਵੱਲ ਹੋ ਗਿਆ ਸੀ। ਉਹ ਖੱਬੇ-ਪੱਖੀ ਲੋਕਾਂ ਨਾਲ ਜੁੜ ਗਈ ਸੀ ਅਤੇ ਸਮਾਜਵਾਦੀ ਸਾਹਿਤ ਪੜ੍ਹਕੇ ਜਾਗਰੂਕ ਮਹਿਸੂਸ ਕਰਦੀ ਸੀ।

ਜਿਸ ਦੌਰ ਵਿੱਚ ਭਾਰਤ ਵਿੱਚ ਮਹਿਲਾ ਭੌਤਿਕ ਵਿਗਿਆਨੀ ਉਂਗਲਾਂ ਤੇ ਗਿਣਨ ਮਾਤਰ ਸਨ, ਉਦੋਂ ਵੀ ਉਸ ਨੂੰ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਕੰਮ ਕਰਨਾ ਅਸਹਿਜ ਨਹੀਂ ਜਾਪਿਆ। ਇੱਕ ਮਹਿਲਾ ਵਿਗਿਆਨੀ ਹੁੰਦਿਆਂ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਭੇਦ-ਭਾਵ ਨੂੰ ਉਸ ਨੇ ਹਲਕੇ ਵਿੱਚ ਲਿਆ। ਅੰਨਾ ਮਣੀ ਦਾ ਕਹਿਣਾ ਸੀ, "ਆਪਣੀਆਂ ਅਕਾਦਮਿਕ ਯੋਗਤਾਵਾਂ ਹਾਸਿਲ ਕਰਨ ਲਈ ਮੈਂ ਸਖ਼ਤ ਮਿਹਨਤ ਕੀਤੀ ਸੀ ਅਤੇ ਮੈਨੂੰ ਕੰਮ ਕਰਨ ਦੇ ਲਾਇਕ ਸਮਝਿਆ ਗਿਆ, ਜੋ ਕਿ ਚਾਹੀਦਾ ਸੀ। ਇਹ ਪੁੱਛੇ ਜਾਣ ਤੇ ਕਿ ਉਸ ਦੇ ਔਰਤ ਹੋਣ ਦਾ ਉਸ ਦੇ ਕੰਮ ਉੱਤੇ ਕੋਈ ਪ੍ਰਭਾਵ ਰਿਹਾ ਜਾਂ ਨਹੀਂ, ਉਸ ਦਾ ਕਹਿਣਾ ਸੀ, "ਬੰਗਲੌਰ ਅਤੇ ਇੰਗਲੈਂਡ ਵਿੱਚ ਸਕਾਲਰਸ਼ਿਪ ਲਈ ਚੁਣਿਆ ਜਾਣਾ, ਇਸ ਦਾ ਲਿੰਗ ਭੇਦ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।" ਬੁਲੇਟਿਨ ਆਫ਼ ਦਾ ਵਰਲਡ ਮੀਟੀਓਰੋਲੋਜੀਕਲ ਆਰਗੇਨਾਈਜੇਸ਼ਨ ਨੂੰ ਦਿੱਤੇ ਇੱਕ ਇੰਟਰਵਿਊ ਦੌਰਾਨ ਅੰਨਾ ਮਣੀ ਨੇ ਕਿਹਾ, "ਮੇਰੇ ਵਾਸਤੇ, ਮੈਨੂੰ ਇਹ ਕਹਿਣਾ ਚਾਹੀਦਾ ਹੈ ਕਿ ਮੁੱਖ ਤੌਰ ਤੇ ਮਰਦਾਂ ਦੀ ਜਾਣੀ ਜਾਣ ਵਾਲੀ ਦੁਨੀਆਂ ਵਿੱਚ, ਇੱਕ ਔਰਤ ਹੋਣ ਦੇ ਨਾਤੇ ਮੇਰੇ ਨਾਲ ਪ੍ਰੋਫੈਸ਼ਨ ਵਿੱਚ ਕਦੇ ਵੀ ਵਿਤਕਰਾ ਨਹੀਂ ਹੋਇਆ।" ਉਸ ਦਾ ਇਸ ਤਰ੍ਹਾਂ ਕਹਿਣਾ ਉਸ ਦੀ ਹਾਂ-ਪੱਖੀ ਸੋਚ ਦੀ ਗਵਾਹੀ ਭਰਦਾ ਹੈ। ਭਾਵੇਂ ਉਸ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਲਿੰਗੀ ਵਿਤਕਰੇ ਦਾ ਖ਼ਮਿਆਜ਼ਾ ਜ਼ਰੂਰ ਭੁਗਤਣਾ ਪਿਆ, ਪ੍ਰੰਤੂ ਉਸ ਨੇ ਕਦੇ ਵੀ ਇਸ ਬਾਰੇ ਗਿਲਾ-ਸ਼ਿਕਵਾ ਨਹੀਂ ਕੀਤਾ।

'ਦ ਹਿੰਦੂ' ਅਖ਼ਬਾਰ ਵਿੱਚ ਲੇਖਿਕਾ ਆਭਾ ਸੂਰ ਲਿਖਦੀ ਹੈ ਕਿ ਜਦੋਂ ਉਸ ਨੇ ਅੰਨਾ ਮਣੀ ਨੂੰ ਸਮਾਜਿਕ ਮਾਹੌਲ ਅਤੇ ਸਾਥੀਆਂ ਵਲੋਂ ਮਿਲੇ ਸਹਿਯੋਗ ਬਾਰੇ ਪੁੱਛਿਆ ਤਾਂ ਇੱਕ ਗਹਿਰੀ ਸੱਟ ਅਤੇ ਨਰਾਜ਼ਗੀ ਦੀ ਝਲਕ ਨਜ਼ਰ ਆਈ। ਉਸ ਦਾ ਇੱਕ ਸਹਿਕਰਮੀ ਜਿਸ ਨੇ ਔਰਤਾਂ ਨੂੰ ਬਤੌਰ 'ਵਿਗਿਆਨੀ' ਅਤੇ ਬਤੌਰ 'ਔਰਤ' ਦੋਵੇਂ ਤਰ੍ਹਾਂ ਅਯੋਗ ਹੋਣ ਦਾ ਅਹਿਸਾਸ ਕਰਵਾਉਣ ਵਿੱਚ ਪੂਰੀ ਵਾਹ ਲਗਾ ਦਿੱਤੀ ਸੀ, ਉਸ ਬਾਰੇ ਜ਼ਿਕਰ ਕਰਦਿਆਂ ਉਹ ਬੋਲੀ, "ਉਹ ਇੱਕ ਨਿੰਦਣਯੋਗ ਇਨਸਾਨ ਸੀ।"

ਡਾ. ਸੀ.ਵੀ. ਰਮਨ ਆਪਣੀ ਪ੍ਰਯੋਗਸ਼ਾਲਾ ਵਿੱਚ ਕਰੜਾ ਲਿੰਗੀ ਪਾੜਾ ਰੱਖਦੇ ਸਨ। ਸਾਥੀਆਂ ਵਿਚਾਲੇ ਵਿਗਿਆਨਕ ਮੁੱਦਿਆਂ ਉੱਤੇ ਵਿਚਾਰ ਵਟਾਂਦਰੇ ਦੀ ਮਹੱਤਵਪੂਰਣ ਪ੍ਰਕਿਰਿਆ ਵਿੱਚ ਵੀ ਔਰਤਾਂ ਦੇ ਸ਼ਾਮਿਲ ਹੋਣ ਤੇ ਪਾਬੰਦੀ ਸੀ। ਪੁਰਸ਼ ਸਾਥੀਆਂ ਨਾਲ ਔਰਤਾਂ ਦੇ ਰਸਮੀ ਜਾਂ ਗ਼ੈਰਰਸਮੀ ਮੇਲਜੋਲ ਦੀ ਸਖ਼ਤ ਮਨਾਹੀ ਸੀ। ਡਾ. ਰਮਨ ਪੁਰਸ਼-ਇਸਤਰੀਆਂ ਦਰਮਿਆਨ ਗੱਲਬਾਤ ਦੇ ਬਿਲਕੁਲ ਹੱਕ ਵਿੱਚ ਨਹੀਂ ਸਨ। ਅੰਨਾ ਮਣੀ ਯਾਦ ਕਰਦੀ ਸੀ ਕਿ ਜਦੋਂ ਵੀ ਉਹ ਕਿਸੇ ਵਿਦਿਆਰਥੀ ਅਤੇ ਵਿਦਿਆਰਥਣ ਨੂੰ ਆਪਣੀ ਖਿੜਕੀ ਨੇੜਿਓਂ ਇਕੱਠੇ ਲੰਘਦਿਆਂ ਦੇਖਦੇ ਤਾਂ ਉਹ ਕਿਸ ਤਰ੍ਹਾਂ ਬੁੜਬੁੜਾਉਂਦੇ ਸਨ, "ਸ਼ਰਮਨਾਕ!" ਉਹ ਮਜ਼ਾਕ ਵਿੱਚ ਕਹਿੰਦੀ, "ਡਾ. ਰਮਨ ਕੋਲ ਜ਼ਰੂਰ ਕੋਈ ਅਲੌਕਿਕ ਗਿਆਨ ਹੋਵੇਗਾ ਜੋ ਉਨ੍ਹਾਂ ਨੂੰ ਮਾਈਕ੍ਰੋਸਕੋਪ ਤੇ ਝੁਕੇ ਹੋਇਆਂ ਨੂੰ ਵੀ ਮੁਜ਼ਰਿਮ ਜੋੜੇ ਦੀ ਝਲਕ ਦਿਸ ਹੀ ਜਾਂਦੀ ਸੀ।" ਇੱਕ ਹੋਰ ਘਟਨਾ ਉਸਨੂੰ ਯਾਦ ਸੀ। ਇੱਕ ਵਾਰੀ ਉਹ ਪ੍ਰਯੋਗਸ਼ਾਲਾ ਵਿੱਚ ਇੱਕ ਪੁਰਸ਼ ਸਹਿਕਰਮੀ ਨਾਗਮਣੀ ਨਾਲ ਗੱਲਾਂ ਕਰ ਰਹੀ ਸੀ। ਇੱਕ ਫ਼ਿਕਰਾ ਬੋਲਦਿਆਂ ਵਿਚਾਲੇ ਹੀ ਨਾਗਮਣੀ ਦੀ ਨਜ਼ਰ ਦੂਰੋਂ ਸਾਈਕਲ ਤੇ ਹੌਲ਼ੀ-ਹੌਲ਼ੀ ਉਨ੍ਹਾਂ ਵੱਲ ਆ ਰਹੇ ਡਾ. ਰਮਨ ਤੇ ਪੈ ਗਈ। ਨਾਗਮਣੀ ਪੀਲਾ ਪੈ ਗਿਆ ਅਤੇ ਜਿੰਨੀ ਤੇਜ਼ੀ ਨਾਲ ਹੋ ਸਕਦਾ ਸੀ, ਉੱਥੋਂ ਤਿੱਤਰ ਹੋ ਗਿਆ ਅਤੇ ਨਤੀਜਾ ਭੁਗਤਣ ਲਈ ਉਹਨੂੰ ਇਕੱਲੀ ਨੂੰ ਛੱਡ ਗਿਆ।

ਅੰਨਾ ਮਣੀ ਯਾਦ ਕਰਦੀ ਸੀ ਕਿਸ ਤਰ੍ਹਾਂ ਉਸ ਦੇ ਪੁਰਸ਼ ਸਹਿਕਰਮੀ ਅਤੇ ਖ਼ਾਸ ਕਰਕੇ ਉਨ੍ਹਾਂ ਦੀਆਂ ਪਤਨੀਆਂ ਆਪਣੇ ਘਰਾਂ ਵਿੱਚ ਉਸ ਦਾ ਨਿੱਘਾ ਸਵਾਗਤ ਕਰਦੀਆਂ ਸਨ। ਉਸ ਦੇ ਕਹਿਣ ਅਨੁਸਾਰ ਮੌਸਮ ਵਿਗਿਆਨ ਵਿਭਾਗ ਵਿੱਚ ਉਸ ਦ 134 ਸੁਪਰਵਾਈਜ਼ਰ ਰਹੇ ਵੈਂਕਟੇਸ਼ਵਰਨ ਦੀ ਪਤਨੀ ਇੱਕ ਦੇਵੀ ਵਾਂਗ ਸੀ। ਉਹ ਜ਼ਿਆਦਾ ਪੜ੍ਹੀ-ਲਿਖੀ ਤਾਂ ਨਹੀਂ ਸੀ, ਪਰੰਤੂ ਅਖੌਤੀ ਪੜ੍ਹੇ-ਲਿਖਿਆਂ ਨਾਲੋਂ ਵਧੇਰੇ ਫਰਾਖ਼ਦਿਲ ਸੀ। ਗ੍ਰੈਜੂਏਸ਼ਨ ਦੌਰਾਨ ਡਾ. ਸੀ.ਵੀ. ਰਮਨ ਦੀ ਪਤਨੀ ਦੀ ਅੰਨਾ ਮਣੀ ਨਾਲ ਐਨੀ ਜ਼ਿਆਦਾ ਨੇੜਤਾਈ ਹੋ ਗਈ ਸੀ ਕਿ ਉਹ ਉਸ ਨੂੰ ਆਪਣੀ ਬੇਟੀ ਦੀ ਤਰ੍ਹਾਂ ਹੀ ਸਮਝਦੀ ਸੀ। ਇੱਕ ਵਾਰ ਮਦਰਾਸ ਦੇ ਨੇੜੇ ਇੱਕ ਪ੍ਰਸਿੱਧ ਹਿੰਦੂ ਮੰਦਿਰ ਦੀ ਯਾਤਰਾ ਦੌਰਾਨ ਸ਼੍ਰੀਮਤੀ ਰਮਨ ਚੋਰੀ-ਛਿਪੇ ਅੰਨਾ ਮਣੀ ਨੂੰ ਮੰਦਰ ਦੇ ਅੰਦਰੂਨੀ ਪਵਿੱਤਰ ਅਸਥਾਨ ਤੱਕ ਲੈ ਗਈ ਜਿੱਥੇ ਗ਼ੈਰ-ਬ੍ਰਾਹਮਣਾਂ ਅਤੇ ਵਿਧਵਾਵਾਂ ਨੂੰ ਜਾਣ ਦੀ ਮਨਾਹੀ ਸੀ। ਪੁਜਾਰੀ ਅੰਨਾ ਦੇ ਮੱਥੇ ਉੱਤੇ ਸਿੰਧੂਰ ਨਾ ਦੇਖ ਕੇ ਹੜਬੜਾ ਗਿਆ। ਮੱਥੇ ਦਾ ਸਿੰਧੂਰ ਹਿੰਦੂ ਔਰਤਾਂ ਵਿੱਚ ਸੁਹਾਗਣ ਹੋਣ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਉਹ ਉਸ ਨੂੰ ਵਿਧਵਾ ਸਮਝ ਕੇ ਉੱਥੋਂ ਬਾਹਰ ਕੱਢਣ ਹੀ ਲੱਗਾ ਸੀ ਕਿ ਸ਼੍ਰੀਮਤੀ ਰਮਨ ਨੇ ਤੁਰੰਤ ਅੰਨਾ ਦੇ ਮੱਥੇ ਉੱਤੇ ਸਿੰਧੂਰ ਲਗਾ ਦਿੱਤਾ ਅਤੇ ਡਾਂਟ ਲਗਾਉਂਦੀ ਹੋਈ ਬੋਲੀ, "ਸਰਸਵਤੀ, ਤੂੰ ਆਪਣੀ ਦਿੱਖ ਪ੍ਰਤੀ ਐਨੀ ਲਾਪਰਵਾਹ ਕਿਉਂ ਹੈਂ?" ਲੇਖਿਕਾ ਆਭਾ ਸੂਰ ('ਦ ਹਿੰਦੂ' ਅਖ਼ਬਾਰ ਵਿੱਚ ਲਿਖਦੀ ਹੈ, "ਅੰਨਾ ਮਣੀ ਨੇ ਮੈਨੂੰ ਦੱਸਿਆ ਕਿ ਉਸ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੋਈ ਕਿ ਸ਼੍ਰੀਮਤੀ ਰਮਨ ਨੇ ਉਸ ਨੂੰ ਧੰਨ ਦੀ ਦੇਵੀ 'ਲੱਛਮੀ' ਦੀ ਬਜਾਇ ਵਿੱਦਿਆ ਦੀ ਦੇਵੀ 'ਸਰਸਵਤੀ' ਕਹਿ ਕੇ ਪੁਕਾਰਿਆ।"

ਸੰਨ 1994 ਵਿੱਚ ਉਸ ਨੂੰ ਸਟ੍ਰੋਕ ਹੋ ਗਿਆ। ਬੱਸ, ਫਿਰ ਕੀ ਸੀ? ਉਸ ਨੇ ਮੰਜਾ ਫੜ ਲਿਆ। ਅੰਤ 16 ਅਗਸਤ, 2001 ਨੂੰ ਤਿਰੂਵਨੰਤਪੁਰਮ (ਤ੍ਰਿਵੇਂਦਰਮ) ਵਿਖੇ ਉਹ ਰੱਬ ਨੂੰ ਪਿਆਰੀ ਹੋ ਗਈ। ਅੰਨਾ ਮਣੀ ਦੀ ਸਫ਼ਲਤਾ ਦੀ ਕਹਾਣੀ ਕੇਵਲ ਔਰਤਾਂ ਲਈ ਹੀ ਨਹੀਂ, ਸਗੋਂ ਸਭ ਲਈ ਪ੍ਰੇਰਨਾਦਾਇਕ ਹੈ। ਦੇਸ਼ ਇਸ ਊਰਜਾਵਾਨ ਕੁਸ਼ਲ ਔਰਤ ਅਤੇ ਉਸ ਦੇ ਮੌਸਮ ਵਿਗਿਆਨ ਉਪਕਰਣਾਂ ਦੇ ਖੇਤਰ ਵਿੱਚ ਬੇਮਿਸਾਲ ਯੋਗਦਾਨ ਨੂੰ ਹਮੇਸ਼ਾ ਯਾਦ ਰੱਖੇਗਾ। ਅਣ-ਵਿਆਹੁਤਾ ਰਹਿ ਕੇ ਉਮਰ ਭਰ ਆਪਣੇ ਦੇਸ਼ ਦਾ ਵਿਗਿਆਨਕ ਪੱਧਰ ਉੱਚਾ ਚੁੱਕਣ ਲਈ ਡਟੀ ਰਹਿਣ ਵਾਲੀ ਇਸ ਮਹਾਨ ਸਖਸ਼ੀਅਤ ਨੂੰ ਸਲਾਮ!



ਅੰਨਾ ਮਣੀ ਸਵਿਟਜ਼ਰਲੈਂਡ ਵਿਖੇ ਟਰਨੈਸ਼ਨਲ ਰੇਡੀਓਸੌਂਡ ਕੰਪੈਰੀਜ਼ਨ ਮੌਕੇ

ਹਵਾਲੇ:

1. Abha Sur, „An Appreciation of Anna Mani, Lilavati's Daughters – The Women Scientists of India, January, 2014 Edition, Pages: 20-23.
2. Abha Sur, „The Life and Times of a Pioneer, The Hindu, October 14, 2001.
3. Arvind Gupta, 'Anna Mani', Bright Sparks – Inspiring Indian Scientists, A Publication of Indian National Science Academy. Pages: 123-126.
4. C.R. Sreedharan, „Anna Mani – A student remembers, Current Science, Vol. 81, No. 8, 25 October, 2001.
5. Sanchari Pal, „Anna Mani is One of India's Greatest Woman Scientists. Yet You Probably Haven't Heard Her Study. http://www.thebetterindia.com, January 21, 2017.
6. Ishita Sengupta, 'Anna Mani was One of India's Greatest Scientists and Her Story Deserves to be Told', http:// www. google. weblight. com, January 23, 2017.

****



ਇੰਡੀਆ ਮੀਟੀਓਰੋਲੋਜੀਕਲ ਡਿਪਾਰਟਮੈਂਟ, ਸ਼ਿਵਾਜੀ ਨਗਰ, ਪੂਨੇ (ਮਹਾਂਰਾਸ਼ਟਰ)



ਅੰਨਾ ਮਣੀ ਆਪਣੇ ਇਕ ਸਹਿਕਰਮੀ ਨਾਲ ਓਜ਼ੋਨਸੌਂਡ ਤੇ ਕੰਮ ਕਰਦੇ ਹੋਏ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

**530-824-5134**

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

**650-642-0697**

**3525 Highway 99, West Corning, CA 96021**

Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

**50% OFF WARRANTY**
**with Qualifying Car Purchase**

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

**63 Muckelemi St**
**San Juan Bautista 95045**

Kashmiri Bhatia (Owner)
**831-623-4702**

**20% OFF LABOUR**
**on your next qualifying service**

Car Care You Can Trust